# ਤਰਬੀਅਤ-ਏ-ਔਲਾਦ

ਮੌਲਾਨਾ ਵਹੀਦੁਦੀਨ ਖਾਨ

# ਤਰਬੀਅਤ-ਏ-ਔਲਾਦ

# ਤਰਬੀਅਤ-ਏ-ਔਲਾਦ

ਲੇਖਕ
ਮੌਲਾਨਾ ਵਹੀਦੁਦੀਨ ਖਾਨ

ਅਨੁਵਾਦਕ
ਮੌਲਾਨਾ ਅਨਵਰ ਅੰਮ੍ਰਿਤਸਰੀ
(ਕਾਸਮੀ, ਨਦਵੀ)

ਗੁਡਵਰਡ ਬੁਕਸ

ਪਹਿਲੀ ਵਾਰੀ ਪ੍ਰਕਾਸ਼ਿਤ: 2026
This book is copyright free

ਇਹ ਕਿਤਾਬ ਕਾਪੀਰਾਈਟ ਅਤੇ ਰਾਇਲਟੀ ਮੁਕਤ ਹੈ। ਇਸਦਾ ਅਨੁਵਾਦ, ਮੁੜ-ਪ੍ਰਕਾਸ਼ਨ, ਸਟੋਰੇਜ ਜਾਂ ਕਿਸੇ ਵੀ ਡਿਜੀਟਲ ਮਾਧਿਅਮ ਉੱਤੇ ਉਪਯੋਗ ਬਿਨਾਂ ਲੇਖਕ ਜਾਂ ਪ੍ਰਕਾਸ਼ਕ ਦੀ ਪੂਰਵ ਅਨੁਮਤੀ ਤੋਂ ਕੀਤਾ ਜਾ ਸਕਦਾ ਹੈ। ਇਸਦੀ ਵਪਾਰਕ ਜਾਂ ਗੈਰ-ਮੁਨਾਫਾਖੋਰ ਉਦੇਸ਼ਾਂ ਲਈ ਵਰਤੋਂ ਕੀਤੀ ਜਾ ਸਕਦੀ ਹੈ। ਪਰ, ਕਿਰਪਾ ਕਰਕੇ ਆਪਣੀ ਪ੍ਰਕਾਸ਼ਿਤ ਰਚਨਾ ਬਾਰੇ ਸਾਨੂੰ ਸੂਚਿਤ ਕਰਨਾ ਅਤੇ ਛਪੇ ਹੋਏ ਪਾਠ ਦਾ ਇੱਕ ਨਮੂਨਾ ਕਾਪੀ ਜਾਂ ਡਿਜੀਟਲ ਰਚਨਾ ਦਾ ਲਿੰਕ ਸਾਨੂੰ ਭੇਜਣਾ ਲਾਜ਼ਮੀ ਹੈ।

Goodword Books
A-21, Sector 4, Noida-201301, Delhi NCR, India
Mob. +91 8588822672
info@goodwordbooks.com
www.goodwordbooks.com

CPS International
Centre for Peace and Spirituality International
1, Nizamuddin West Market, New Delhi-110 013, India
Mob. +91-9999944119
info@cpsglobal.org
www.cpsglobal.org

Center for Peace and Spirituality USA
391 Totten Pond Road
Suite 402, Waltham MA 02451, USA
Mob. +1 617 960 7156
info@cpsusa.net

# ਤਤਕਰਾ


ਬਿਹਤਰ ਘਰ, ਬਿਹਤਰ ਸਮਾਜ ........................................ 9
ਔਲਾਦ ਦੀ ਹੈਸੀਅਤ ........................................10
ਮਾਤਾ-ਪਿਤਾ ਦੀ ਜ਼ਿੰਮੇਵਾਰੀ ........................................11
ਸੰਜੀਦਾ ਹੋਣਾ ਜ਼ਰੂਰੀ ਹੈ........................................13
ਕੁਝ ਛੱਡਣਾ ਪੈਂਦਾ ਹੈ ........................................15
ਇੱਕ ਚੰਗੀ ਮਿਸਾਲ ........................................16
ਬੱਚਿਆਂ ਦੀ ਤਰਬੀਅਤ........................................17
ਘਰ ਦਾ ਮਾਹੌਲ........................................21
ਵਕਫ਼ਾ-ਏ-ਤਾਮੀਰ ........................................ 23
ਤਰਬੀਅਤ ਦਾ ਤਰੀਕਾ ........................................ 24
ਇੱਕ ਮਿਸਾਲ........................................ 25
ਗ਼ੈਰ-ਫ਼ਿਤਰੀ ਮੁਹੱਬਤ ........................................ 27
ਜ਼ਿਆਦਾ ਵੱਡੀ ਗੋਦ ........................................ 28
ਸ਼ਹਿਨਸ਼ਾਹ ਅਕਬਰ ਦੀ ਵਾਲਦਾ (ਮਾਤਾ)........................................ 30
ਘਰ ਦਾ ਮਾਹੌਲ........................................31
ਪਰਿਵਾਰ ਦੀ ਅਹਿਮੀਅਤ........................................33
ਤਰਬੀਅਤ ਗਾਹ (ਸਿਖਲਾਈ ਕੇਂਦਰ) ........................................35
ਨੇਕ ਅਖ਼ਲਾਕ ਦੀ ਵਿਰਾਸਤ........................................ 36
ਪਿਓ ਦਾ ਤੋਹਫ਼ਾ........................................37
ਇੱਕ ਵਿਰਾਸਤ ਇਹ ਵੀ ਹੈ ........................................ 39
ਲੜਕੀਆਂ ਦੀ ਤਰਬੀਅਤ (ਪਾਲਣ-ਪੋਸ਼ਣ)........................................ 42
ਫੈਮਿਲੀ ਕਲਚਰ ਦਾ ਨੁਕਸਾਨ........................................43
ਖ਼ੁਦਾ ਦਾ ਇਤਰਾਫ (ਮੰਨਣਾ) ਨਹੀਂ ........................................44
ਇੱਕ ਆਮ ਕਮਜ਼ੋਰੀ........................................ 46
ਲਿਟਲ ਗੌਡ ........................................47
ਕਾਮਯਾਬੀ ਦਾ ਤਰੀਕਾ........................................ 48
ਕਨਾਅਤ ਅਤੇ ਤਰੱਕੀ ........................................ 49
ਰਿਜ਼ਕ ਦਾ ਮਾਮਲਾ........................................ 50
ਵਾਲਦੈਨ (ਮਾਪਿਆਂ) ਦੀ ਜ਼ਿੰਮੇਵਾਰੀ ........................................51

ਘਰ ਇੱਕ ਸਿਖਲਾਈ ਕੇਂਦਰ ....................................53
ਬੱਚਿਆਂ ਦੀ ਇਸਲਾਹ (ਸੁਧਾਰ) .................................. 55
ਬੱਚਿਆਂ ਦਾ ਵਿਗਾੜ .................................................... 56
ਉਲਟ ਸਿਖਲਾਈ (ਮਾਕੂਸ ਤਰਬੀਅਤ) .......................... 58
ਬੱਚੇ ਸੁਖੀ ਰਹਿਣ ...................................................... 59
ਫ਼ਰਜ਼ੀ ਮੁਹੱਬਤ .......................................................... 60
ਭਲਾਈ ਜਾਂ ਬਦ-ਖ਼ਵਾਹੀ ...............................................61
ਭਵਿੱਖ 'ਤੇ ਨਜ਼ਰ ........................................................ 62
ਛੋਟੀ ਗੱਲ 'ਤੇ ਆਖ਼ਰੀ ਫ਼ੈਸਲਾ ..................................... 64
ਔਲਾਦ ਪ੍ਰਸਤੀ ਦਾ ਫ਼ਿਤਨਾ ........................................... 65
ਖ਼ੁਸ਼-ਫ਼ਹਿਮੀ ਜਾਂ ਹਕੀਕਤ ਪਸੰਦੀ ................................. 67
ਬੱਚਿਆਂ ਦਾ ਦੁੱਖ ਝੱਲ ਰਹੇ ਹਨ .................................... 68
ਅਹਲ-ਓ-ਇਆਲ ਦਾ ਫ਼ਿਤਨਾ ........................................ 69
ਪ੍ਰੀਖਿਆ ਦਾ ਪਰਚਾ .....................................................71
ਹਾਥੀ ਦੀ ਪੂਛ ਵਿੱਚ ਪਤੰਗ ............................................ 72
ਹਰ ਘਰ ਵਿਗਾੜ ਦਾ ਕਾਰਖ਼ਾਨਾ .....................................73
ਬੱਚਿਆਂ ਦਾ ਕਬਰਿਸਤਾਨ ............................................75
ਨਜ਼ਰ ਦੀ ਖ਼ਰੀਦਦਾਰੀ ................................................. 76
ਲਾਡ-ਪਿਆਰ (ਪੈਂਪਰਿੰਗ) ਦਾ ਨੁਕਸਾਨ ...............................77
ਤਰਬੀਅਤ-ਏ-ਔਲਾਦ ................................................... 79
ਅਖ਼ਲਾਕੀ ਜ਼ਹਿਰ ...........................................................81
ਇੱਕ ਮਿਸਾਲ ............................................................. 83
ਔਲਾਦ ਤੋਂ ਸਿੱਖਿਆ ..................................................... 84
ਮਹਿਰੂਮੀ ਇੱਕ ਨਿਆਮਤ ............................................. 87
ਡਿਫ਼ਰੈਂਟਲੀ ਏਬਲਡ ਪਰਸਨ .......................................... 88
ਹੱਕ ਪੈਦਾ ਕਰੋ ........................................................... 89
ਕੌਮ ਦੀ ਭਾਲ ............................................................. 93
ਤਾਲੀਮ ਅਤੇ ਤਰਬੀਅਤ ............................................... 94
ਪਹਿਲਾ ਸਕੂਲ ............................................................ 96
ਇਸ ਨੂੰ ਸਕੂਲ ਤੋਂ ਕੱਢ ਦਿੱਤਾ ਗਿਆ ਸੀ ............................ 97

ਰਸੂਲ ਅੱਲ੍ਹਾ (ﷺ) ਨੇ ਫ਼ਰਮਾਇਆ:

ਬਾਪ ਵੱਲੋਂ ਆਪਣੇ ਬੱਚੇ ਲਈ
ਇਸ ਤੋਂ ਬਿਹਤਰ ਕੋਈ ਤੋਹਫ਼ਾ ਨਹੀਂ ਕਿ
ਉਹ ਉਸ ਨੂੰ ਚੰਗੇ ਅਦਬ ਸਿਖਾਏ।

ਸੁਨਨ ਅਲ-ਤਿਰਮਿਜ਼ੀ, ਹਦੀਸ ਨੰਬਰ 1952

# ਬਿਹਤਰ ਘਰ, ਬਿਹਤਰ ਸਮਾਜ

ਹਜ਼ਰਤ ਆਇਸ਼ਾ ਦੀ ਇੱਕ ਰਵਾਇਤ ਦੇ ਮੁਤਾਬਕ, ਰਸੂਲ ਅੱਲ੍ਹਾ (ﷺ) ਨੇ ਫ਼ਰਮਾਇਆ: ਖ਼ੈਰੁਕੁਮ ਖ਼ੈਰੁਕੁਮ ਲਿਅਹਲਿਹੀ ਵਾ ਅਨਾ ਖ਼ੈਰੁਕੁਮ ਲਿਅਹਲੀ (ਸੁਨਨ ਅਲ-ਤਿਰਮਿਜ਼ੀ, ਹਦੀਸ ਨੰਬਰ 3895)- ਯਾਨੀ, ਤੁਹਾਡੇ ਵਿੱਚੋਂ ਸਭ ਤੋਂ ਚੰਗਾ ਉਹ ਹੈ ਜੋ ਆਪਣੇ ਘਰ ਵਾਲਿਆਂ ਲਈ ਸਭ ਤੋਂ ਚੰਗਾ ਹੋਵੇ ਅਤੇ ਮੈਂ ਆਪਣੇ ਘਰ ਵਾਲਿਆਂ ਲਈ ਤੁਹਾਡੇ ਵਿੱਚੋਂ ਸਭ ਤੋਂ ਚੰਗਾ ਹਾਂ। ਖ਼ਾਨਦਾਨ ਕਿਸੇ ਸਮਾਜ ਦੀ ਇੱਕ ਇਕਾਈ (Uint) ਹੈ। ਖ਼ਾਨਦਾਨਾਂ ਦੇ ਸਮੂਹ ਦਾ ਹੀ ਦੂਜਾ ਨਾਮ ਸਮਾਜ ਹੈ। ਜੇਕਰ ਖ਼ਾਨਦਾਨ ਬਿਹਤਰ ਹੋਵੇਗਾ ਤਾਂ ਸਮਾਜ ਵੀ ਬਿਹਤਰ ਹੋਵੇਗਾ ਅਤੇ ਜੇਕਰ ਖ਼ਾਨਦਾਨ ਬਿਹਤਰ ਨਾ ਹੋਵੇ ਤਾਂ ਸਮਾਜ ਵੀ ਬਿਹਤਰ ਨਹੀਂ ਹੋ ਸਕਦਾ। ਹਰ ਸ਼ਖ਼ਸ ਕਿਸੇ ਖ਼ਾਨਦਾਨ ਵਿੱਚ ਪੈਦਾ ਹੁੰਦਾ ਹੈ। ਜਿਵੇਂ ਕਿ ਘਰ, ਖ਼ਾਨਦਾਨ ਜਾਂ ਸਮਾਜ ਦੀ ਪਹਿਲੀ ਤਰਬੀਅਤ ਗਾਹ ਹੈ। ਇਸ ਲਈ ਜੇਕਰ ਕਿਸੇ ਸਮਾਜ ਨੂੰ ਬਿਹਤਰ ਬਣਾਉਣਾ ਹੈ ਤਾਂ ਖ਼ਾਨਦਾਨ ਨੂੰ ਬਿਹਤਰ ਬਣਾਉਣਾ ਹੋਵੇਗਾ।

ਤਾਲੀਮ ਦੀਆਂ ਦੋ ਕਿਸਮਾਂ ਹਨ— ਰਸਮੀ ਤਾਲੀਮ (formal education) ਅਤੇ ਗ਼ੈਰ-ਰਸਮੀ ਤਾਲੀਮ (informal education)। ਰਸਮੀ ਤਾਲੀਮ ਦਾ ਅਦਾਰਾ ਆਦਮੀ ਨੂੰ ਨੌਕਰੀ (job) ਲਈ ਤਿਆਰ ਕਰਦਾ ਹੈ ਅਤੇ ਗ਼ੈਰ-ਰਸਮੀ ਤਾਲੀਮ ਦਾ ਅਦਾਰਾ ਸਮਾਜ ਲਈ ਬਿਹਤਰ ਇਨਸਾਨ ਬਣਾਉਣ ਦਾ ਜ਼ਰੀਆ ਹੈ। ਸਕੂਲ ਅਤੇ ਕਾਲਜ ਰਸਮੀ ਤਾਲੀਮ ਦੇ ਅਦਾਰੇ ਹਨ ਅਤੇ ਖ਼ਾਨਦਾਨ ਗ਼ੈਰ-ਰਸਮੀ ਤਾਲੀਮ ਦੇ ਅਦਾਰੇ। ਸਮਾਜ ਦੇ ਅੰਦਰ ਵਿਸ਼ਾਲ ਦਾਇਰੇ ਵਿੱਚ ਸਕਾਰਾਤਮਕ ਅਤੇ ਨਕਾਰਾਤਮਕ ਕਿਸਮ ਦੇ ਜੋ ਤਜ਼ਰਬੇ ਹੁੰਦੇ ਹਨ, ਉਹ ਤਮਾਮ ਤਜ਼ਰਬੇ ਘਰ ਦੇ ਅੰਦਰ ਸੀਮਤ ਦਾਇਰੇ ਵਿੱਚ ਹੁੰਦੇ ਹਨ। ਘਰ ਦੇ ਅੰਦਰ ਕਿਸੇ ਔਰਤ ਜਾਂ ਮਰਦ ਨੂੰ ਇਹ ਸਿੱਖਣਾ ਹੈ ਕਿ ਜਦ ਘਰ ਦੇ ਕਿਸੇ ਜੀਅ ਤੋਂ ਉਸ ਨੂੰ ਕੋਈ ਤਕਲੀਫ਼ ਪਹੁੰਚੇ ਤਾਂ ਉਹ ਉਸ ਨੂੰ ਭੁਲਾ ਦੇਵੇ। ਇਸੇ ਤਰ੍ਹਾਂ ਜਦ ਘਰ ਦੇ ਕਿਸੇ ਜੀਅ ਤੋਂ ਉਸ ਨੂੰ ਕੋਈ ਫ਼ਾਇਦਾ ਪਹੁੰਚੇ ਤਾਂ ਉਹ ਦਿਲ ਤੋਂ ਉਸ ਦਾ ਇਤਰਾਫ਼ ਕਰੇ।

ਜੋ ਲੋਕ ਆਪਣੇ ਘਰ ਦੇ ਅੰਦਰ ਇਸ ਤਰ੍ਹਾਂ ਦੀ ਤਰਬੀਅਤ ਹਾਸਲ ਕਰਨਗੇ, ਉਹ ਜਦ ਘਰ ਤੋਂ ਨਿਕਲ ਕੇ ਸਮਾਜ ਵਿੱਚ ਦਾਖ਼ਲ ਹੋਣਗੇ ਤਾਂ ਉੱਥੇ ਵੀ ਉਹ ਦੂਜਿਆਂ ਦੇ ਨਾਲ ਇਸੇ ਤਰ੍ਹਾਂ ਦਾ ਵਰਤਾਓ ਕਰਨਗੇ। ਉਹ ਨਾ-ਖ਼ੁਸ਼ਗਵਾਰ ਗੱਲਾਂ ਨੂੰ ਭੁਲਾ ਦੇਣਗੇ ਅਤੇ ਖ਼ੁਸ਼ਗਵਾਰ ਗੱਲਾਂ 'ਤੇ ਦੂਜਿਆਂ ਦੇ ਸਲੂਕ ਦਾ ਇਤਰਾਫ਼ ਕਰਨਗੇ। ਇਹੀ ਉਹ ਲੋਕ ਹਨ ਜੋ ਇਖ਼ਲਾਕੀ ਇਤਬਾਰ ਨਾਲ ਬਿਹਤਰੀਨ ਲੋਕ ਹਨ। ਅਜਿਹੇ ਹੀ ਵਿਅਕਤੀ ਕਿਸੇ ਸਮਾਜ ਨੂੰ ਬਿਹਤਰ ਸਮਾਜ ਬਣਾਉਂਦੇ ਹਨ।

# ਔਲਾਦ ਦੀ ਹੈਸੀਅਤ

ਇੱਕ ਸਾਹਿਬ ਦਾ ਟੈਲੀਫ਼ੋਨ ਆਇਆ। ਉਹਨਾਂ ਨੇ ਕਿਹਾ ਕਿ ਕੁਰਆਨ ਵਿੱਚ ਔਲਾਦ ਨੂੰ ਫ਼ਿਤਨਾ ਕਿਹਾ ਗਿਆ ਹੈ (8:28; 64:15)- ਇਸ ਦਾ ਮਤਲਬ ਕੀ ਹੈ? ਉਹਨਾਂ ਨੇ ਕਿਹਾ ਕਿ ਮੁਸਲਮਾਨ ਆਮ ਤੌਰ 'ਤੇ ਔਲਾਦ ਨੂੰ ਖ਼ੁਦਾ ਦਾ ਇਨਾਮ ਸਮਝਦੇ ਹਨ, ਕੋਈ ਵੀ ਆਪਣੀ ਔਲਾਦ ਨੂੰ ਫ਼ਿਤਨਾ ਨਹੀਂ ਦੱਸਦਾ, ਫਿਰ ਕੁਰਆਨ ਦੀਆਂ ਉਹਨਾਂ ਆਇਤਾਂ ਦਾ ਕੀ ਮਤਲਬ ਹੈ ਜਿਨ੍ਹਾਂ ਵਿੱਚ ਔਲਾਦ ਨੂੰ ਫ਼ਿਤਨਾ ਕਿਹਾ ਗਿਆ ਹੈ।

ਮੈਂ ਕਿਹਾ ਕਿ ਔਲਾਦ ਆਪਣੇ ਆਪ ਵਿੱਚ ਫ਼ਿਤਨਾ ਨਹੀਂ ਹੈ। ਜ਼ਹਿਰ ਆਪਣੇ ਆਪ ਵਿੱਚ ਜ਼ਹਿਰ ਹੁੰਦਾ ਹੈ, ਪਰ ਔਲਾਦ ਦਾ ਮਾਮਲਾ ਇਹ ਨਹੀਂ ਹੈ ਕਿ ਉਹ ਅਸਲ ਵਿੱਚ ਫ਼ਿਤਨਾ ਦੇ ਤੌਰ 'ਤੇ ਪੈਦਾ ਹੁੰਦੀ ਹੋਵੇ। ਹਕੀਕਤ ਇਹ ਹੈ ਕਿ ਇਹ ਫ਼ਿਤਨਾ ਬਣਾਉਣ ਦਾ ਮਾਮਲਾ ਹੈ, ਨਾ ਕਿ ਖੁਦ ਫ਼ਿਤਨਾ ਹੋਣ ਦਾ ਮਾਮਲਾ। ਵਾਲਦੈਨ (ਮਾਤਾ-ਪਿਤਾ) ਦਾ ਆਪਣਾ ਗ਼ਲਤ ਮਿਜ਼ਾਜ ਔਲਾਦ ਨੂੰ ਫ਼ਿਤਨਾ ਬਣਾ ਦਿੰਦਾ ਹੈ। ਵਾਲਦੈਨ ਦੇ ਅੰਦਰ ਜੇਕਰ ਨੇਕ ਮਿਜ਼ਾਜ ਹੋਵੇ ਤਾਂ ਉਹਨਾਂ ਦੀ ਔਲਾਦ ਉਹਨਾਂ ਲਈ ਫ਼ਿਤਨਾ ਨਹੀਂ ਬਣੇਗੀ। ਫ਼ਿਤਨਾ ਦੇ ਲਫ਼ਜ਼ੀ ਅਰਥ ਅਜ਼ਮਾਇਸ਼ (test) ਦੇ ਹਨ। ਇਹ ਦੁਨੀਆ ਇੱਕ ਇਮਤਿਹਾਨ ਘਰ ਹੈ। ਇੱਥੇ ਇਨਸਾਨ ਨੂੰ ਜੋ ਚੀਜ਼ਾਂ ਵੀ ਦਿੱਤੀਆਂ ਗਈਆਂ ਹਨ, ਉਹ ਸਭ ਦੀਆਂ ਸਭ ਇਮਤਿਹਾਨ

ਦੇ ਪਰਚੇ ਹਨ। ਮਾਲ, ਔਲਾਦ ਅਤੇ ਦੂਸਰੀਆਂ ਤਮਾਮ ਚੀਜ਼ਾਂ ਵੀ ਇਮਤਿਹਾਨ ਦੇ ਪਰਚੇ ਹਨ। ਇਨਸਾਨ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਤਮਾਮ ਚੀਜ਼ਾਂ ਨੂੰ ਇਸੇ ਅਸਲ ਹੈਸੀਅਤ ਤੋਂ ਦੇਖੇ, ਉਹ ਹਮੇਸ਼ਾ ਇਹ ਕੋਸ਼ਿਸ਼ ਕਰੇ ਕਿ ਉਹ ਇਸ ਪਰਚਾ-ਏ-ਇਮਤਿਹਾਨ ਵਿੱਚ ਪੂਰਾ ਉਤਰੇ।

ਇਸ ਮਾਮਲੇ ਦਾ ਨਿਚੋੜ ਇਹ ਹੈ ਕਿ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਖ਼ਾਲਿਕ ਨੂੰ ਆਪਣਾ ਸਭ ਤੋਂ ਵੱਡਾ ਸਰੋਕਾਰ (concern) ਬਣਾਏ। ਦੂਸਰੀਆਂ ਦੁਨਿਆਵੀ ਚੀਜ਼ਾਂ ਵਿੱਚੋਂ ਕੋਈ ਵੀ ਚੀਜ਼, ਚਾਹੇ ਉਹ ਮਾਲ ਹੋਵੇ ਜਾਂ ਔਲਾਦ ਹੋਵੇ ਜਾਂ ਤਾਕਤ, ਉਹ ਉਸ ਦਾ ਮੁੱਖ ਸਰੋਕਾਰ (sole concern) ਨਾ ਬਣਨ ਦਵੇ। ਜੋ ਲੋਕ ਇਸ ਇਮਤਿਹਾਨ ਵਿੱਚ ਪੂਰੇ ਨਹੀਂ ਉਤਰਦੇ, ਉਹ ਅੱਲ੍ਹਾ ਦੇ ਇਲਾਵਾ ਦੂਸਰੀਆਂ ਚੀਜ਼ਾਂ ਨੂੰ ਆਪਣਾ ਸਰੋਕਾਰ ਬਣਾ ਲੈਂਦੇ ਹਨ, ਉਹ ਆਖਿਰਤ (ਅਗੰਮੀ ਦੁਨੀਆ) ਵਿੱਚ ਇੱਕ ਮਹਿਰੂਮ ਇਨਸਾਨ ਦੀ ਹੈਸੀਅਤ ਨਾਲ ਉੱਠਣਗੇ, ਜਦੋਂ ਕਿ ਉਹਨਾਂ ਦੇ ਤਮਾਮ ਸਹਾਰੇ ਉਹਨਾਂ ਤੋਂ ਟੁੱਟ ਚੁੱਕੇ ਹੋਣਗੇ। ਉਸ ਵਕਤ ਉਹ ਹਸਰਤ ਦੇ ਨਾਲ ਕਹਿਣਗੇ: 'ਮਾ ਅਗਨਾ ਅੰਨੀ ਮਾਲੀਯਾਹ। ਹਲਾਕਾ ਅੰਨੀ ਸੁਲਤਾਨੀਯਹ'। (ਮੇਰਾ ਮਾਲ ਮੇਰੇ ਕਿਸੇ ਕੰਮ ਨਾ ਆਇਆ। ਮੇਰੀ ਤਾਕਤ ਮੇਰੇ ਹੱਥੋਂ ਜਾਂਦੀ ਰਹੀ)। ਹਕੀਕਤ ਇਹ ਹੈ ਕਿ ਔਲਾਦ ਜ਼ਿੰਮੇਵਾਰੀ (responsibility) ਦਾ ਇੱਕ ਮਾਮਲਾ ਹੈ, ਨਾ ਕਿ ਫ਼ਖ਼ਰ (pride) ਅਤੇ ਦਿਖਾਵੇ ਦਾ ਕੋਈ ਮਾਮਲਾ।

# ਮਾਤਾ-ਪਿਤਾ ਦੀ ਜ਼ਿੰਮੇਵਾਰੀ

ਔਲਾਦ ਦੀ ਤਰਬੀਅਤ ਦੇ ਬਾਰੇ ਵਿੱਚ ਅਨਸ ਬਿਨ ਮਾਲਿਕ ਦੇ ਹਵਾਲੇ ਨਾਲ ਇੱਕ ਹਦੀਸ-ਏ-ਰਸੂਲ ਇਹਨਾਂ ਸ਼ਬਦਾਂ ਵਿੱਚ ਆਈ ਹੈ: 'ਅਕਰਿਮੂ ਅਉਲਾਦਕੁਮ ਵਾ ਅਹਸਿਨੂ ਅਦਬਹੁਮ' (ਸੁਨਨ ਇਬਨ ਮਾਜਾ, ਹਦੀਸ ਨੰਬਰ 3671)— ਯਾਨੀ, ਆਪਣੀ ਔਲਾਦ ਦੇ ਨਾਲ ਬਿਹਤਰ ਸਲੂਕ ਕਰੋ ਅਤੇ ਉਹਨਾਂ ਨੂੰ ਚੰਗਾ ਅਦਬ ਸਿਖਾਓ।

ਇਸ ਹਦੀਸ ਵਿੱਚ ਅਦਬ-ਏ-ਹਸਨ ਦਾ ਮਤਲਬ ਜ਼ਿੰਦਗੀ ਦਾ ਬਿਹਤਰ ਤਰੀਕਾ ਹੈ। ਯਾਨੀ ਇਹ ਸਿਖਾਉਣਾ ਕਿ ਬੇਟਾ ਜਾਂ ਬੇਟੀ ਵੱਡੇ ਹੋਣ ਦੇ ਬਾਅਦ ਦੁਨੀਆ ਵਿੱਚ ਕਿਸ ਤਰ੍ਹਾਂ ਰਹਿਣ ਕਿ ਉਹ ਕਾਮਯਾਬ ਹੋਣ, ਉਹ ਆਪਣੇ ਘਰ ਅਤੇ ਆਪਣੇ ਸਮਾਜ ਦਾ ਬੋਝ (liabiltiy) ਨਾ ਬਣਨ, ਬਲਕਿ ਉਹ ਆਪਣੇ ਘਰ ਅਤੇ ਆਪਣੇ ਸਮਾਜ ਦਾ ਸਰਮਾਇਆ (asset) ਬਣ ਜਾਣ।

ਵਾਲਦੈਨ ਆਪਣੇ ਬੱਚਿਆਂ ਨੂੰ ਜੇਕਰ ਲਾਡ-ਪਿਆਰ (pampering) ਕਰਨ ਤਾਂ ਉਹਨਾਂ ਨੇ ਬੱਚਿਆਂ ਨੂੰ ਸਭ ਤੋਂ ਬੁਰਾ ਤੋਹਫ਼ਾ ਦਿੱਤਾ ਅਤੇ ਜੇਕਰ ਵਾਲਦੈਨ ਆਪਣੇ ਬੱਚਿਆਂ ਨੂੰ ਜ਼ਿੰਦਗੀ ਗੁਜ਼ਾਰਨ ਦਾ ਕਾਮਯਾਬ ਤਰੀਕਾ ਦੱਸਣ, ਅਤੇ ਇਸ ਦੇ ਲਈ ਉਹਨਾਂ ਨੂੰ ਤਿਆਰ ਕਰਨ ਤਾਂ ਉਹਨਾਂ ਨੇ ਆਪਣੇ ਬੱਚਿਆਂ ਨੂੰ ਬਿਹਤਰੀਨ ਤੋਹਫ਼ਾ ਦਿੱਤਾ। ਮਿਸਾਲ ਦੇ ਤੌਰ ’ਤੇ ਬੱਚਿਆਂ ਵਿੱਚ ਇਹ ਮਿਜ਼ਾਜ ਬਣਾਉਣਾ ਕਿ ਉਹ ਦੂਸਰਿਆਂ ਦੀ ਸ਼ਿਕਾਇਤ ਕਰਨ ਤੋਂ ਬਚਣ। ਉਹ ਹਰ ਮਾਮਲੇ ਵਿੱਚ ਆਪਣੀ ਗ਼ਲਤੀ ਤਲਾਸ਼ ਕਰਨ, ਉਹ ਆਪਣੀ ਗ਼ਲਤੀ ਤਲਾਸ਼ ਕਰਕੇ ਉਸ ਨੂੰ ਦਰੁਸਤ ਕਰਨ, ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਬਿਹਤਰ ਇਨਸਾਨ ਬਣਾਉਣ। ਉਹ ਦੁਨੀਆ ਵਿੱਚ ਨਿਮਰਤਾ (modesty) ਦੇ ਮਿਜ਼ਾਜ ਦੇ ਨਾਲ ਰਹਿਣ, ਨਾ ਕਿ ਫ਼ਖ਼ਰ ਅਤੇ ਉੱਤਮਤਾ ਦੇ ਮਿਜ਼ਾਜ ਦੇ ਨਾਲ। ਜ਼ਿੰਦਗੀ ਵਿੱਚ ਉਹਨਾਂ ਦਾ ਅਸੂਲ-ਏ-ਹਯਾਤ ਇਹ ਹੋਵੇ ਕਿ ਉਹ ਹਮੇਸ਼ਾ ਆਪਣੇ ਆਪ ਨੂੰ ਜ਼ਿੰਮੇਵਾਰ ਠਹਿਰਾਉਣ, ਨਾ ਕਿ ਦੂਸਰਿਆਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕਰਨ। ਉਹ ਆਪਣੇ ਵਕਤ ਅਤੇ ਆਪਣੀ ਊਰਜਾ ਨੂੰ ਸਿਰਫ਼ ਲਾਹੇਵੰਦ ਕੰਮਾਂ ਵਿੱਚ ਲਗਾਉਣ।

ਵਾਲਦੈਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਹ ਦੱਸਣ ਕਿ ਜੇਕਰ ਤੁਸੀਂ ਗ਼ਲਤੀ ਕਰੋਗੇ ਤਾਂ ਉਸ ਦੀ ਕੀਮਤ ਤੁਹਾਨੂੰ ਖ਼ੁਦ ਅਦਾ ਕਰਨੀ ਹੋਵੇਗੀ। ਕੋਈ ਦੂਸਰਾ ਸ਼ਖ਼ਸ ਨਹੀਂ ਜੋ ਤੁਹਾਡੀ ਗ਼ਲਤੀ ਦੀ ਕੀਮਤ ਅਦਾ ਕਰੇ। ਕਦੇ ਵੀ ਦੂਸਰਿਆਂ ਦੀ ਸ਼ਿਕਾਇਤ ਨਾ ਕਰੋ। ਦੂਸਰਿਆਂ ਦੀ ਸ਼ਿਕਾਇਤ ਕਰਨਾ ਆਪਣੇ ਵਕਤ ਨੂੰ ਬਰਬਾਦ ਕਰਨਾ ਹੈ। ਹਮੇਸ਼ਾ ਸਕਾਰਾਤਮਕ ਅੰਦਾਜ਼ ਨਾਲ ਸੋਚੋ, ਨਕਾਰਾਤਮਕ ਸੋਚ ਤੋਂ ਮੁਕੰਮਲ ਤੌਰ ’ਤੇ ਆਪਣੇ ਆਪ ਨੂੰ ਬਚਾਓ। ਬੁਰੀਆਂ ਆਦਤਾਂ ਤੋਂ ਇਸ ਤਰ੍ਹਾਂ ਡਰੋ, ਜਿਸ ਤਰ੍ਹਾਂ ਕੋਈ ਸ਼ਖ਼ਸ ਸੱਪ-ਬਿੱਛੂ ਤੋਂ ਡਰਦਾ

ਹੈ। ਵਾਲਦੈਨ ਨੂੰ ਚਾਹੀਦਾ ਹੈ ਕਿ ਉਹ ਆਪਣੀ ਔਲਾਦ ਨੂੰ ਡਿਊਟੀ ਦਾ ਨਿਸ਼ਾਨਾ ਬਣਾਉਣ, ਨਾ ਕਿ ਰਾਈਟ (right) ਦਾ ਨਿਸ਼ਾਨਾ।

# ਸੰਜੀਦਾ ਹੋਣਾ ਜ਼ਰੂਰੀ ਹੈ

ਇੱਕ ਸਾਹਿਬ ਆਪਣੇ ਬੱਚਿਆਂ ਲਈ ਬਹੁਤ ਸਖ਼ਤ ਸਨ। ਹਮੇਸ਼ਾ ਡਾਂਟ ਕੇ ਗੱਲ ਕਰਦੇ ਸਨ। ਕਦੇ ਕਿਸੇ ਨੇ ਉਹਨਾਂ ਨੂੰ ਆਪਣੇ ਬੱਚਿਆਂ ਨਾਲ ਨਰਮੀ ਨਾਲ ਗੱਲ ਕਰਦੇ ਨਹੀਂ ਦੇਖਿਆ। ਲੜਕੇ ਉਹਨਾਂ ਤੋਂ ਇਸ ਕਦਰ ਡਰਦੇ ਸਨ ਕਿ ਉਹਨਾਂ ਦੇ ਸਾਹਮਣੇ ਕੋਈ ਬੋਲਣ ਦੀ ਹਿੰਮਤ ਨਹੀਂ ਕਰਦਾ ਸੀ। ਜਦ ਉਹ ਘਰ ਵਿੱਚ ਦਾਖ਼ਲ ਹੁੰਦੇ ਤਾਂ ਤਮਾਮ ਬੱਚੇ ਖ਼ਾਮੋਸ਼ ਹੋ ਕੇ ਇੱਧਰ-ਉੱਧਰ ਦੁਬਕ ਜਾਂਦੇ।

ਇੱਕ ਦਿਨ ਦਾ ਵਾਕਿਆ ਹੈ ਕਿ ਉਹ ਘਰ ਵਿੱਚ ਦਾਖ਼ਲ ਹੋਏ। ਪੌੜੀ ਚੜ੍ਹ ਕੇ ਜਦ ਉਹ ਆਪਣੇ ਮਕਾਨ ਦੀ ਛੱਤ ’ਤੇ ਪਹੁੰਚੇ ਤਾਂ ਉਹਨਾਂ ਨੇ ਦੇਖਿਆ ਕਿ ਉਹਨਾਂ ਦਾ ਇੱਕ ਬੱਚਾ ਬਿਜਲੀ ਦੇ ਪੋਲ (ਖੰਭੇ) ਨਾਲ ਲਿਪਟਿਆ ਹੋਇਆ ਹੈ। ਬਿਜਲੀ ਦੀਆਂ ਤਾਰਾਂ ਵਿੱਚ ਇੱਕ ਪਤੰਗ ਫਸ ਗਈ ਸੀ। ਪਤੰਗ ਨੂੰ ਹਾਸਲ ਕਰਨ ਦੇ ਸ਼ੌਕ ਵਿੱਚ ਲੜਕਾ ਬਾਰਜੇ (ਛੱਜੇ) ਦਾ ਸਹਾਰਾ ਲੈ ਕੇ ਪੋਲ ’ਤੇ ਚੜ੍ਹ ਗਿਆ। ਅਜੇ ਉਸ ਦਾ ਕੰਮ ਪੂਰਾ ਨਹੀਂ ਹੋਇਆ ਸੀ ਕਿ ਉਸ ਦੇ ਪਿਤਾ ਆ ਗਏ। ਨਿਗਾਹਾਂ ਮਿਲਦੇ ਹੀ ਬੱਚਾ ਸਹਿਮ ਗਿਆ, ਮਗਰ ਇਸਦੇ ਉਲਟ ਪਿਤਾ ਨੇ ਕੋਈ ਸਖ਼ਤ ਗੱਲ ਨਹੀਂ ਕਹੀ ਬਲਕਿ ਨਰਮ ਲਹਿਜੇ ਵਿੱਚ ਬੋਲੇ “ਬੇਟੇ ਤੁਸੀਂ ਉੱਥੇ ਕਿਵੇਂ”, ਇਸ ਤੋਂ ਬਾਅਦ ਉਹਨਾਂ ਨੇ ਮੁਹੱਬਤ ਦੇ ਅੰਦਾਜ਼ ਵਿੱਚ ਲੜਕੇ ਨੂੰ ਪ੍ਰੇਰਿਆ ਕਿ ਉਹ ਹੌਲੀ-ਹੌਲੀ ਉਤਰੇ ਅਤੇ ਬਾਰਜੇ ਦਾ ਸਹਾਰਾ ਲੈ ਕੇ ਦੁਬਾਰਾ ਘਰ ਵਿੱਚ ਆ ਜਾਵੇ।

ਬਾਅਦ ਵਿੱਚ ਇੱਕ ਸ਼ਖ਼ਸ ਨੂੰ ਉਹਨਾਂ ਨੇ ਇਹ ਵਾਕਿਆ ਬਿਆਨ ਕਰਦੇ ਹੋਏ ਕਿਹਾ: ਮੈਂ ਮੁਸਕਰਾ ਕੇ ਅਤੇ ਨਰਮ ਲਹਿਜੇ ਵਿੱਚ ਇਸ ਲਈ ਗੱਲ ਕੀਤੀ ਕਿ ਮੈਨੂੰ ਖ਼ਦਸ਼ਾ ਹੋਇਆ ਕਿ ਜੇਕਰ ਮੈਂ ਇਸ ਨਾਜ਼ੁਕ ਮੌਕੇ ’ਤੇ ਡਾਂਟਦਾ ਹਾਂ ਤਾਂ ਉਹ ਘਬਰਾ ਜਾਵੇਗਾ ਅਤੇ ਪੋਲ ਤੋਂ ਛੁੱਟ ਕੇ ਹੇਠਾਂ ਸੜਕ ’ਤੇ ਜਾ ਡਿੱਗੇਗਾ। ਇਸ

ਨਜ਼ਾਕਤ ਨੇ ਮੈਨੂੰ ਮਜਬੂਰ ਕੀਤਾ ਕਿ ਮੈਂ ਆਪਣੀ ਆਦਤ ਦੇ ਉਲਟ ਬੱਚੇ ਨਾਲ ਮਿੱਠੇ ਅੰਦਾਜ਼ ਵਿੱਚ ਗੱਲ ਕਰਾਂ।

ਜੇਕਰ ਆਦਮੀ ਨੂੰ ਸੂਰਤ-ਏ-ਹਾਲ ਦੀ ਨਜ਼ਾਕਤ ਦਾ ਅਹਿਸਾਸ ਹੋਵੇ ਅਤੇ ਉਹ ਇਸ ਦੇ ਲਈ ਦਰਦਮੰਦ ਹੋਵੇ ਤਾਂ ਉਸ ਦੀ ਦਰਦਮੰਦੀ ਖ਼ੁਦ ਹੀ ਮਜਬੂਰ ਕਰੇਗੀ ਕਿ ਉਹ ਗੁੱਸੇ ਦੇ ਬਜਾਏ ਬਰਦਾਸ਼ਤ ਦਾ ਤਰੀਕਾ ਅਖ਼ਤਿਆਰ ਕਰੇ।

ਉਹ ਟਕਰਾਅ ਦੇ ਬਜਾਏ ਬਚ ਕੇ ਨਿਕਲਣ ਦੀ ਤਦਬੀਰ ਕਰੇ। "ਕੌਣ ਸਹੀ ਅਤੇ ਕੌਣ ਗ਼ਲਤ" ਦੀ ਬਹਿਸ ਵਿੱਚ ਪੈਣ ਦੀ ਬਜਾਏ ਉਹ ਮਸਲੇ ਦੇ ਹੱਲ ਦੇ ਪਹਿਲੂ 'ਤੇ ਧਿਆਨ ਦੇਵੇ ਅਤੇ ਜੇਕਰ ਉਸ ਨੂੰ ਨਜ਼ਾਕਤ ਦਾ ਅਹਿਸਾਸ ਨਾ ਹੁੰਦਾ ਤਾਂ ਉਹ ਆਪਣੀ ਆਮ ਆਦਤ ਦੇ ਮੁਤਾਬਕ "ਬੱਚੇ" ਨੂੰ ਪੋਲ 'ਤੇ ਦੇਖ ਕੇ ਵਿਗੜ ਉੱਠਦਾ, ਭਾਵੇਂ ਇਸ ਦਾ ਨਤੀਜਾ ਇਹੀ ਕਿਉਂ ਨਾ ਹੁੰਦਾ ਕਿ ਲੜਕਾ 30 ਫੁੱਟ ਦੀ ਉਚਾਈ ਤੋਂ ਸੜਕ 'ਤੇ ਜਾ ਡਿੱਗਦਾ ਅਤੇ ਉਸ ਦੀ ਹੱਡੀ-ਪਸਲੀ ਚੂਰ ਹੋ ਜਾਂਦੀ।

ਸਾਰੀ ਤਾਰੀਖ਼ (ਇਤਿਹਾਸ) ਦਾ ਇਹ ਤਜ਼ਰਬਾ ਹੈ ਕਿ ਜਦ ਆਦਮੀ ਕਿਸੇ ਮਾਮਲੇ ਵਿੱਚ ਸੰਜੀਦਾ ਹੁੰਦਾ ਹੈ ਤਾਂ ਉਸ ਦਾ ਅੰਦਾਜ਼ ਹੋਰ ਹੁੰਦਾ ਹੈ ਅਤੇ ਜਦ ਉਹ ਸੰਜੀਦਾ ਨਾ ਹੋਵੇ ਤਾਂ ਉਸ ਦਾ ਅੰਦਾਜ਼ ਬਿਲਕੁਲ ਵੱਖਰਾ ਹੁੰਦਾ ਹੈ। ਕੋਈ ਦਲੀਲ ਉਸ ਸ਼ਖ਼ਸ ਦੇ ਲਈ ਦਲੀਲ ਹੈ ਜੋ ਸੰਜੀਦਾ ਹੋਵੇ। ਸੰਜੀਦਾ ਆਦਮੀ ਹੀ ਕਿਸੇ ਗੱਲ ਦੇ ਵਜ਼ਨ ਨੂੰ ਮਹਿਸੂਸ ਕਰਦਾ ਹੈ। ਸੰਜੀਦਾ ਆਦਮੀ ਹੀ ਕਿਸੇ ਮਸਲੇ ਦੀਆਂ ਨਜ਼ਾਕਤਾਂ ਨੂੰ ਅਹਿਮੀਅਤ ਦਿੰਦਾ ਹੈ। ਇਸ ਦੇ ਉਲਟ, ਜੋ ਸ਼ਖ਼ਸ ਸੰਜੀਦਾ ਨਾ ਹੋਵੇ ਉਹ ਹਰ ਦਲੀਲ ਦੀ ਕਾਟ ਦੇ ਲਈ ਕੁਝ ਨਾ ਕੁਝ ਅਲਫ਼ਾਜ਼ ਬੋਲ ਦੇਵੇਗਾ। ਹਰ ਕੀਮਤੀ ਗੱਲ ਨੂੰ ਸੁਣ ਕੇ ਇੱਕ ਗ਼ੈਰ-ਸਬੰਧਤ ਬਹਿਸ ਛੇੜ ਦੇਵੇਗਾ। ਅਤੇ ਜੇਕਰ ਉਸ ਦੀ ਗੱਲ ਦਾ ਜਵਾਬ ਦੇ ਕੇ ਗੱਲ ਨੂੰ ਦੁਬਾਰਾ ਸਪਸ਼ਟ ਕੀਤਾ ਜਾਵੇ ਤਾਂ ਉਹ ਸਪਸ਼ਟੀਕਰਨ ਦੇ ਖ਼ਿਲਾਫ਼ ਦੁਬਾਰਾ ਕੋਈ ਬਹਿਸ ਕੱਢ ਲਵੇਗਾ ਅਤੇ ਅਸਲ ਗੱਲ ਲਗਾਤਾਰ ਉਸ ਦੀ ਪਕੜ ਤੋਂ ਦੂਰ ਹੁੰਦੀ ਜਾਵੇਗੀ। ਇਹ ਇੱਕ ਹਕੀਕਤ ਹੈ ਕਿ ਕੋਈ ਦਲੀਲ ਉਸੇ ਦੇ ਲਈ ਦਲੀਲ ਹੈ ਜੋ ਉਸ ਨੂੰ ਸਮਝਣਾ ਚਾਹੇ। ਜੋ ਸਮਝਣਾ ਨਾ ਚਾਹੇ ਉਸ ਦੇ ਲਈ ਕੋਈ ਦਲੀਲ, ਦਲੀਲ ਨਹੀਂ।

# ਕੁਝ ਛੱਡਣਾ ਪੈਂਦਾ ਹੈ

ਦਿੱਲੀ ਵਿੱਚ ਮੈਂ ਅਜਮੇਰੀ ਗੇਟ ਦੀ ਸੜਕ ਤੋਂ ਗੁਜ਼ਰ ਰਿਹਾ ਸੀ। ਇੱਕ ਰੇੜ੍ਹੀ ਵਾਲੀ ਔਰਤ ਦੀ ਆਵਾਜ਼ ਮੇਰੇ ਕੰਨ ਵਿੱਚ ਆਈ: "ਇੱਕ ਹਜ਼ਾਰ ਦੀ ਸਾੜ੍ਹੀ ਪਾਵਾਂਗੀ ਤਾਂ ਬੱਚੇ ਨਹੀਂ ਪਾਲ ਸਕਦੀ ਹਾਂ।" ਉਸ ਦੇ ਨਾਲ ਬੈਠਣ ਵਾਲੀ ਦੂਜੀ ਔਰਤ ਨੇ ਉਸ ਦੀ ਮਾਮੂਲੀ ਸਾੜ੍ਹੀ 'ਤੇ ਇਤਰਾਜ਼ ਕੀਤਾ ਸੀ। ਇਸ ਦੇ ਜਵਾਬ ਵਿੱਚ ਔਰਤ ਨੇ ਕਿਹਾ ਕਿ ਖ਼ਰੀਦਣ ਦੇ ਲਈ ਮੈਂ ਵੀ ਚੰਗੀ ਸਾੜ੍ਹੀ ਖ਼ਰੀਦ ਸਕਦੀ ਹਾਂ। ਮਗਰ ਇਸ ਦੀ ਕੀਮਤ ਮੈਨੂੰ ਇਹ ਦੇਣੀ ਪਵੇਗੀ ਕਿ ਆਪਣੇ ਬੱਚਿਆਂ ਦੀ ਪਰਵਰਿਸ਼ ਅਤੇ ਤਾਲੀਮ ਵਿੱਚ ਖ਼ਰਚ ਕਰਨ ਦੇ ਲਈ ਇਸ ਤੋਂ ਬਾਅਦ ਮੇਰੇ ਕੋਲ ਕੁਝ ਨਹੀਂ ਰਹੇਗਾ।

ਇਹ ਜ਼ਿੰਦਗੀ ਦੀ ਸਾਦੀ ਜਿਹੀ ਹਕੀਕਤ ਹੈ। ਹਰ ਆਦਮੀ ਜਾਣਦਾ ਹੈ ਕਿ ਜ਼ਿਆਦਾ ਅਹਿਮ ਚੀਜ਼ਾਂ ਵਿੱਚ ਆਪਣਾ ਭਰਪੂਰ ਹਿੱਸਾ ਅਦਾ ਕਰਨ ਦੇ ਲਈ ਉਸ ਨੂੰ ਘੱਟ ਅਹਿਮ ਚੀਜ਼ਾਂ ਵਿੱਚ 'ਸਬਰ' ਦਾ ਅਸੂਲ ਅਖ਼ਤਿਆਰ ਕਰਨਾ ਪੈਂਦਾ ਹੈ। ਕੁਝ ਚੀਜ਼ਾਂ ਵਿੱਚ ਉਸ ਨੂੰ 'ਘੱਟ' 'ਤੇ ਰਾਜ਼ੀ ਹੋਣਾ ਪੈਂਦਾ ਹੈ ਤਾਂ ਕਿ ਕੁਝ ਦੂਸਰੀਆਂ ਚੀਜ਼ਾਂ ਵਿੱਚ ਉਹ 'ਜ਼ਿਆਦਾ' ਦਾ ਮਾਲਕ ਬਣ ਸਕੇ।

ਇਸ ਅਸੂਲ ਦਾ ਸਬੰਧ ਹਰ ਇੱਕ ਨਾਲ ਹੈ, ਚਾਹੇ ਉਹ ਗ਼ਰੀਬ ਹੋਵੇ ਜਾਂ ਅਮੀਰ। ਗ਼ਰੀਬ ਨੂੰ ਇਸ ਅਸੂਲ 'ਤੇ ਚੱਲਣ ਦੇ ਲਈ ਜੇਕਰ ਆਪਣੀਆਂ ਜ਼ਰੂਰਤਾਂ ਵਿੱਚ ਕਮੀ ਕਰਨੀ ਪੈਂਦੀ ਹੈ ਤਾਂ ਅਮੀਰ ਤੋਂ ਇਸ ਦਾ ਇਹ ਤਕਾਜ਼ਾ ਹੁੰਦਾ ਹੈ ਕਿ ਉਹ ਆਪਣੀ ਐਸ਼ ਅਤੇ ਮਨੋਰੰਜਨ ਦੀਆਂ ਚੀਜ਼ਾਂ ਵਿੱਚ ਕਮੀ ਕਰ ਦੇਵੇ। ਅਹਿਮ ਦੀ ਖ਼ਾਤਰ ਗ਼ੈਰ-ਅਹਿਮ ਦੀ ਕੁਰਬਾਨੀ ਹਰ ਇੱਕ ਨੂੰ ਦੇਣੀ ਹੈ। ਇਸ ਵਿੱਚ ਇੱਕ ਸ਼ਖ਼ਸ ਜਾਂ ਦੂਸਰੇ ਸ਼ਖ਼ਸ ਦੇ ਦਰਮਿਆਨ ਕੋਈ ਫ਼ਰਕ ਨਹੀਂ।

ਮਗਰ ਇਸ ਅਸੂਲ ਨੂੰ ਲੋਕ ਸਿਰਫ਼ ਆਪਣੇ ਘਰ ਅਤੇ ਆਪਣੇ ਬੱਚਿਆਂ ਦੇ ਸੰਬੰਧ ਵਿੱਚ ਜਾਣਦੇ ਹਨ। ਖ਼ੁਦਾ ਦੇ ਦੀਨ ਦੇ ਬਾਰੇ ਵਿੱਚ ਉਹ ਇਸ ਅਹਿਮ ਅਸੂਲ ਨੂੰ ਬਿਲਕੁਲ ਭੁੱਲੇ ਹੋਏ ਹਨ। ਇਸ ਮਾਮਲੇ ਵਿੱਚ ਹਰ ਆਦਮੀ ਦਾ ਉਹੀ ਹਾਲ ਹੋ ਰਿਹਾ ਹੈ ਜੋ ਬਾਈਬਲ ਵਿੱਚ ਲਿਖੇ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ

ਹੈ— ਖ਼ੁਦਾ ਦਾ ਘਰ ਵੀਰਾਨ ਹੈ, ਕਿਉਂਕਿ ਤੁਹਾਡੇ ਵਿੱਚੋਂ ਹਰ ਇੱਕ ਆਪਣੇ ਘਰ ਨੂੰ ਦੌੜਿਆ ਚਲਾ ਜਾਂਦਾ ਹੈ। (ਹੱਜਈ, 1:10)

ਲੋਕ ਆਪਣੇ ਘਰ ਦੇ ਕੰਮਾਂ ਨੂੰ ਘੱਟ ਅਹਿਮ ਅਤੇ ਜ਼ਿਆਦਾ ਅਹਿਮ ਦੀ ਨਜ਼ਰ ਨਾਲ ਦੇਖਦੇ ਹਨ। ਜੋ ਘੱਟ ਅਹਿਮ ਹੈ ਉਸ ਨੂੰ ਛੱਡ ਕੇ ਜੋ ਜ਼ਿਆਦਾ ਅਹਿਮ ਹੈ ਉਸ ਨੂੰ ਅਖ਼ਤਿਆਰ ਕਰ ਲੈਂਦੇ ਹਨ। ਮਗਰ ਦੀਨ ਅਤੇ ਕੌਮ ਦੇ ਮਾਮਲੇ ਵਿੱਚ ਉਹਨਾਂ ਦੇ ਇੱਥੇ ਅਹਿਮ ਅਤੇ ਗ਼ੈਰ-ਅਹਿਮ ਦੀ ਕੋਈ ਵੰਡ ਨਹੀਂ। ਇੱਥੇ ਉਹ ਬਸ ਆਪਣੇ ਸ਼ੌਕ ’ਤੇ ਚੱਲਣਾ ਚਾਹੁੰਦੇ ਹਨ, ਚਾਹੇ ਇਸ ਦਾ ਮਤਲਬ ਇਹ ਕਿਉਂ ਨਾ ਹੋਵੇ ਕਿ ਆਦਮੀ ਅਹਿਮ ਨੂੰ ਛੱਡ ਕੇ ਗ਼ੈਰ-ਅਹਿਮ ਦਾਇਰੇ ਵਿੱਚ ਦੌੜਨਾ ਸ਼ੁਰੂ ਕਰ ਦੇਵੇ।

# ਇੱਕ ਚੰਗੀ ਮਿਸਾਲ

ਇੱਕ ਵਾਰ ਦਿੱਲੀ ਦੇ ਇੱਕ ਕਾਲਜ ਦੇ ਉਸਤਾਦ ਨੇ ਦੱਸਿਆ ਕਿ ਦਿੱਲੀ ਵਿੱਚ ਵਿਦਿਆਰਥੀਆਂ ਦਾ ਇੱਕ ਭਾਸ਼ਣ ਮੁਕਾਬਲਾ ਹੋਇਆ। ਇਸ ਵਿੱਚ ਅਲੱਗ-ਅਲੱਗ ਕਾਲਜਾਂ ਦੇ ਚੁਣੇ ਹੋਏ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੇ ਸ਼ਿਰਕਤ ਕੀਤੀ। ਹਰ ਵਿਦਿਆਰਥੀ ਨੂੰ ਅੰਗਰੇਜ਼ੀ ਜ਼ਬਾਨ ਵਿੱਚ ਭਾਸ਼ਣ ਦੇਣਾ ਸੀ। ਇਹਨਾਂ ਭਾਸ਼ਣਾਂ ਵਿੱਚ ਜੱਜ ਨੂੰ ਜੋ ਬੁਨਿਆਦੀ ਚੀਜ਼ ਦੇਖਣੀ ਸੀ, ਉਹ ਤਰੀਕਾ-ਏ-ਅਦਾ ਜਾਂ ਤਕਰੀਰ ਦਾ ਅੰਦਾਜ਼ (delivery) ਸੀ। ਡਾਕਟਰ ਮਰਚੈਂਟ ਦੀ ਲੜਕੀ ਦਾ ਤਕਰੀਰ ਕਰਨ ਦਾ ਅੰਦਾਜ਼ ਸਭ ਤੋਂ ਵੱਧ ਕਾਮਯਾਬ ਰਿਹਾ, ਇਸੇ ਲਈ ਉਸਨੂੰ ਪਹਿਲਾ ਇਨਾਮ ਦਿੱਤਾ ਗਿਆ।

ਇਸ ਕਾਮਯਾਬੀ ਦਾ ਭੇਤ ਕੀ ਸੀ, ਇਸਦਾ ਜਵਾਬ ਮੈਨੂੰ 26 ਅਗਸਤ 2009 ਨੂੰ ਮਿਲਿਆ। ਸਾਈਂ ਇੰਟਰਨੈਸ਼ਨਲ ਸੈਂਟਰ (ਨਵੀਂ ਦਿੱਲੀ) ਵਿੱਚ ਇੱਕ ਪ੍ਰੋਗਰਾਮ ਦੌਰਾਨ ਮੇਰੀ ਮੁਲਾਕਾਤ ਡਾਕਟਰ ਆਰ.ਕੇ. ਮਰਚੈਂਟ ਨਾਲ ਹੋਈ। ਉਹ ਬਹੁਤ ਪੜ੍ਹੇ-ਲਿਖੇ ਹਨ ਅਤੇ ਦਿੱਲੀ ਵਿੱਚ ਰਹਿੰਦੇ ਹਨ। ਉਨ੍ਹਾਂ ਨਾਲ ਮੁਲਾਕਾਤ ਵੇਲੇ ਰਿਟਾਇਰਡ ਜਨਰਲ ਛਿੱਬਰ ਅਤੇ ਹੋਰ ਕਈ ਲੋਕ ਮੌਜੂਦ ਸਨ। ਡਾਕਟਰ

ਮਰਚੈਂਟ ਨੇ ਕਿਹਾ ਕਿ ਮੇਰੇ ਘਰ ਵਿੱਚ ਟੀ.ਵੀ. ਨਹੀਂ ਹੈ, ਮੈਂ ਰੇਡੀਓ ਰਾਹੀਂ ਖ਼ਬਰਾਂ ਸੁਣਦਾ ਹਾਂ। ਉਨ੍ਹਾਂ ਦੀ ਇਸ ਗੱਲ ਨੇ ਮੈਨੂੰ ਇਸ ਸਵਾਲ ਦਾ ਜਵਾਬ ਦੇ ਦਿੱਤਾ ਕਿ ਉਨ੍ਹਾਂ ਦੇ ਬੱਚੇ ਪੜ੍ਹਾਈ ਵਿੱਚ ਇੰਨੇ ਜ਼ਿਆਦਾ ਕਾਮਯਾਬ ਕਿਉਂ ਹਨ। ਇਸ ਤੋਂ ਪਹਿਲਾਂ ਮੈਂ ਇੱਕ ਵਾਰ ਡਾਕਟਰ ਮਰਚੈਂਟ ਦੇ ਘਰ ਗਿਆ ਸੀ। ਉੱਥੇ ਮੈਂ ਦੇਖਿਆ ਸੀ ਕਿ ਉਨ੍ਹਾਂ ਦਾ ਘਰ ਬਹੁਤ ਸਾਧਾਰਨ ਹੈ। ਉਨ੍ਹਾਂ ਦੀਆਂ ਦੋ ਬੇਟੀਆਂ ਹਨ। ਦੋਵੇਂ ਚੁੱਪ-ਚਾਪ ਲਿਖਣ-ਪੜ੍ਹਨ ਵਿੱਚ ਰੁੱਝੀਆਂ ਰਹਿੰਦੀਆਂ ਹਨ। ਡਾਕਟਰ ਮਰਚੈਂਟ ਕੋਲ ਆਪਣੀ ਕਾਰ ਹੈ, ਪਰ ਉਨ੍ਹਾਂ ਦੀਆਂ ਬੇਟੀਆਂ ਹਮੇਸ਼ਾ ਬੱਸ ਰਾਹੀਂ ਸਕੂਲ ਜਾਂਦੀਆਂ ਹਨ। ਉਨ੍ਹਾਂ ਦੇ ਘਰ ਵਿੱਚ 'ਟੀ.ਵੀ. ਕਲਚਰ' ਦਾ ਕੋਈ ਨਾਮੋ-ਨਿਸ਼ਾਨ ਮੈਨੂੰ ਨਜ਼ਰ ਨਹੀਂ ਆਇਆ—ਇਹੀ ਸਾਦੀ ਅਤੇ ਅਸੂਲਾਂ ਵਾਲੀ ਜ਼ਿੰਦਗੀ ਡਾਕਟਰ ਮਰਚੈਂਟ ਦੇ ਬੱਚਿਆਂ ਦੀ ਕਾਮਯਾਬੀ ਦਾ ਅਸਲ ਕਾਰਨ ਹੈ।

ਅੱਜ-ਕੱਲ੍ਹ ਹਰ ਪਿਓ ਆਪਣੀ ਔਲਾਦ ਦੀ ਸ਼ਿਕਾਇਤ ਕਰਦਾ ਹੈ, ਪਰ ਹਕੀਕਤ ਇਹ ਹੈ ਕਿ ਹਰ ਪਿਓ ਨੂੰ ਖ਼ੁਦ ਆਪਣੀ ਸ਼ਿਕਾਇਤ ਕਰਨੀ ਚਾਹੀਦੀ ਹੈ। ਆਮ ਤੌਰ 'ਤੇ ਮਾਪੇ ਇਹ ਕਰਦੇ ਹਨ ਕਿ ਉਹ ਆਪਣੇ ਘਰ ਦੇ ਮਾਹੌਲ ਨੂੰ ਸਾਦਾ ਨਹੀਂ ਬਣਾਉਂਦੇ। ਉਨ੍ਹਾਂ ਦੀ ਸਭ ਤੋਂ ਵੱਡੀ ਇੱਛਾ ਇਹ ਰਹਿੰਦੀ ਹੈ ਕਿ ਉਹ ਆਪਣੇ ਬੱਚਿਆਂ ਦੇ ਹਰ ਸ਼ੌਕ ਨੂੰ ਪੂਰਾ ਕਰ ਸਕਣ। ਉਹ ਆਪਣੇ ਬੱਚਿਆਂ ਨੂੰ 'ਟੀ.ਵੀ. ਕਲਚਰ' ਦਾ ਆਦੀ ਬਣਾ ਦਿੰਦੇ ਹਨ। ਇਹੀ ਉਹ ਚੀਜ਼ ਹੈ ਜੋ ਘਰਾਂ ਦੇ ਵਿਗਾੜ ਦਾ ਅਸਲ ਕਾਰਨ ਹੈ। ਇਸ ਵਿਗਾੜ ਦੀ ਸਾਰੀ ਜ਼ਿੰਮੇਵਾਰੀ ਮਾਪਿਆਂ 'ਤੇ ਹੈ, ਨਾ ਕਿ ਔਲਾਦ 'ਤੇ।

## ਬੱਚਿਆਂ ਦੀ ਤਰਬੀਅਤ

ਇੱਕ ਪੱਛਮੀ ਮੁਲਕ ਵਿੱਚ ਰਹਿਣ ਵਾਲੇ ਇੱਕ ਮੁਸਲਿਮ ਖ਼ਾਨਦਾਨ ਨੇ ਇਸ ਇੱਛਾ ਦਾ ਪ੍ਰਗਟਾਵਾ ਕੀਤਾ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਕੁਝ ਦਿਨਾਂ ਲਈ ਸਾਡੇ ਕੋਲ ਆ ਕੇ ਰਹਿਣ ਅਤੇ ਸਾਡੇ ਤੋਂ ਇਸਲਾਮੀ ਤਰਬੀਅਤ ਹਾਸਲ ਕਰਨ। ਮੈਂ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ। ਮੇਰੇ ਨਜ਼ਦੀਕ ਇਹ ਤਰਬੀਅਤ ਦਾ

ਇੱਕ ਬਣਾਵਟੀ ਤਰੀਕਾ ਹੈ। ਇਸ ਦੁਨੀਆ ਵਿੱਚ ਕੋਈ ਵੀ ਨਤੀਜਾ ਦੇਣ ਵਾਲਾ ਕੰਮ ਸਿਰਫ਼ ਕੁਦਰਤੀ ਤਰੀਕੇ ਮੁਤਾਬਕ ਹੀ ਸਿਰੇ ਚੜ੍ਹ ਸਕਦਾ ਹੈ, ਗ਼ੈਰ-ਕੁਦਰਤੀ ਤਰੀਕਾ ਕਿਸੇ ਵੀ ਕੰਮ ਲਈ ਬਿਲਕੁਲ ਫ਼ਾਇਦੇਮੰਦ ਨਹੀਂ ਹੈ।

ਇਸ ਸਬੰਧ ਵਿੱਚ ਮੈਨੂੰ ਇੱਕ ਘਟਨਾ ਯਾਦ ਆਉਂਦੀ ਹੈ। ਅਪ੍ਰੈਲ 1981 ਵਿੱਚ ਮੈਂ ਇੱਕ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਮੂਲੀਅਤ ਕਰਨ ਲਈ ਬਾਰਬਾਡੋਸ (Barbados) ਗਿਆ ਸੀ। ਇਸ ਸਬੰਧ ਵਿੱਚ ਉੱਥੋਂ ਦੇ ਰਹਿਣ ਵਾਲੇ ਮੁਸਲਮਾਨਾਂ ਨੇ ਇੱਕ ਮਸਜਿਦ ਵਿੱਚ ਮੇਰਾ ਪ੍ਰੋਗਰਾਮ ਰੱਖਿਆ। ਇੱਕ ਸਾਹਿਬ ਆਪਣੇ ਇੱਕ ਬੱਚੇ ਨੂੰ ਆਪਣੇ ਨਾਲ ਲੈ ਕੇ ਉੱਥੇ ਆਏ। ਇਹ ਬੱਚਾ ਜੋ ਤਕਰੀਬਨ 12 ਸਾਲ ਦਾ ਸੀ, ਉਹ ਅਸਲ ਵਿੱਚ ਇਕੱਠ ਵਾਲੀ ਥਾਂ ਤੋਂ ਬਾਹਰ ਇੱਕ ਜਗ੍ਹਾ ’ਤੇ ਇਸ ਤਰ੍ਹਾਂ ਬੈਠਾ ਸੀ ਕਿ ਉਸਦੀ ਪਿੱਠ ਮੇਰੇ ਵੱਲ ਸੀ ਅਤੇ ਉਸਦਾ ਚਿਹਰਾ ਦੂਜੀ ਤਰਫ਼। ਇੱਕ ਸ਼ਖਸ ਨੇ ਉਸਨੂੰ ਕਿਹਾ ਕਿ ਤੂੰ ਇਸ ਤਰ੍ਹਾਂ ਕਿਉਂ ਬੈਠਾ ਹੈ, ਅੰਦਰ ਚੱਲ ਕੇ ਲੋਕਾਂ ਨਾਲ ਬੈਠੋ। ਲੜਕੇ ਨੇ ਬਹੁਤ ਹੀ ਲਾਪਰਵਾਹੀ ਨਾਲ ਜਵਾਬ ਦਿੱਤਾ—ਮੀ ਨਾਟ (“me not”) ਯਾਨੀ ਮੈਨੂੰ ਇਸ ਨਾਲ ਕੋਈ ਮਤਲਬ ਨਹੀਂ ਹੈ। ਇਹ ਘਟਨਾ ਮੌਜੂਦਾ ਸਮੇਂ ਦੇ ਤਮਾਮ ਮੁਸਲਿਮ ਪਰਿਵਾਰਾਂ ਲਈ ਇੱਕ ਮਿਸਾਲੀ ਘਟਨਾ ਦੀ ਹੈਸੀਅਤ ਰੱਖਦੀ ਹੈ। ਅੱਜ-ਕੱਲ੍ਹ ਦੇ ਲੋਕਾਂ ਦਾ ਹਾਲ ਇਹ ਹੈ ਕਿ ਉਹ ਮਿਹਨਤ ਕਰਕੇ ਕਮਾਉਂਦੇ ਹਨ ਅਤੇ ਫਿਰ ਮੁਹੱਬਤ ਦੇ ਨਾਮ ’ਤੇ ਆਪਣੀ ਕਮਾਈ ਦਾ ਵੱਡਾ ਹਿੱਸਾ ਬੱਚਿਆਂ ’ਤੇ ਖ਼ਰਚ ਕਰਦੇ ਹਨ। ਮਗਰ ਆਪਣੀ ਹਕੀਕਤ ਦੇ ਹਿਸਾਬ ਨਾਲ ਇਹ ਮੁਹੱਬਤ ਨਹੀਂ ਹੈ, ਸਗੋਂ ਉਹ ਲਾਡ-ਪਿਆਰ (pampering) ਹੈ, ਅਤੇ ਇਹ ਇੱਕ ਸੱਚਾਈ ਹੈ ਕਿ ਬੱਚਿਆਂ ਨੂੰ ਵਿਗਾੜਨ ਦਾ ਸਭ ਤੋਂ ਵੱਡਾ ਕਾਰਨ ਇਹੀ ਲਾਡ-ਪਿਆਰ ਹੈ।

ਕਿਸੇ ਬੱਚੇ ਦਾ ਸ਼ੁਰੂਆਤੀ ਤਕਰੀਬਨ 10 ਸਾਲ ਦਾ ਸਮਾਂ ਉਹ ਹੁੰਦਾ ਹੈ ਜਿਸਨੂੰ ਮਨੋਵਿਗਿਆਨ ਦੀ ਭਾਸ਼ਾ ਵਿੱਚ, ਨਿਰਮਾਣ ਕਾਲ (formative period) ਕਿਹਾ ਜਾਂਦਾ ਹੈ।

ਇਹ ਨਿਰਮਾਣ ਕਾਲ ਬੇਹੱਦ ਅਹਿਮ ਹੈ, ਕਿਉਂਕਿ ਇਸ ਕਾਲ ਵਿੱਚ ਕਿਸੇ ਅੰਦਰ ਜੋ ਸ਼ਖ਼ਸੀਅਤ ਬਣਦੀ ਹੈ, ਉਹ ਬੇਹੱਦ ਅਹਿਮ ਹੈ। ਇਹੀ ਸ਼ਖ਼ਸੀਅਤ ਬਾਅਦ ਦੀ ਪੂਰੀ ਉਮਰ ਵਿੱਚ ਬਾਕੀ ਰਹਿੰਦੀ ਹੈ। ਇਸ ਹਕੀਕਤ ਨੂੰ ਇੱਕ ਅਰਬੀ ਕਹਾਵਤ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ: ਮਨ ਸ਼ੱਬ ਅਲਾ

ਸ਼ੈਅ ਸ਼ਾਬ ਅਲੈਹ (ਆਦਮੀ ਜਿਸ ਚੀਜ਼ 'ਤੇ ਜਵਾਨ ਹੁੰਦਾ ਹੈ, ਉਸੇ 'ਤੇ ਉਹ ਬੁੱਢਾ ਹੁੰਦਾ ਹੈ)।

ਲੋਕਾਂ ਦਾ ਹਾਲ ਇਹ ਹੈ ਕਿ ਉਹ ਨਿਰਮਾਣ ਕਾਲ (formative period) ਵਿੱਚ ਨਾਮ-ਨਿਹਾਦ ਮੁਹੱਬਤ ਦੇ ਜ਼ਰੀਏ ਬੱਚਿਆਂ ਨੂੰ ਵਿਗਾੜ ਦਿੰਦੇ ਹਨ। ਦੂਸਰੇ ਲਫ਼ਜ਼ਾਂ ਵਿੱਚ ਇਹ ਕਿ" ਅੱਜ-ਕੱਲ੍ਹ ਦੇ ਤਮਾਮ ਮਾਪੇ ਆਪਣੇ ਬੱਚਿਆਂ ਨੂੰ "ਮੀ ਨਾਟ ਬੱਚੇ" (me not children) ਬਣਾ ਦਿੰਦੇ ਹਨ। ਇਸ ਤੋਂ ਬਾਅਦ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਕਿਸੇ ਚਮਤਕਾਰੀ ਤਰਬੀਅਤੀ ਤਰੀਕੇ (charismatic method of training) ਦੇ ਜ਼ਰੀਏ ਸੁਧਾਰ ਵਾਲੇ ਬਣ ਜਾਣ।

ਮੇਰੇ ਤਜ਼ਰਬੇ ਦੇ ਮੁਤਾਬਕ, ਅਸਲ ਮਸਲਾ ਇਹ ਹੈ ਕਿ ਮੌਜੂਦਾ ਜ਼ਮਾਨੇ ਦੇ ਮਾਪੇ ਆਪਣੇ ਬੱਚਿਆਂ ਦੀ ਤਰਬੀਅਤ ਦੇ ਮਾਮਲੇ ਵਿੱਚ ਗੰਭੀਰ ਨਹੀਂ ਹਨ। ਇਸ ਮਾਮਲੇ ਵਿੱਚ ਜੇਕਰ ਕੋਈ ਪਿਓ ਜ਼ਿਆਦਾ ਤੋਂ ਜ਼ਿਆਦਾ ਸੋਚ ਪਾਉਂਦਾ ਹੈ ਤਾਂ ਉਹ ਸਿਰਫ਼ ਇਹ ਕਿ ਉਹ ਆਪਣੇ ਬੇਟੇ ਨੂੰ ਗੋਲ ਟੋਪੀ ਅਤੇ ਆਪਣੀ ਬੇਟੀ ਨੂੰ ਸਕਾਰਫ਼ ਪਹਿਨਾ ਦੇਵੇ, ਅਤੇ ਫਿਰ ਖੁਸ਼ ਹੋਵੇ ਕਿ ਉਸਨੇ ਆਪਣੀ ਔਲਾਦ ਨੂੰ ਇਸਲਾਮੀ ਤਰਬੀਅਤ ਨਾਲ ਸਜਾ ਦਿੱਤਾ ਹੈ। ਤਰਬੀਅਤ-ਏ-ਔਲਾਦ ਦਾ ਤਰੀਕਾ ਕੀ ਹੋ ਸਕਦਾ ਹੈ, ਇਸਨੂੰ ਇੱਕ ਘਟਨਾ ਨਾਲ ਸਮਝਿਆ ਜਾ ਸਕਦਾ ਹੈ। ਸਤੰਬਰ 1993 ਵਿੱਚ ਇੰਗਲੈਂਡ ਦੇ ਸਫ਼ਰ ਦੌਰਾਨ ਮੈਂ ਬਰਮਿੰਘਮ ਵਿੱਚ ਸ਼ਮਸ਼ਾਦ ਸਾਹਿਬ ਦੇ ਘਰ ਠਹਿਰਿਆ ਹੋਇਆ ਸੀ। ਇੱਕ ਵਾਰ ਮੈਂ ਆਪਣੇ ਕਮਰੇ ਵਿੱਚ ਸੀ ਤਾਂ ਦੂਸਰੇ ਕਮਰੇ ਵਿੱਚੋਂ ਆਵਾਜ਼ ਆਈ—ਮਿਸਿਜ਼ ਸ਼ਮਸ਼ਾਦ ਆਪਣੇ ਸਾਹਿਬਜ਼ਾਦੇ ਨੂੰ ਕਹਿ ਰਹੀ ਸੀ:

> "ਝੂਠ ਬੋਲਣ ਨਾਲ ਕੀ ਮਿਲਿਆ, ਗੁਨਾਹ ਮਿਲਿਆ, ਲਿਖਿਆ ਗਿਆ ਉੱਪਰ।"

ਬਰਮਿੰਘਮ ਦੀ ਇੱਕ ਤਕਰੀਰ ਤੋਂ ਬਾਅਦ ਇੱਕ ਸਾਹਿਬ ਨੇ ਸਵਾਲ ਕੀਤਾ ਕਿ ਪੱਛਮੀ ਮੁਲਕਾਂ ਵਿੱਚ ਸਾਡੇ ਬੱਚੇ ਇੱਥੋਂ ਦੇ ਕਲਚਰ ਤੋਂ ਬਹੁਤ ਤੇਜ਼ੀ ਨਾਲ ਪ੍ਰਭਾਵਿਤ ਹੋ ਰਹੇ ਹਨ। ਇਸ ਤੋਂ ਬਚਾਅ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ। ਮੈਂ ਉਪਰੋਕਤ ਘਟਨਾ ਦੱਸਦੇ ਹੋਏ ਕਿਹਾ ਕਿ ਇਹੀ ਮਾਹੌਲ ਹਰ ਘਰ ਵਿੱਚ ਪੈਦਾ ਕਰਨ ਦੀ ਜ਼ਰੂਰਤ ਹੈ। ਜੇਕਰ ਤੁਸੀਂ ਬੱਚੇ ਦੇ ਦਿਲ ਵਿੱਚ ਬਚਪਨ ਤੋਂ ਇਹ ਪਾ

ਦਿਓ ਕਿ ਤੁਹਾਡਾ ਹਰ ਬੋਲ ਅਤੇ ਕੰਮ ਖੁਦਾ ਕੋਲ ਲਿਖਿਆ ਜਾ ਰਿਹਾ ਹੈ ਤਾਂ ਉਹ ਸਾਰੀ ਜ਼ਿੰਦਗੀ ਦੇ ਲਈ ਉਸਦਾ ਚੈੱਕ ਬਣ ਜਾਵੇਗਾ।

ਜੇਕਰ ਕੋਈ ਸ਼ਖ਼ਸ ਆਪਣੇ ਬੱਚਿਆਂ ਦੀ ਤਰਬੀਅਤ ਦੇ ਮਾਮਲੇ ਵਿੱਚ ਗੰਭੀਰ ਹੋਵੇ ਤਾਂ ਉਸਦੇ ਲਈ ਮੈਂ ਕੁਝ ਅਮਲੀ ਮਸ਼ਵਰੇ ਇੱਥੇ ਦਰਜ ਕਰਾਂਗਾ:

੧. ਮੁਹੱਬਤ ਦੇ ਨਾਮ ’ਤੇ ਲਾਡ-ਪਿਆਰ (pampering) ਨੂੰ ਉਹ ਇਸ ਤਰ੍ਹਾਂ ਛੱਡ ਦੇਣ ਜਿਵੇਂ ਉਹ ਕਿਸੇ ਹਰਾਮ ਚੀਜ਼ ਨੂੰ ਛੱਡਦੇ ਹਨ। ਮੁਹੱਬਤ ਦੇ ਨਾਮ ’ਤੇ ਜੋ ਲਾਡ-ਪਿਆਰ ਕੀਤਾ ਜਾਂਦਾ ਹੈ, ਉਸਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਉਹ ਬੱਚੇ ਨੂੰ ਜ਼ਿੰਦਗੀ ਦੀਆਂ ਹਕੀਕਤਾਂ (realities) ਤੋਂ ਬਿਲਕੁਲ ਬੇਖ਼ਬਰ ਕਰ ਦਿੰਦਾ ਹੈ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਬੱਚੇ ਦੇ ਅੰਦਰ ਹਕੀਕਤ ਪਸੰਦਾਨਾ ਤਰਜ਼-ਏ-ਫ਼ਿਕਰ (realistic approach) ਦਾ ਵਿਕਾਸ ਨਹੀਂ ਹੁੰਦਾ। ਵਧੇਰੇ ਇਹ ਕਿ ਇਸਦੇ ਨਤੀਜੇ ਵਿੱਚ ਬੱਚੇ ਦੇ ਅੰਦਰ ਇੱਕ ਸਵੈ-ਕੇਂਦਰਿਤ ਸ਼ਖ਼ਸੀਅਤ (self-centered personality) ਬਣ ਜਾਂਦੀ ਹੈ, ਜੋ ਕਿਸੇ ਆਦਮੀ ਦੇ ਲਈ ਕਾਮਯਾਬ ਜ਼ਿੰਦਗੀ ਦੀ ਉਸਾਰੀ ਵਿੱਚ ਬਿਨਾਂ ਸ਼ੱਕ ਸਭ ਤੋਂ ਵੱਡੀ ਰੁਕਾਵਟ ਹੈ।

੨. ਇਸ ਸਬੰਧ ਵਿੱਚ ਇਹ ਗੱਲ ਬਹੁਤ ਜ਼ਿਆਦਾ ਧਿਆਨ ਦੇਣ ਯੋਗ ਹੈ ਕਿ ਬੱਚੇ ਦੀ ਉਮਰ ਦਾ ਸ਼ੁਰੂਆਤੀ ਨਿਰਮਾਣ ਦੌਰ ਮਾਂ-ਬਾਪ ਦੇ ਨਾਲ ਗੁਜ਼ਰਦਾ ਹੈ। ਇਸ ਦੌਰ ਵਿੱਚ ਬੱਚੇ ਦੇ ਅੰਦਰ ਜੋ ਸ਼ਖ਼ਸੀਅਤ ਬਣਦੀ ਹੈ, ਉਹ ਹਮੇਸ਼ਾ ਉਸਦੇ ਅੰਦਰ ਬਰਕਰਾਰ ਰਹਿੰਦੀ ਹੈ। ਮਾਪਿਆਂ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਇਸ ਸ਼ੁਰੂਆਤੀ ਦੌਰ ਵਿੱਚ ਜੇਕਰ ਉਨ੍ਹਾਂ ਨੇ ਬੱਚੇ ਦੀ ਤਰਬੀਅਤ ਵਿੱਚ ਗ਼ਲਤੀ ਕੀਤੀ ਤਾਂ ਬਾਅਦ ਦੇ ਸਮੇਂ ਵਿੱਚ ਉਸਦੀ ਭਰਪਾਈ ਕਦੇ ਨਹੀਂ ਹੋ ਸਕੇਗੀ। ਬਾਅਦ ਦੇ ਸਮੇਂ ਵਿੱਚ ਅਜਿਹੇ ਕਿਸੇ ਸ਼ਖ਼ਸ ਦੇ ਸੁਧਾਰ ਦੀ ਸਿਰਫ਼ ਇੱਕ ਸੰਭਵ ਸੂਰਤ ਹੁੰਦੀ ਹੈ, ਅਤੇ ਉਹ ਇਹ ਕਿ ਉਸਨੂੰ ਕੋਈ ਬਹੁਤ ਹੀ ਜ਼ਬਰਦਸਤ ਕਿਸਮ ਦਾ ਹਿਲਾ ਕੇ ਰੱਖ ਦੇਣ ਵਾਲਾ ਤਜ਼ਰਬਾ (shocking experience) ਪੇਸ਼ ਆਵੇ ਜੋ ਉਸਦੇ ਲਈ ਇੱਕ ਅਹਿਮ ਮੋੜ (turning point) ਬਣ ਜਾਵੇ, ਮਗਰ ਬਹੁਤ ਘੱਟ ਲੋਕਾਂ ਨੂੰ ਇਸ ਕਿਸਮ ਦਾ ਹਿਲਾ ਦੇਣ ਵਾਲਾ ਤਜ਼ਰਬਾ ਪੇਸ਼ ਆਉਂਦਾ ਹੈ, ਵਧੇਰੇ ਇਹ ਕਿ ਅਜਿਹਾ ਹਿਲਾ ਦੇਣ

ਵਾਲਾ ਤਜ਼ਰਬਾ ਹੋਰ ਵੀ ਵਿਰਲਾ (rare) ਹੁੰਦਾ ਹੈ, ਜਦੋਂ ਕਿ ਉਹ ਆਦਮੀ ਦੇ ਲਈ ਹਾਂ-ਪੱਖੀ ਬਦਲਾਅ ਦਾ ਕਾਰਨ ਬਣ ਜਾਵੇ।

੩. ਆਪਣੇ ਤਜ਼ਰਬੇ ਦੀ ਰੌਸ਼ਨੀ ਵਿੱਚ ਅਜਿਹੇ ਮਾਪਿਆਂ ਨੂੰ ਮੇਰਾ ਮਸ਼ਵਰਾ ਇਹ ਹੈ ਕਿ ਉਹ ਆਪਣੀ ਔਲਾਦ ਨੂੰ ਸਾਡੇ ਇੱਥੋਂ ਦਾ ਛਪਿਆ ਹੋਇਆ ਸਾਹਿਤ ਬਹੁਤ ਧਿਆਨ ਦੇ ਨਾਲ ਪੜ੍ਹਾਉਣ, ਸਿਰਫ਼ ਇੱਕ ਵਾਰ ਨਹੀਂ, ਸਗੋਂ ਬਾਰ-ਬਾਰ। ਇਸਦੇ ਨਾਲ ਹੀ ਉਹ ਕੋਸ਼ਿਸ਼ ਕਰਨ ਕਿ ਉਨ੍ਹਾਂ ਦੇ ਬੱਚੇ ਸਾਡੇ ਇੱਥੇ ਤਿਆਰ ਕੀਤੀਆਂ ਆਡੀਓ ਅਤੇ ਵੀਡੀਓ ਦੇਖਣ ਅਤੇ ਸੁਣਨ। ਇਹ ਤਮਾਮ ਆਡੀਓ ਅਤੇ ਵੀਡੀਓ ਸਾਡੀ ਵੈੱਬਸਾਈਟ (www.cpsglobal.org) ’ਤੇ ਉਪਲਬਧ ਹਨ। ਵਧੇਰੇ ਇਹ ਕਿ ਦਿੱਲੀ ਵਿੱਚ ਹੋਣ ਵਾਲੇ ਸਾਡੇ ਹਫ਼ਤਾਵਾਰੀ ਲੈਕਚਰ ਦਾ ਪ੍ਰੋਗਰਾਮ ਪਾਬੰਦੀ ਨਾਲ ਸੁਣਨ, ਜੋ ਕਿ ਹਰ ਸ਼ਨੀਵਾਰ ਨੂੰ ਸ਼ਾਮ ੫:੦੦ ਵਜੇ (IST) ਅਤੇ ਹਰ ਐਤਵਾਰ ਸਵੇਰੇ ੧੦:੩੦ ਵਜੇ (IST) ਸ਼ੁਰੂ ਹੁੰਦਾ ਹੈ।

ਇਨ੍ਹਾਂ ਦੋਨੋਂ ਪ੍ਰੋਗਰਾਮਾਂ ਨੂੰ ਫੇਸਬੁੱਕ (www.facebook.com/maulanawkhan/)’ਤੇ ਲਾਈਵ ਦੇਖਿਆ ਜਾ ਸਕਦਾ ਹੈ।

੪. ਇਹ ਲਾਜ਼ਮੀ ਕਿਸਮ ਦਾ ਸ਼ੁਰੂਆਤੀ ਪ੍ਰੋਗਰਾਮ ਹੈ। ਜੋ ਮਾਪੇ ਆਪਣੇ ਬੱਚਿਆਂ ਦੇ ਸੁਧਾਰ ਅਤੇ ਤਰਬੀਅਤ ਦੇ ਚਾਹਵਾਨ ਹਨ, ਉਨ੍ਹਾਂ ਨੂੰ ਇਸਨੂੰ ਅਪਣਾਉਣਾ ਚਾਹੀਦਾ ਹੈ। ਜੇਕਰ ਉਹ ਇਸਨੂੰ ਨਹੀਂ ਅਪਣਾਉਂਦੇ ਤਾਂ ਕੋਈ ਵੀ ਜਾਦੂਈ ਤਰਕੀਬ ਬੱਚਿਆਂ ਦੇ ਸੁਧਾਰ ਲਈ ਕਾਰਗਰ ਨਹੀਂ ਹੋ ਸਕਦੀ।

## ਘਰ ਦਾ ਮਾਹੌਲ

ਇੱਕ ਪੜ੍ਹੇ-ਲਿਖੇ ਮੁਸਲਮਾਨ ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਬਹੁਤ ਖੁਸ਼ੀ ਨਾਲ ਦੱਸਿਆ ਕਿ ਉਨ੍ਹਾਂ ਦਾ ਨਿਯਮ ਹੈ ਕਿ ਉਹ ਰੋਜ਼ਾਨਾ ਸਵੇਰੇ ਆਪਣੇ ਘਰਦਿਆਂ ਨੂੰ ਇੱਕ ਜਗ੍ਹਾ ਬਿਠਾਉਂਦੇ ਹਨ, ਅਤੇ ਕਿਸੇ ਧਾਰਮਿਕ ਕਿਤਾਬ ਦਾ ਇੱਕ ਹਿੱਸਾ ਪੜ੍ਹ ਕੇ ਸੁਣਾਉਂਦੇ

ਹਨ। ਮੈਨੂੰ ਬਹੁਤ ਸਾਰੇ ਲੋਕਾਂ ਬਾਰੇ ਪਤਾ ਹੈ ਕਿ ਉਹ ਇਸ ਤਰੀਕੇ ਨੂੰ ਅਪਣਾਈ ਬੈਠੇ ਹਨ। ਉਹ ਸਮਝਦੇ ਹਨ ਕਿ ਅਜਿਹਾ ਕਰਕੇ ਉਹ ਆਪਣਾ ਧਾਰਮਿਕ ਫ਼ਰਜ਼ ਨਿਭਾ ਰਹੇ ਹਨ। ਇਹ ਤਰੀਕਾ ਬਿਨਾਂ ਸ਼ੱਕ ਇਨਸਾਨ ਦੇ ਬਾਰੇ ਵਿੱਚ ਘੱਟ ਅੰਦਾਜ਼ੇ ਵਾਲੀ ਹੈਸੀਅਤ ਰੱਖਦਾ ਹੈ। ਇਨਸਾਨ ਇਸ ਤਰ੍ਹਾਂ ਦੀਆਂ ਰਸਮੀ ਗੱਲਾਂ ਨਾਲ ਆਪਣਾ ਮਨ ਨਹੀਂ ਬਦਲਦਾ।

ਲੇਕਿਨ ਇਸ ਤਰ੍ਹਾਂ ਘਰਦਿਆਂ ਨੂੰ ਧਾਰਮਿਕ ਕਿਤਾਬ ਪੜ੍ਹ ਕੇ ਸੁਣਾਉਣਾ ਅਸਲ ਜ਼ਿੰਮੇਵਾਰੀ ਦਾ ਸਿਰਫ਼ ਅੱਧਾ ਹਿੱਸਾ ਹੈ। ਅਸਲ ਜ਼ਿੰਮੇਵਾਰੀ ਦੀ ਪਹਿਲੀ ਅੱਧੀ ਨਿਸਬਤ ਇਹ ਹੈ ਕਿ ਘਰ ਦੇ ਅੰਦਰ ਅਨੁਕੂਲ ਦੀਨੀ ਮਾਹੌਲ ਬਣਾਇਆ ਜਾਵੇ। ਜੇਕਰ ਘਰ ਦੇ ਅੰਦਰ ਅਨੁਕੂਲ ਮਾਹੌਲ ਨਾ ਹੋਇਆ ਤਾਂ ਇਸ ਤਰ੍ਹਾਂ ਕਿਤਾਬ ਪੜ੍ਹ ਕੇ ਸੁਣਾਉਣ ਨਾਲ ਲੋੜੀਂਦਾ ਨਤੀਜਾ ਹਾਸਲ ਨਹੀਂ ਹੋਵੇਗਾ।

ਲੋਕਾਂ ਦਾ ਹਾਲ ਇਹ ਹੈ ਕਿ ਉਨ੍ਹਾਂ ਦੇ ਘਰ ਵਿੱਚ ਪੂਰੀ ਤਰ੍ਹਾਂ ਦੁਨਿਆਵੀ ਮਾਹੌਲ ਹੁੰਦਾ ਹੈ। ਘਰ ਦੇ ਅੰਦਰ ਦੂਸਰਿਆਂ ਦੇ ਖ਼ਿਲਾਫ਼ ਸ਼ਿਕਾਇਤਾਂ ਦੀਆਂ ਗੱਲਾਂ ਹੁੰਦੀਆਂ ਹਨ। ਘਰ ਦੇ ਅੰਦਰ ਨਕਾਰਾਤਮਕ ਖ਼ਬਰਾਂ ਦੀ ਚਰਚਾ ਰਹਿੰਦੀ ਹੈ। ਘਰ ਦੇ ਅੰਦਰ ਇਨਸਾਨੀ ਭਲਾਈ ਦੀਆਂ ਗੱਲਾਂ ਨਹੀਂ ਹੁੰਦੀਆਂ, ਸਗੋਂ ਆਪਣੇ ਲੋਕਾਂ ਨੂੰ ਆਪਣਾ ਅਤੇ ਦੂਸਰੇ ਲੋਕਾਂ ਨੂੰ ਪਰਾਇਆ ਸਮਝਣ ਦਾ ਮਾਹੌਲ ਹੁੰਦਾ ਹੈ। ਘਰ ਦੇ ਅੰਦਰ ਜਿਨ੍ਹਾਂ ਗੱਲਾਂ ਦੀ ਚਰਚਾ ਹੁੰਦੀ ਹੈ, ਉਹ ਹਨ— ਖਾਣਾ-ਕੱਪੜਾ, ਰੁਪਿਆ-ਪੈਸਾ, ਬਿਜ਼ਨਸ ਅਤੇ ਨੌਕਰੀ ਵਗੈਰਾ।

ਘਰ ਵਿੱਚ ਦੀਨੀ ਕਿਤਾਬ ਪੜ੍ਹ ਕੇ ਸੁਣਾਉਣਾ ਬਿਨਾਂ ਸ਼ੱਕ ਇੱਕ ਚੰਗਾ ਕੰਮ ਹੈ, ਪਰ ਇਸਨੂੰ ਅਸਰਦਾਰ ਬਣਾਉਣ ਲਈ ਜ਼ਰੂਰੀ ਹੈ ਕਿ ਘਰ ਦੇ ਅੰਦਰ ਉਸਦੇ ਅਨੁਕੂਲ ਮਾਹੌਲ ਮੌਜੂਦ ਹੋਵੇ। ਕਿਤਾਬ ਪੜ੍ਹਨ ਤੋਂ ਪਹਿਲਾਂ ਅਤੇ ਕਿਤਾਬ ਪੜ੍ਹਨ ਤੋਂ ਬਾਅਦ ਘਰ ਦੇ ਅੰਦਰ ਉਹੀ ਮਾਹੌਲ ਹੋਵੇ ਜੋ ਕਿਤਾਬ ਵਿੱਚ ਦੱਸਿਆ ਗਿਆ ਹੈ। ਕਿਸੇ ਘਰ ਨੂੰ ਦੀਨਦਾਰ ਬਣਾਉਣਾ ਉਸੇ ਵੇਲੇ ਸੰਭਵ ਹੈ ਜਦੋਂ ਕਿ ਇਸਨੂੰ ਪੂਰੀ ਗੰਭੀਰਤਾ ਨਾਲ ਨੇਪਰੇ ਚਾੜ੍ਹਿਆ ਜਾਵੇ। ਘਰ ਦਾ ਮਾਹੌਲ ਦੀਨ ਦੇ ਅਨੁਕੂਲ ਬਣਾਏ ਬਿਨਾਂ ਘਰ ਦੇ ਅੰਦਰ ਦੀਨੀ ਕਿਤਾਬ ਪੜ੍ਹ ਕੇ ਸੁਣਾਉਣਾ ਮੰਨੋ ਹਾਥੀ ਦੇ ਦੰਦ ਵਿੱਚ ਪਤੰਗ ਬੰਨ੍ਹਣਾ ਹੈ। ਇਸ ਤਰ੍ਹਾਂ ਦੇ ਕਿਸੇ ਅਮਲ ਨਾਲ ਘਰ ਦੇ ਸਰਪ੍ਰਸਤਾਂ ਦੀ ਜ਼ਿੰਮੇਵਾਰੀ ਪੂਰੀ ਨਹੀਂ ਹੋ ਸਕਦੀ।

# ਵਕਫ਼ਾ-ਏ-ਤਾਮੀਰ

ਕਾਇਨਾਤ ਰੱਬ ਦੀ ਖ਼ਾਮੋਸ਼ ਕਿਤਾਬ ਹੈ। ਉਹ ਰੱਬੀ ਹਕੀਕਤਾਂ ਨੂੰ ਮਿਸਾਲ ਦੇ ਰੂਪ ਵਿੱਚ ਬਿਆਨ ਕਰਦੀ ਹੈ। ਆਦਮੀ ਜੇਕਰ ਕਾਇਨਾਤ ਦੀ ਖ਼ਾਮੋਸ਼ ਜ਼ਬਾਨ ਨੂੰ ਸੁਣ ਸਕੇ ਤਾਂ ਉਹ ਉਸਦੇ ਲਈ ਗਿਆਨ (ਮਾਰਫ਼ਤ) ਦਾ ਸਭ ਤੋਂ ਵੱਡਾ ਪੁਸਤਕਾਲਾ ਬਣ ਜਾਵੇ।

ਦਰੱਖਤ ਨੂੰ ਦੇਖੋ— ਜਦੋਂ ਦਰੱਖਤ ਜ਼ਮੀਨ ਵਿੱਚੋਂ ਨਿਕਲਦਾ ਹੈ ਤਾਂ ਉਹ ਕਮਜ਼ੋਰ ਪੌਦੇ ਵਾਂਗ ਹੁੰਦਾ ਹੈ। ਉਸਦੇ ਤਣੇ ਵਿੱਚ ਅਜੇ ਤੂਫ਼ਾਨ ਦਾ ਮੁਕਾਬਲਾ ਕਰਨ ਦੀ ਤਾਕਤ ਨਹੀਂ ਹੁੰਦੀ। ਉਸ ਵੇਲੇ ਦਰੱਖਤ ਕੀ ਕਰਦਾ ਹੈ? ਉਹ ਪੂਰੀ ਤਰ੍ਹਾਂ ਨਰਮ ਬਣ ਜਾਂਦਾ ਹੈ। ਹਵਾਵਾਂ ਦੇ ਬੁੱਲੇ ਜਦੋਂ ਆਉਂਦੇ ਹਨ ਤਾਂ ਉਹ ਉਨ੍ਹਾਂ ਦੇ ਮੁਕਾਬਲੇ ਵਿੱਚ ਅਕੜਦਾ ਨਹੀਂ, ਸਗੋਂ ਹਵਾ ਦਾ ਬੁੱਲਾ ਉਸਨੂੰ ਜਿਸ ਪਾਸੇ ਲੈ ਕੇ ਜਾਣਾ ਚਾਹੁੰਦਾ ਹੈ, ਉਹ ਉਸੇ ਪਾਸੇ ਚਲਿਆ ਜਾਂਦਾ ਹੈ। ਉਹ ਹਾਲੀ ਦੀ ਜ਼ਬਾਨ ਵਿੱਚ "ਚੱਲੋ ਤੁਮ ਉਧਰ ਕੋ ਹਵਾ ਹੋ ਜਿਧਰ ਕੀ" ਦੀ ਤਸਵੀਰ ਬਣ ਜਾਂਦਾ ਹੈ। ਮਗਰ ਉਸੇ ਪੌਦੇ ਨੂੰ 25 ਸਾਲ ਬਾਅਦ ਦੇਖੋ ਤਾਂ ਉਹ ਬਿਲਕੁਲ ਦੂਸਰੀ ਤਸਵੀਰ ਪੇਸ਼ ਕਰ ਰਿਹਾ ਹੋਵੇਗਾ। ਹੁਣ ਉਹ ਆਪਣੇ ਮੋਟੇ ਤਣੇ 'ਤੇ ਮਜ਼ਬੂਤੀ ਨਾਲ ਟਿਕਿਆ ਹੁੰਦਾ ਹੈ। ਹੁਣ 'ਝੁਕਣਾ' ਲਫ਼ਜ਼ ਉਸਦੀ ਡਿਕਸ਼ਨਰੀ ਵਿੱਚੋਂ ਨਿਕਲ ਚੁੱਕਾ ਹੁੰਦਾ ਹੈ।

ਉਹ ਹਵਾਵਾਂ ਦੇ ਝੋਕੇ ਤੋਂ ਬਿਨਾਂ ਪ੍ਰਭਾਵਿਤ ਹੋਏ ਸਿੱਧਾ ਆਪਣੀਆਂ ਜੜ੍ਹਾਂ 'ਤੇ ਖੜ੍ਹਾ ਰਹਿੰਦਾ ਹੈ। ਹੁਣ ਉਹ ਜ਼ਮੀਨ 'ਤੇ "ਰੁੱਖ" ਬਣ ਰਿਹਾ ਹੈ, ਜਦਕਿ ਇਸ ਤੋਂ ਪਹਿਲਾਂ ਉਹ "ਪੌਦਾ" ਬਣ ਰਿਹਾ ਸੀ।

ਰੁੱਖ ਇਸ ਤਰ੍ਹਾਂ ਮਿਸਾਲ ਦੀ ਜ਼ਬਾਨ ਵਿੱਚ ਦੱਸ ਰਿਹਾ ਹੈ ਕਿ ਹਰ ਆਦਮੀ 'ਤੇ ਸ਼ੁਰੂਆਤ ਵਿੱਚ ਉਹ ਸਮਾਂ ਆਉਂਦਾ ਹੈ ਜਦੋਂ ਉਸ ਨੂੰ ਇੱਕ ਉਸਾਰੀ ਦੇ ਵਕਫ਼ੇ ਦੀ ਲੋੜ ਹੁੰਦੀ ਹੈ। ਜਦੋਂ ਲੋੜ ਹੁੰਦੀ ਹੈ ਕਿ ਉਹ ਆਪਣੀਆਂ ਜੜ੍ਹਾਂ ਜ਼ਮੀਨ ਵਿੱਚ ਦਾਖਲ ਕਰੇ, ਉਹ ਆਪਣੇ ਤਣੇ ਨੂੰ ਮਜ਼ਬੂਤ ਕਰੇ। ਉਹ ਆਪਣੇ ਆਪ ਨੂੰ ਇੱਕ ਤਾਕਤ ਅਤੇ ਹੋਂਦ ਦੀ ਹੈਸੀਅਤ ਨਾਲ ਵਧਾਵੇ। ਇਸ ਵਕਫ਼ੇ ਦੌਰਾਨ ਉਸ

ਨੂੰ ਇਸ ਤਰ੍ਹਾਂ ਨਹੀਂ ਰਹਿਣਾ ਚਾਹੀਦਾ ਜਿਸ ਤਰ੍ਹਾਂ ਕੋਈ ਵਿਅਕਤੀ ਮਜ਼ਬੂਤ ਅਤੇ ਸਥਿਰ ਹੋਣ ਤੋਂ ਬਾਅਦ ਰਹਿੰਦਾ ਹੈ। ਇਸ ਸ਼ੁਰੂਆਤੀ ਪੜਾਅ ਵਿੱਚ ਉਸ ਨੂੰ ਨਰਮੀ ਅਤੇ ਤਾਲਮੇਲ (adjustment) ਦਾ ਮੁਜੱਸਮਾ ਬਣ ਜਾਣਾ ਚਾਹੀਦਾ ਹੈ। ਜੇਕਰ ਉਸ ਨੇ ਅਜਿਹਾ ਨਹੀਂ ਕੀਤਾ ਤਾਂ ਉਸ ਨੂੰ ਉਸਾਰੀ ਦਾ ਵਕਫ਼ਾ ਨਹੀਂ ਮਿਲੇਗਾ, ਅਤੇ ਜੋ ਕੋਈ ਉਸਾਰੀ ਦੇ ਵਕਫ਼ੇ ਤੋਂ ਵਾਂਝਾ ਹੋ ਜਾਵੇ, ਉਹ ਕਦੇ ਉਸਾਰੀ ਦੇ ਪੜਾਅ ਤੱਕ ਨਹੀਂ ਪਹੁੰਚ ਸਕੇਗਾ। ਅਜਿਹਾ ਵਿਅਕਤੀ ਹਮੇਸ਼ਾ ਕਮਜ਼ੋਰ ਰੁੱਖ ਬਣਿਆ ਰਹੇਗਾ।

# ਤਰਬੀਅਤ ਦਾ ਤਰੀਕਾ

ਇੱਕ ਸਾਹਿਬ ਨੂੰ ਉਨ੍ਹਾਂ ਦੇ ਗੁਆਂਢੀ ਨੇ ਬਹੁਤ ਸਖ਼ਤ ਗੱਲ ਕਹਿ ਦਿੱਤੀ। ਉਹ ਸਾਹਿਬ ਇਸ ਨੂੰ ਸੁਣ ਕੇ ਚੁੱਪ-ਚਾਪ ਆਪਣੇ ਘਰ ਚਲੇ ਆਏ। ਉਨ੍ਹਾਂ ਨੇ ਕਹਿਣ ਵਾਲੇ ਨੂੰ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਦੇ ਲੜਕੇ ਨੂੰ ਜਦੋਂ ਇਸ ਦੀ ਖ਼ਬਰ ਹੋਈ ਤਾਂ ਉਹ ਬਹੁਤ ਗੁੱਸੇ ਹੋਇਆ। ਉਸ ਨੇ ਕਿਹਾ ਕਿ ਇਸ ਵਿਅਕਤੀ ਦੀ ਹਿੰਮਤ ਕਿਵੇਂ ਹੋਈ ਕਿ ਉਹ ਮੇਰੇ ਪਿਤਾ ਨੂੰ ਇਸ ਤਰ੍ਹਾਂ ਜ਼ਲੀਲ ਕਰੇ। ਮੈਂ ਇਸ ਨੂੰ ਸਬਕ ਸਿਖਾਵਾਂਗਾ ਤਾਂ ਕਿ ਅੱਗੇ ਤੋਂ ਉਹ ਕਦੇ ਅਜਿਹੀ ਹਿੰਮਤ ਨਾ ਕਰੇ।

ਪਿਤਾ ਨੇ ਬੇਟੇ ਨੂੰ ਠੰਢਾ ਕੀਤਾ। ਪਿਤਾ ਨੇ ਕਿਹਾ ਕਿ ਆਖਰ ਉਸ ਨੇ ਇੱਕ ਲ਼ਫ਼ਜ਼ ਹੀ ਤਾਂ ਕਿਹਾ ਹੈ। ਉਸ ਨੇ ਮੈਨੂੰ ਕੋਈ ਪੱਥਰ ਤਾਂ ਨਹੀਂ ਮਾਰਿਆ। ਫਿਰ ਇਸ ਵਿੱਚ ਸਾਡਾ ਕੀ ਨੁਕਸਾਨ ਹੈ? ਉਸ ਨੇ ਜੇਕਰ ਆਪਣੀ ਜ਼ਬਾਨ ਖ਼ਰਾਬ ਕੀਤੀ ਹੈ ਤਾਂ ਅਸੀਂ ਆਪਣੀ ਜ਼ਬਾਨ ਕਿਉਂ ਖ਼ਰਾਬ ਕਰੀਏ? ਪਿਤਾ ਨੇ ਆਪਣੇ ਬੇਟੇ ਨੂੰ ਕਿਹਾ ਕਿ ਤੁਸੀਂ ਇਸ ਨੂੰ ਭੁਲਾ ਦਿਓ ਅਤੇ ਆਪਣੇ ਕੰਮ ਵਿੱਚ ਲੱਗ ਜਾਓ। ਬੇਟਾ ਇਸ ਵਾਕਿਆ ਨੂੰ "ਯਾਦ" ਦੇ ਖ਼ਾਨੇ ਵਿੱਚ ਰੱਖਣਾ ਚਾਹੁੰਦਾ ਸੀ, ਪਿਤਾ ਨੇ ਇਸ ਨੂੰ "ਭੁੱਲ" ਦੇ ਖ਼ਾਨੇ ਵਿੱਚ ਪਾ ਦਿੱਤਾ।

ਜੋ ਵਾਕਿਆ ਆਮ ਹਾਲਾਤ ਵਿੱਚ ਗੁੱਸੇ ਅਤੇ ਇੰਤਕਾਮ ਦਾ ਵਿਸ਼ਾ ਬਣਦਾ, ਉਹ ਸਬਰ ਅਤੇ ਬਰਦਾਸ਼ਤ ਦਾ ਵਿਸ਼ਾ ਬਣ ਗਿਆ। ਕੁਝ ਦਿਨਾਂ ਬਾਅਦ ਖ਼ੁਦ

ਗੁਆਂਢੀ ਨੂੰ ਸ਼ਰਮਿੰਦਗੀ ਹੋਈ। ਉਸ ਨੇ ਆ ਕੇ ਆਪਣੀ ਗੁਸਤਾਖ਼ੀ ਦੀ ਮੁਆਫ਼ੀ ਮੰਗੀ ਅਤੇ ਅੱਗੇ ਲਈ ਪਹਿਲੇ ਨਾਲੋਂ ਜ਼ਿਆਦਾ ਬਿਹਤਰ ਹੋ ਗਿਆ।

ਬਾਪ ਜੇਕਰ ਆਪਣੇ ਬੇਟੇ ਦੇ ਅੰਦਰ ਇੰਤਕਾਮ ਦੀ ਨਫ਼ਸੀਅਤ ਉਭਾਰਦਾ ਤਾਂ ਉਹ ਬੁਰਾਈ ਦਾ ਏਜੰਟ ਬਣ ਜਾਂਦਾ। ਮਗਰ ਬਾਪ ਨੇ ਜਦੋਂ ਆਪਣੇ ਬੇਟੇ ਨੂੰ ਭੁਲਾਉਣ ਅਤੇ ਬਰਦਾਸ਼ਤ ਦੇ ਰਾਹ ’ਤੇ ਪਾਇਆ ਤਾਂ ਉਹ ਉਨ੍ਹਾਂ ਲਈ ਨੇਕੀ ਅਤੇ ਸੱਚਾਈ ਦਾ ਰਾਹ ਦਸੇਰਾ ਹੋ ਗਿਆ। ਕੁਰਆਨ ਦੇ ਲਫ਼ਜ਼ਾਂ ਵਿੱਚ ਉਹ ਮੁੱਤਕੀਆਂ ਦਾ ਇਮਾਮ ਬਣ ਗਿਆ।

ਇਸੇ ਦਾ ਨਾਮ ਬੱਚਿਆਂ ਦੀ ਤਰਬੀਅਤ ਹੈ। ਬੱਚਿਆਂ ਦੀ ਤਰਬੀਅਤ ਇਹ ਨਹੀਂ ਹੈ ਕਿ ਇੱਕ ਸਮਾਂ ਤੈਅ ਕਰਕੇ ਉਨ੍ਹਾਂ ਨੂੰ ਬਿਠਾਇਆ ਜਾਵੇ ਅਤੇ ਲਿਖਤ ਜਾਂ ਤਕਰੀਰ ਦੀ ਸ਼ਕਲ ਵਿੱਚ ਉਨ੍ਹਾਂ ਨੂੰ ਸੁਧਾਰ ਦੀਆਂ ਗੱਲਾਂ ਸੁਣਾਈਆਂ ਜਾਣ। ਅਸਲ ਤਰਬੀਅਤ ਇਹ ਹੈ ਕਿ ਘਰ ਦੇ ਅੰਦਰ ਜਦੋਂ ਅਮਲੀ ਤੌਰ ’ਤੇ ਉਹ ਮੌਕੇ ਪੈਦਾ ਹੋਣ ਜਿੱਥੇ ਇੱਕ ਰਾਹ ਸਹੀ ਦਿਸ਼ਾ ਵਿੱਚ ਜਾਂਦਾ ਹੋਵੇ ਅਤੇ ਦੂਜਾ ਰਾਹ ਗਲਤ ਦਿਸ਼ਾ ਵਿੱਚ। ਅਜਿਹੇ ਮੌਕਿਆਂ ’ਤੇ ਜਜ਼ਬਾਤ ਨੂੰ ਬਰਦਾਸ਼ਤ ਕਰਕੇ ਅਤੇ ਨਿੱਜੀ ਨੁਕਸਾਨ ਉਠਾ ਕੇ ਘਰਦਿਆਂ ਦੀ ਅਗਵਾਈ ਕੀਤੀ ਜਾਵੇ। ਉਨ੍ਹਾਂ ਦੇ ਜ਼ਹਿਨ ਨੂੰ ਇੱਕ ਪਾਸੇ ਤੋਂ ਦੂਜੇ ਪਾਸੇ ਮੋੜ ਦਿੱਤਾ ਜਾਵੇ— ‘ਤਰਬੀਅਤ’ ਪੈਦਾ ਹੋਏ ਹਾਲਾਤਾਂ ਦਰਮਿਆਨ ਅਗਵਾਈ ਕਰਨੀ ਹੈ ਨਾ ਕਿ ਸਿਰਫ ਕਿਸੇ ਕਿਸਮ ਦੇ ਭਾਸ਼ਣਾਂ ਦੇ ਜ਼ਰੀਏ।

# ਇੱਕ ਮਿਸਾਲ

ਬੱਚਿਆਂ ਦੀ ਤਰਬੀਅਤ ਦੇ ਸਬੰਧ ਵਿੱਚ ਆਮ ਤੌਰ ’ਤੇ ਇਹ ਕੀਤਾ ਜਾਂਦਾ ਹੈ ਕਿ ਇੱਕ ਤੈਅ ਸਮੇਂ ’ਤੇ ਇਕੱਠੇ ਕਰਕੇ ਬੱਚਿਆਂ ਨੂੰ ਦੀਨ ਦੇ ਮਸਲੇ ਦੱਸੇ ਜਾਣ। ਬੱਚਿਆਂ ਦੀ ਤਰਬੀਅਤ ਇਸ ਕਿਸਮ ਦੇ ਵਕਤੀ ਭਾਸ਼ਣਾਂ ਨਾਲ ਨਹੀਂ ਹੁੰਦੀ ਬਲਕਿ ਤਰਬੀਅਤ ਦਾ ਅਸਲ ਜ਼ਰੀਆ ਘਰ ਦਾ ਮਾਹੌਲ ਹੈ। ਜੇਕਰ ਤੁਹਾਡੇ ਘਰ ਵਿੱਚ ਅਖ਼ਲਾਕ ਅਤੇ ਇਨਸਾਨੀਅਤ ਦਾ ਮਾਹੌਲ ਹੋਵੇ। ਤੁਹਾਡੇ ਘਰ ਵਿੱਚ ਕਿਸੇ

ਦੀ ਚੁਗਲੀ ਅਤੇ ਸ਼ਿਕਾਇਤ ਨਾ ਕੀਤੀ ਜਾਂਦੀ ਹੋਵੇ, ਅਤੇ ਤੁਹਾਡੇ ਘਰ ਵਿੱਚ ਦੂਜਿਆਂ ਨੂੰ ਇੱਜ਼ਤ ਦੇਣ ਦਾ ਮਾਹੌਲ ਹੋਵੇ, ਚਾਹੇ ਉਹ ਆਪਣਾ ਹੋਵੇ ਜਾਂ ਬੇਗਾਨਾ, ਤਾਂ ਇਹ ਮਾਹੌਲ ਤੁਹਾਡੇ ਘਰ ਨੂੰ ਇੱਕ ਜਿਉਂਦੀ-ਜਾਗਦੀ ਤਰਬੀਅਤ-ਗਾਹ ਬਣਾ ਦੇਵੇਗਾ। ਇਸ ਤੋਂ ਬਾਅਦ ਕਿਸੇ ਰਸਮੀ ਭਾਸ਼ਣ ਦੀ ਜ਼ਰੂਰਤ ਨਹੀਂ ਹੋਵੇਗੀ।

ਇੱਥੇ ਇੱਕ ਵਾਕਿਆ ਨਕਲ ਕੀਤਾ ਜਾਂਦਾ ਹੈ, ਜੋ ਦੱਸਦਾ ਹੈ ਕਿ ਬੱਚਿਆਂ ਦੀ ਤਰਬੀਅਤ ਕੀ ਹੁੰਦੀ ਹੈ। ਮੁਜ਼ੱਫਰਨਗਰ (ਯੂ.ਪੀ.) ਦੇ ਇੱਕ ਕਸਬੇ ਦਾ ਵਾਕਿਆ ਹੈ। ਉੱਥੇ ਇੱਕ ਮੁਸਲਿਮ ਖ਼ਾਨਦਾਨ ਦੇ ਇੱਥੇ ਇੱਕ ਹਰੀਜਨ ਔਰਤ ਸਫ਼ਾਈ ਦੇ ਕੰਮ ਲਈ ਰੋਜ਼ਾਨਾ ਆਉਂਦੀ ਸੀ। ਘਰ ਦੀ ਇੱਕ ਬੱਚੀ ਨਾਲ ਉਸ ਹਰੀਜਨ ਔਰਤ ਦੀ ਦੋਸਤੀ ਹੋ ਗਈ। ਇਹ ਹਰੀਜਨ ਔਰਤ ਜਦੋਂ ਉੱਥੇ ਸਫ਼ਾਈ ਦੇ ਕੰਮ ਲਈ ਆਉਂਦੀ ਤਾਂ ਉਹ ਸਭ ਤੋਂ ਪਹਿਲਾਂ ਉਕਤ ਬੱਚੀ ਨੂੰ ਮਿਲਦੀ। ਇਸ ਤਰ੍ਹਾਂ ਦੋਵੇਂ ਇੱਕ-ਦੂਜੇ ਨਾਲ ਬਹੁਤ ਜ਼ਿਆਦਾ ਘੁਲ-ਮਿਲ ਗਏ।

ਇੱਕ ਦਿਨ ਅਜਿਹਾ ਹੋਇਆ ਕਿ ਘਰ ਦੇ ਅੰਦਰ ਜੰਨਤ ਅਤੇ ਜਹੰਨਮ ਦਾ ਜ਼ਿਕਰ ਹੋਇਆ। ਲੜਕੀ ਦੇ ਪਿਤਾ ਨੇ ਕਿਹਾ ਕਿ ਜੰਨਤ ਵਿੱਚ ਦਾਖਲੇ ਲਈ ਈਮਾਨ ਜ਼ਰੂਰੀ ਹੈ। ਜੋ ਵਿਅਕਤੀ ਮੋਮਿਨ ਅਤੇ ਮੋਵੱਹਿਦ (ਇੱਕ ਰੱਬ ਨੂੰ ਮੰਨਣ ਵਾਲਾ) ਹੋਵੇਗਾ, ਉਹੀ ਮੌਤ ਤੋਂ ਬਾਅਦ ਜੰਨਤ ਵਿੱਚ ਜਾਵੇਗਾ। ਅਤੇ ਜੋ ਲੋਕ ਮੁਸ਼ਰਿਕ ਹਨ, ਜੋ ਅੱਲ੍ਹਾ ਤੋਂ ਬਿਨਾਂ ਦੂਜਿਆਂ ਦੀ ਇਬਾਦਤ ਕਰਦੇ ਹਨ, ਉਹ ਜੰਨਤ ਵਿੱਚ ਨਹੀਂ ਜਾਣਗੇ। ਬੱਚੀ ਦੇ ਦਿਮਾਗ ਵਿੱਚ ਇਹ ਗੱਲ ਬੈਠ ਗਈ। ਉਹ ਸੋਚਣ ਲੱਗੀ ਕਿ ਮੈਂ ਤਾਂ ਮੋਮਿਨ ਅਤੇ ਮੋਵੱਹਿਦ ਹਾਂ, ਇਸ ਲਈ ਮੈਂ ਜੰਨਤ ਵਿੱਚ ਜਾਵਾਂਗੀ। ਮਗਰ ਹਰੀਜਨ ਔਰਤ ਤਾਂ ਸ਼ਿਰਕ ਵਿੱਚ ਫਸੀ ਹੋਈ ਹੈ, ਉਹ ਕਿਸ ਤਰ੍ਹਾਂ ਜੰਨਤ ਵਿੱਚ ਜਾਵੇਗੀ।

ਇਸ ਤੋਂ ਬਾਅਦ ਇਹ ਹੋਇਆ ਕਿ ਅਗਲੇ ਦਿਨ ਜਦੋਂ ਉਕਤ ਹਰੀਜਨ ਔਰਤ ਸਫ਼ਾਈ ਦੇ ਕੰਮ ਲਈ ਆਈ ਤਾਂ ਉਸ ਨੇ ਦੇਖਿਆ ਕਿ ਉਸ ਦੀ ਦੋਸਤ ਬੱਚੀ ਘਰ ਵਿੱਚ ਇੱਕ ਕੋਨੇ ਵਿੱਚ ਖੜ੍ਹੀ ਬਹੁਤ ਬੁਰੀ ਤਰ੍ਹਾਂ ਰੋ ਰਹੀ ਹੈ। ਔਰਤ ਉਸ ਨੂੰ ਦੇਖ ਕੇ ਘਬਰਾ ਗਈ। ਉਸ ਨੇ ਪੁੱਛਿਆ ਕਿ ਤੈਨੂੰ ਕੀ ਤਕਲੀਫ਼ ਹੈ? ਤੂੰ ਕਿਉਂ ਇਸ ਤਰ੍ਹਾਂ ਰੋ ਰਹੀ ਹੈਂ? ਬਹੁਤ ਪੁੱਛਣ ਤੋਂ ਬਾਅਦ ਬੱਚੀ ਨੇ ਕਿਹਾ ਕਿ ਮੈਂ ਮੋਮਿਨ ਹਾਂ, ਇਸ ਲਈ ਮੈਂ ਜੰਨਤ ਵਿੱਚ ਜਾਵਾਂਗੀ, ਅਤੇ ਤੂੰ ਮੁਸ਼ਰਿਕ ਹੈ, ਇਸ ਲਈ ਤੂੰ ਜੰਨਤ ਵਿੱਚ ਨਹੀਂ ਜਾਵੇਂਗੀ। ਇਸ ਤਰ੍ਹਾਂ ਮੌਤ ਤੋਂ ਬਾਅਦ ਦੀ ਜ਼ਿੰਦਗੀ

ਵਿੱਚ ਮੇਰਾ ਅਤੇ ਤੇਰਾ ਸਾਥ ਛੁੱਟ ਜਾਵੇਗਾ। ਇਹ ਸੁਣ ਕੇ ਹਰੀਜਨ ਔਰਤ ਨੇ ਕਿਹਾ ਕਿ ਤੂੰ ਨਾ ਰੋ। ਮੈਂ ਅੱਜ ਤੋਂ ਇਸਲਾਮ ਕਬੂਲ ਕਰਦੀ ਹਾਂ ਤਾਂ ਕਿ ਅਸੀਂ ਦੋਵੇਂ ਇਕੱਠੇ ਜੰਨਤ ਵਿੱਚ ਰਹੀਏ।

ਇਹ ਵਾਕਿਆ ਦੱਸਦਾ ਹੈ ਕਿ ਜੇਕਰ ਘਰ ਦਾ ਮਾਹੌਲ ਅਜਿਹਾ ਹੋਵੇਗਾ, ਬੱਚੇ ਉਸੇ ਤਰ੍ਹਾਂ ਦੇ ਰਾਹ ਦੀ ਚੋਣ ਕਰਨਗੇ, ਅਤੇ ਇਹੀ ਮਾਹੌਲ ਬੱਚਿਆਂ ਦੀ ਜ਼ਹਿਨੀਅਤ ਬਣਾਉਣ ਵਿੱਚ ਰਾਹ ਦਸੇਰੇ ਦਾ ਕਿਰਦਾਰ ਅਦਾ ਕਰਦਾ ਹੈ।

## ਗ਼ੈਰ-ਫ਼ਿਤਰੀ ਮੁਹੱਬਤ

15 ਅਕਤੂਬਰ 2003 ਨੂੰ ਮੈਂ ਸੂਰਤ (ਗੁਜਰਾਤ) ਵਿੱਚ ਸੀ। ਉੱਥੇ ਮੈਂ ਇੱਕ ਹੋਟਲ ਵਿੱਚ ਠਹਿਰਿਆ ਹੋਇਆ ਸੀ। ਇੱਕ ਸਥਾਨਕ ਮੁਸਲਮਾਨ ਮੈਨੂੰ ਮਿਲਣ ਲਈ ਹੋਟਲ ਵਿੱਚ ਆਏ। ਉਨ੍ਹਾਂ ਦੇ ਨਾਲ ਇੱਕ ਛੋਟਾ ਬੱਚਾ ਵੀ ਸੀ। ਉਹ ਉਸ ਬੱਚੇ ਨੂੰ ਆਪਣੀ ਗੋਦ ਵਿੱਚ ਲਏ ਹੋਏ ਸਨ। ਉਹ ਬੱਚੇ ਨੂੰ ਕਦੇ ਮੋਢੇ ’ਤੇ ਬਿਠਾਉਂਦੇ ਅਤੇ ਕਦੇ ਗੋਦ ਵਿੱਚ ਲੈ ਲੈਂਦੇ। ਉਹ ਮੇਰੇ ਕਮਰੇ ਵਿੱਚ ਆ ਕੇ ਬੈਠੇ ਤਾਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਇਹ ਤੁਹਾਡਾ ਬੇਟਾ ਹੈ? ਉਨ੍ਹਾਂ ਨੇ ਖ਼ੁਸ਼ੀ ਦੇ ਲਹਿਜੇ ਵਿੱਚ ਕਿਹਾ ਕਿ ਹਾਂ। ਮੈਂ ਕਿਹਾ ਕਿ ਤੁਸੀਂ ਆਪਣੇ ਬੇਟੇ ਦੇ ਦੁਸ਼ਮਣ ਹੋ। ਇਸ ਦੇ ਨਾਲ ਤੁਹਾਡਾ ਪਿਆਰ ਇਸ ਦੇ ਲਈ ਦੁਸ਼ਮਣੀ ਦੇ ਬਰਾਬਰ ਹੈ। ਇਸ ਅਣਕਿਆਸੀ ਟਿੱਪਣੀ ਨੂੰ ਸੁਣ ਕੇ ਉਹ ਘਬਰਾ ਗਏ। ਉਨ੍ਹਾਂ ਨੇ ਪੁੱਛਿਆ ਕਿ ਉਹ ਕਿਵੇਂ? ਮੈਂ ਕਿਹਾ ਕਿ ਤੁਸੀਂ ਹਮੇਸ਼ਾ ਆਪਣੇ ਸਾਹਿਬਜ਼ਾਦੇ ਨੂੰ ਗੋਦ ਵਿੱਚ ਨਹੀਂ ਰੱਖ ਸਕਦੇ। ਆਖਰਕਾਰ ਉਸ ਨੂੰ ਇੱਕ ਅਜਿਹੀ ਦੁਨੀਆਂ ਵਿੱਚ ਜਾਣਾ ਹੈ ਜਿੱਥੇ ਕੋਈ ਉਸ ਨੂੰ ਗੋਦ ਵਿੱਚ ਲੈਣ ਵਾਲਾ ਨਹੀਂ ਹੋਵੇਗਾ। ਬੱਚੇ ਲਈ ਸੱਚੀ ਮੁਹੱਬਤ ਇਹ ਹੈ ਕਿ ਤੁਸੀਂ ਉਸ ਨੂੰ ਭਵਿੱਖ ਦੇ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਕਰੋ, ਨਾ ਕਿ ਇਹ ਕਿ ਉਸ ਨੂੰ ਇਸ ਤੋਂ ਬੇਖ਼ਬਰ ਰੱਖ ਕੇ ਇੱਕ ਅਜਿਹੀ ਦੁਨੀਆਂ ਵਿੱਚ ਜਿਉਣ ਵਾਲਾ ਬਣਾਓ, ਜੋ ਤੁਹਾਡੀ ਗੋਦ ਤੋਂ ਬਾਹਰ ਆਪਣੀ ਹੋਂਦ ਨਹੀਂ ਰੱਖਦੀ।

ਉਨ੍ਹਾਂ ਨੇ ਕਿਹਾ ਕਿ ਇਹ ਤਾਂ ਅਜੇ ਛੋਟਾ ਬੱਚਾ ਹੈ। ਮੈਂ ਕਿਹਾ ਕਿ ਤੁਹਾਡੀ ਇਹ ਸੋਚ ਕੁਦਰਤ ਦੇ ਖ਼ਿਲਾਫ਼ ਹੈ।

ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਬੱਚੇ ਨੂੰ ਗੋਦ ਵਿੱਚੋਂ ਉਤਾਰ ਦਿੱਤਾ। ਉਤਾਰਦੇ ਹੀ ਉਹ ਬੱਚਾ ਜ਼ਮੀਨ 'ਤੇ ਦੌੜਨ ਲੱਗਾ। ਉਸ ਦਾ ਹਾਲ ਉਸ ਚਿੜੀ ਵਰਗਾ ਹੋ ਗਿਆ, ਜੋ ਪਿੰਜਰੇ ਵਿੱਚ ਬੰਦ ਹੋਵੇ ਅਤੇ ਪਿੰਜਰੇ ਤੋਂ ਆਜ਼ਾਦ ਹੁੰਦੇ ਹੀ ਫ਼ਿਜ਼ਾ (ਹਵਾ) ਵਿੱਚ ਉੱਡਣ ਲੱਗੇ।

ਕੁਦਰਤ ਦੇ ਨਿਜ਼ਾਮ ਮੁਤਾਬਕ, ਬੱਚਾ ਮਾਂ-ਬਾਪ ਦੀ ਗੋਦ ਵਿੱਚ ਰਹਿਣ ਲਈ ਪੈਦਾ ਨਹੀਂ ਹੁੰਦਾ। ਬੱਚਾ ਇਸ ਲਈ ਪੈਦਾ ਹੁੰਦਾ ਹੈ ਕਿ ਉਹ ਦੁਨੀਆਂ ਦੇ ਖੁੱਲ੍ਹੇ ਮੈਦਾਨ ਵਿੱਚ ਦੌੜੇ। ਉਹ ਜ਼ਿੰਦਗੀ ਦੀ ਜੱਦੋ-ਜਹਿਦ ਵਿੱਚ ਦਾਖਲ ਹੋਵੇ। ਉਹ ਹਰ ਕਿਸਮ ਦੇ ਤਜਰਬਿਆਂ ਵਿੱਚੋਂ ਲੰਘਦੇ ਹੋਏ ਆਪਣੇ ਭਵਿੱਖ ਦੀ ਉਸਾਰੀ ਕਰੇ। ਉਹ ਅਨੁਕੂਲ ਅਤੇ ਪ੍ਰਤੀਕੂਲ ਹਾਲਾਤ ਦਾ ਸਾਹਮਣਾ ਕਰਦੇ ਹੋਏ ਆਪਣੀ ਜ਼ਿੰਦਗੀ ਦਾ ਸਫ਼ਰ ਤੈਅ ਕਰੇ। ਅਜਿਹੀ ਹਾਲਤ ਵਿੱਚ ਬੱਚੇ ਨੂੰ ਮਾਂ-ਬਾਪ ਦੀਆਂ ਮਮਤਾਵਾਂ ਦਾ ਆਦੀ ਬਣਾਉਣਾ ਕੁਦਰਤ ਦੀ ਸਕੀਮ ਦੇ ਖ਼ਿਲਾਫ਼ ਹੈ। ਉਹ ਕੁਦਰਤ ਦੇ ਨਿਜ਼ਾਮ ਨਾਲ ਲੜਨਾ ਹੈ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਇਸ ਕੁਦਰਤੀ ਹਕੀਕਤ ਨੂੰ ਸਮਝਣ ਅਤੇ ਇਸ ਦੇ ਮੁਤਾਬਕ ਆਪਣੀ ਔਲਾਦ ਨੂੰ ਬਣਾਉਣ।

## ਜ਼ਿਆਦਾ ਵੱਡੀ ਗੋਦ

ਹਿੰਦੁਸਤਾਨੀ ਰਵਾਇਤਾਂ ਵਿੱਚ ਇੱਕ ਕਹਾਣੀ ਇਸ ਤਰ੍ਹਾਂ ਹੈ ਕਿ ਇੱਕ ਰਾਜੇ ਦੀਆਂ ਦੋ ਰਾਣੀਆਂ ਸਨ। ਦੋਨੋਂ ਰਾਣੀਆਂ ਦੇ ਇੱਥੇ ਇੱਕ-ਇੱਕ ਬੱਚਾ ਸੀ। ਦੋਨੋਂ ਦੇ ਦਰਮਿਆਨ ਮੁਕਾਬਲਾ ਰਹਿੰਦਾ ਸੀ। ਇੱਕ ਦਿਨ ਇੱਕ ਰਾਣੀ ਦਾ ਬੱਚਾ ਰਾਜੇ ਦੀ ਗੋਦ ਵਿੱਚ ਆ ਕੇ ਬੈਠ ਗਿਆ। ਦੂਸਰੀ ਰਾਣੀ ਨੇ ਇਸ ਮੰਜ਼ਰ ਨੂੰ ਦੇਖਿਆ ਤਾਂ ਉਸ ਨੂੰ ਗੁੱਸਾ ਆ ਗਿਆ। ਉਹ ਆਪਣੇ ਬੇਟੇ ਨੂੰ ਲੈ ਕੇ ਆਈ ਅਤੇ ਦੂਸਰੀ ਰਾਣੀ ਦੇ ਬੇਟੇ ਨੂੰ ਹਟਾ ਕੇ ਆਪਣੇ ਬੇਟੇ ਨੂੰ ਰਾਜੇ ਦੀ ਗੋਦ ਵਿੱਚ ਬਿਠਾ ਦਿੱਤਾ। ਬੱਚਾ ਰੋਂਦਾ ਹੋਇਆ ਆਪਣੀ ਮਾਂ ਦੇ ਕੋਲ ਗਿਆ ਅਤੇ ਪੂਰਾ ਵਾਕਿਆ ਦੱਸਿਆ।

ਮਾਂ ਨੇ ਕਿਹਾ ਕਿ ਐ ਮੇਰੇ ਬੇਟੇ! ਤੁਸੀਂ ਪਰਮ ਪਿਤਾ ਦੀ ਗੋਦ ਵਿੱਚ ਬੈਠ ਜਾਓ। ਇਸ ਤੋਂ ਬਾਅਦ ਤੁਹਾਨੂੰ ਇਨ੍ਹਾਂ ਗੱਲਾਂ ਦੀ ਸ਼ਿਕਾਇਤ ਨਹੀਂ ਹੋਵੇਗੀ।

ਇਹ ਇੱਕ ਮਿਸਾਲੀ ਕਹਾਣੀ ਹੈ। ਫਿਰ ਵੀ ਇਸ ਵਿੱਚ ਬਹੁਤ ਵੱਡਾ ਸਬਕ ਹੈ। ਇਨਸਾਨ ਆਮ ਤੌਰ ’ਤੇ ਵਿਭਿੰਨ ਕਿਸਮ ਦੀਆਂ ਸ਼ਿਕਾਇਤਾਂ ਲਈ ਫਿਰਦਾ ਹੈ। ਉਸ ਨੂੰ ਆਪਣੇ ਘਰਦਿਆਂ ਵੱਲੋਂ ਅਤੇ ਸਮਾਜ ਦੇ ਲੋਕਾਂ ਵੱਲੋਂ ਵਿਭਿੰਨ ਕਿਸਮ ਦੇ ਨਾਪਸੰਦ ਤਜ਼ਰਬੇ ਪੇਸ਼ ਆਉਂਦੇ ਰਹਿੰਦੇ ਹਨ ਜੋ ਸ਼ਿਕਾਇਤ ਬਣ ਕੇ ਉਸ ਦੇ ਸੀਨੇ ਵਿੱਚ ਵੱਸ ਜਾਂਦੇ ਹਨ। ਮਗਰ ਇਹ ਸਭ ਬਹੁਤ ਛੋਟੀਆਂ ਗੱਲਾਂ ਹਨ। ਜ਼ਿਆਦਾ ਵੱਡੀ ਗੱਲ ਇਹ ਹੈ ਕਿ ਆਦਮੀ ਖ਼ੁਦਾ ਦੀਆਂ ਯਾਦਾਂ ਵਿੱਚ ਜਿਉਣ ਵਾਲਾ ਬਣੇ। ਉਹ ਆਪਣਾ ਸਾਰਾ ਭਰੋਸਾ ਖ਼ੁਦਾ ’ਤੇ ਕਾਇਮ ਕਰੇ। ਉਹ ਖ਼ੁਦਾ ਦੀਆਂ ਦਿੱਤੀਆਂ ਹੋਈਆਂ ਚੀਜ਼ਾਂ ਦੀ ਵਡਿਆਈ ਵਿੱਚ ਇਸ ਤਰ੍ਹਾਂ ਗੁਆਚ ਜਾਵੇ ਕਿ ਉਸ ਨੂੰ ਯਾਦ ਹੀ ਨਾ ਰਹੇ ਕਿ ਕਿਸੇ ਨੇ ਉਸ ਨੂੰ ਕੀ ਦਿੱਤਾ ਜਾਂ ਕੀ ਨਹੀਂ ਦਿੱਤਾ।

ਇਨਸਾਨਾਂ ਤੋਂ ਸ਼ਿਕਾਇਤ ਦਰਅਸਲ ਖ਼ੁਦਾ ਤੋਂ ਗ਼ਫ਼ਲਤ ਦਾ ਨਤੀਜਾ ਹੈ। ਖ਼ੁਦਾ ਵੱਲੋਂ ਇਨਸਾਨ ਨੂੰ ਜੋ ਬੇਸ਼ੁਮਾਰ ਨਿਅਮਤਾਂ ਮਿਲੀਆਂ ਹੋਈਆਂ ਹਨ ਉਹ ਇੱਕ ਅਥਾਹ ਸਮੁੰਦਰ ਦੀ ਤਰ੍ਹਾਂ ਹਨ ਅਤੇ ਇਨਸਾਨਾਂ ਵੱਲੋਂ ਜੋ ਕੁਝ ਪੇਸ਼ ਆਉਂਦਾ ਹੈ ਉਹ ਇਸ ਦੇ ਮੁਕਾਬਲੇ ਵਿੱਚ ਇੱਕ ਕਤਰੇ ਤੋਂ ਵੀ ਘੱਟ ਹੈ। ਖ਼ੁਦਾ ਦੀਆਂ ਬਖ਼ਸ਼ਿਸ਼ਾਂ ਦੇ ਇਸ ਸਮੁੰਦਰ ਵਿੱਚ ਜੇਕਰ ਕੋਈ ਵਿਅਕਤੀ ਆਪਣੀ ਤਰਫ਼ੋਂ ਇੱਕ ਕਤਰਾ ਹੋਰ ਪਾ ਦੇਵੇ ਤਾਂ ਸਮੁੰਦਰ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਇਸੇ ਤਰ੍ਹਾਂ ਜੇਕਰ ਕੋਈ ਵਿਅਕਤੀ ਇਸ ਸਮੁੰਦਰ ਵਿੱਚੋਂ ਇੱਕ ਕਤਰਾ ਕੱਢ ਲਵੇ ਤਾਂ ਵੀ ਇਸ ਵਿੱਚ ਕੋਈ ਕਮੀ ਹੋਣ ਵਾਲੀ ਨਹੀਂ। ਹਰ ਆਦਮੀ “ਪਰਮ ਪਿਤਾ” ਦੀ ਗੋਦ ਵਿੱਚ ਬੈਠਾ ਹੋਇਆ ਹੈ। ਇਸ ਵਾਕਿਆ ਦਾ ਚੇਤੰਨ ਅਹਿਸਾਸ ਜੇਕਰ ਪੂਰੀ ਤਰ੍ਹਾਂ ਹਾਸਲ ਹੋ ਜਾਵੇ ਤਾਂ ਆਦਮੀ ਵੱਡੀ ਤੋਂ ਵੱਡੀ ਸ਼ਿਕਾਇਤ ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਕਰ ਦੇਵੇਗਾ ਜਿਵੇਂ ਕਿ ਇਸ ਦੀ ਕੋਈ ਹਕੀਕਤ ਹੀ ਨਹੀਂ।

# ਸ਼ਹਿਨਸ਼ਾਹ ਅਕਬਰ ਦੀ ਵਾਲਦਾ (ਮਾਤਾ)

ਮੁੱਲਾ ਅਬਦੁਲ ਨਬੀ (ਮੌਤ 991 ਹਿਜਰੀ) ਸ਼ਹਿਨਸ਼ਾਹ ਅਕਬਰ ਦੇ ਜ਼ਮਾਨੇ ਦੇ ਵੱਡੇ ਵਿਦਵਾਨਾਂ ਵਿੱਚੋਂ ਇੱਕ ਸਨ। ਉਨ੍ਹਾਂ ਦੀ ਬਣਵਾਈ ਹੋਈ ਇੱਕ ਮਸਜਿਦ ਅਜੇ ਵੀ ਨਵੀਂ ਦਿੱਲੀ ਵਿੱਚ ਬਹਾਦਰ ਸ਼ਾਹ ਜ਼ਫ਼ਰ ਮਾਰਗ ਦੇ ਕਿਨਾਰੇ ਮੌਜੂਦ ਹੈ, ਜੋ ਮਸਜਿਦ ਅਬਦੁਲ ਨਬੀ ਦੇ ਨਾਮ ਨਾਲ ਮਸ਼ਹੂਰ ਹੈ। ਮੁੱਲਾ ਅਬਦੁਲ ਨਬੀ ਸ਼ਹਿਨਸ਼ਾਹ ਅਕਬਰ ਦੇ ਉਸਤਾਦ ਸਨ। ਇਸੇ ਕਰਕੇ ਉਹ ਅਕਬਰ ਦੇ ਦਰਬਾਰ ਵਿੱਚ ਬਿਨਾਂ ਰੋਕ-ਟੋਕ ਆਉਂਦੇ-ਜਾਂਦੇ ਸਨ।

ਅਕਬਰ ਨੇ ਮੁੱਲਾ ਅਬਦੁਲ ਨਬੀ ਨੂੰ ਹਕੂਮਤ ਵਿੱਚ 'ਸਦਰ-ਉਸ-ਸਦੂਰ' ਦੇ ਅਹੁਦੇ 'ਤੇ ਨਿਯੁਕਤ ਕੀਤਾ ਸੀ। ਅਕਬਰ ਨਾਲ ਖ਼ਾਸ ਸਬੰਧ ਹੋਣ ਕਰਕੇ ਮੁੱਲਾ ਅਬਦੁਲ ਨਬੀ ਨੂੰ ਉਸ ਜ਼ਮਾਨੇ ਵਿੱਚ ਬਹੁਤ ਇੱਜ਼ਤ ਵਾਲਾ ਮੁਕਾਮ ਹਾਸਲ ਹੋਇਆ। ਮੁੱਲਾ ਅਬਦੁਲ ਕਾਦਿਰ ਬਦਾਯੂਨੀ ਦਾ ਬਿਆਨ ਹੈ ਕਿ ਸਦਾਰਤ ਦਾ ਅਹੁਦਾ ਕਿਸੇ ਸਲਤਨਤ ਵਿੱਚ ਉਹ ਅਹਿਮੀਅਤ ਹਾਸਲ ਨਹੀਂ ਕਰ ਸਕਿਆ, ਜੋ ਮੁੱਲਾ ਅਬਦੁਲ ਨਬੀ ਦੇ ਜ਼ਮਾਨੇ ਵਿੱਚ ਉਸ ਨੂੰ ਹਾਸਲ ਸੀ:

> ਦਰ ਜ਼ਮਾਨੇ ਹੇਚ ਪਾਤਸ਼ਾਹੀ ਈਂ ਚੁਨੀਂ ਸਦਰੇ ਬਾ ਇਸਤਕਲਾਲ ਨਗੁਸ਼ਤਾ...

ਅਕਬਰ ਨੂੰ ਮੁੱਲਾ ਅਬਦੁਲ ਨਬੀ ਨਾਲ ਇੰਨੀ ਅਕੀਦਤ ਸੀ ਕਿ ਉਹ ਉਨ੍ਹਾਂ ਦੇ ਜੁੱਤੇ ਸਿੱਧੇ ਕਰਿਆ ਕਰਦਾ ਸੀ। ਉਨ੍ਹਾਂ ਦੇ ਮਕਾਨ 'ਤੇ ਜਾ ਕੇ ਉਨ੍ਹਾਂ ਤੋਂ ਹਦੀਸ ਸੁਣਦਾ ਸੀ। ਮੁੱਲਾ ਅਬਦੁਲ ਨਬੀ ਦੀ ਸੰਗਤ ਨਾਲ ਉਸ ਦੀ ਧਾਰਮਿਕ ਸ਼ਰਧਾ ਇੱਥੋਂ ਤੱਕ ਪਹੁੰਚ ਗਈ ਸੀ ਕਿ ਉਹ ਮਸਜਿਦ ਵਿੱਚ ਖ਼ੁਦ ਅਜ਼ਾਨ ਦਿੰਦਾ ਸੀ ਅਤੇ ਸਵਾਬ ਦੀ ਖ਼ਾਤਰ ਕਦੇ-ਕਦੇ ਮਸਜਿਦ ਵਿੱਚ ਝਾੜੂ ਵੀ ਦਿੰਦਾ ਸੀ।

ਇੱਕ ਵਾਰ ਅਜਿਹਾ ਹੋਇਆ ਕਿ ਉਸ ਦੀ ਸਾਲਗ੍ਰਿਹਿ ਦੀ ਤਕਰੀਬ ਸੀ। ਅਕਬਰ ਨੇ ਆਪਣੀ ਮਸ਼ਹੂਰ ਪਾਲਿਸੀ ਦੇ ਮੁਤਾਬਕ, ਉਸ ਦਿਨ ਜੋ ਕੱਪੜਾ ਪਹਿਨਿਆ ਸੀ, ਉਹ ਕੇਸਰੀ ਰੰਗ (ਗ਼ੈਰੂਏ ਰੰਗ) ਦਾ ਕੱਪੜਾ ਸੀ। ਮੁੱਲਾ ਅਬਦੁਲ

ਨਬੀ ਨੇ ਜਦੋਂ ਉਸ ਨੂੰ ਦੇਖਿਆ ਤਾਂ ਉਹ ਇਸ ਨੂੰ ਹਿੰਦੂਆਣਾ ਰੰਗ ਸਮਝ ਕੇ ਗੁੱਸੇ ਹੋ ਗਏ, ਅਤੇ ਭਰੇ ਦਰਬਾਰ ਵਿੱਚ ਅਕਬਰ ਨੂੰ ਆਪਣੇ ਡੰਡੇ (ਅਸਾ) ਨਾਲ ਮਾਰਿਆ। ਅਕਬਰ ਨੂੰ ਇਸ ’ਤੇ ਬੁਰਾ ਲੱਗਿਆ, ਮਗਰ ਉਹ ਖ਼ਾਮੋਸ਼ੀ ਨਾਲ ਉੱਠ ਕੇ ਮਹਿਲ ਦੇ ਅੰਦਰ ਚਲਾ ਗਿਆ। ਮਹਿਲ ਦੇ ਅੰਦਰ ਉਸ ਦੀ ਮਾਂ ਮਰੀਅਮ ਮਕਾਨੀ ਮੌਜੂਦ ਸਨ। ਉਸ ਨੇ ਆਪਣੀ ਮਾਂ ਨੂੰ ਕਿਹਾ ਕਿ ਮੁੱਲਾ ਅਬਦੁਲ ਨਬੀ ਨੇ ਅੱਜ ਭਰੇ ਦਰਬਾਰ ਵਿੱਚ ਮੈਨੂੰ ਮਾਰਿਆ। ਜੇਕਰ ਉਹ ਇਕਾਂਤ ਵਿੱਚ ਮੈਨੂੰ ਨਸੀਹਤ ਕਰਦੇ ਤਾਂ ਇਸ ਵਿੱਚ ਕੋਈ ਹਰਜ ਨਹੀਂ ਸੀ।

ਅਕਬਰ ਦੀ ਮਾਂ ਮਰੀਅਮ ਮਕਾਨੀ ਇੱਕ ਜ਼ਹੀਨ ਅਤੇ ਪੜ੍ਹੀ-ਲਿਖੀ ਔਰਤ ਸੀ। ਉਹਨਾਂ ਨੇ ਅਕਬਰ ਦੀ ਗੱਲ ਸੁਣ ਕੇ ਕਿਹਾ— ਪੁੱਤਰ, ਦਿਲ ’ਤੇ ਨਾ ਲਾਉਣਾ, ਇਹ ਤੁਹਾਡੇ ਲਈ ਆਖਿਰਤ (ਪ੍ਰਲੋਕ) ਵਿੱਚ ਮੁਕਤੀ ਦਾ ਜ਼ਰੀਆ ਹੈ। ਕਿਆਮਤ ਤੱਕ ਚਰਚਾ ਰਹੇਗੀ ਕਿ ਇੱਕ ਬੇਅਖ਼ਤਿਆਰ ਮੁੱਲ੍ਹਾ ਨੇ ਬਾਦਸ਼ਾਹ ਨਾਲ ਇਹ ਹਰਕਤ ਕੀਤੀ ਅਤੇ ਨੇਕ ਬਾਦਸ਼ਾਹ ਨੇ ਇਸ ’ਤੇ ਸਬਰ ਕਰ ਲਿਆ। (ਮਆਸਿਰੁਲ ਉਮਰਾ, ਜਿਲਦ ਦੂਜੀ, ਸਫ਼ਾ 560) — ਇਸ ਤੋਂ ਪਤਾ ਲੱਗਦਾ ਹੈ ਕਿ ਔਲਾਦ ਦੀ ਮਾਨਸਿਕਤਾ ਘੜਨ ਵਿੱਚ ਔਰਤ ਦਾ ਕਿਰਦਾਰ ਬਹੁਤ ਅਹਿਮ ਹੈ।

## ਘਰ ਦਾ ਮਾਹੌਲ

ਅੱਜ-ਕੱਲ੍ਹ ਇਹ ਹਾਲ ਹੈ ਕਿ ਦੁਨਿਆਵੀ ਬੰਦੇ ਅਤੇ ਧਾਰਮਿਕ ਬੰਦੇ ਦਾ ਫ਼ਰਕ ਬਾਹਰ ਦੀ ਜ਼ਿੰਦਗੀ ਵਿੱਚ ਤਾਂ ਨਜ਼ਰ ਆਉਂਦਾ ਹੈ, ਪਰ ਘਰ ਦੀ ਜ਼ਿੰਦਗੀ ਵਿੱਚ ਇਹ ਫ਼ਰਕ ਦਿਖਾਈ ਨਹੀਂ ਦਿੰਦਾ। ਵੇਖਣ ਨੂੰ ਦੋਵਾਂ ਦਾ ਪਹਿਰਾਵਾ ਵੱਖਰਾ ਹੁੰਦਾ ਹੈ। ਦੁਨਿਆਵੀ ਬੰਦਾ ਜੇਕਰ ‘ਗੁੱਡ ਮਾਰਨਿੰਗ’ (good-morning) ਕਹਿੰਦਾ ਹੈ ਤਾਂ ਧਾਰਮਿਕ ਬੰਦਾ ‘ਅੱਸਲਾਮੁ ਅਲੈਕੁਮ’ ਕਹਿੰਦਾ ਹੈ। ਦੁਨਿਆਵੀ ਬੰਦਾ ਜੇਕਰ ਕਲੱਬ (club) ਜਾਂਦਾ ਹੈ ਤਾਂ ਧਾਰਮਿਕ ਬੰਦਾ ਮਸੀਤ ਜਾਂਦਾ ਹੈ, ਵਗੈਰਾ। ਪਰ ਇਹ ਫ਼ਰਕ ਬਾਹਰ ਦੀ ਜ਼ਿੰਦਗੀ ਤੱਕ ਹੀ ਹੈ। ਘਰ ਦੇ ਅੰਦਰ ਦੇ ਮਾਹੌਲ ਨੂੰ

ਵੇਖੀਏ ਤਾਂ ਦੁਨਿਆਵੀ ਬੰਦੇ ਦੇ ਘਰ ਅਤੇ ਧਾਰਮਿਕ ਬੰਦੇ ਦੇ ਘਰ ਵਿੱਚ ਕੋਈ ਫ਼ਰਕ ਦਿਖਾਈ ਨਹੀਂ ਦੇਵੇਗਾ। ਅਤੇ ਜੇਕਰ ਕੋਈ ਫ਼ਰਕ ਹੋਵੇਗਾ ਵੀ ਤਾਂ ਉਹ ਸਿਰਫ਼ ਦਿਖਾਵੇ ਦੀਆਂ ਰਸਮਾਂ ਦੇ ਪੱਖੋਂ ਹੋਵੇਗਾ, ਨਾ ਕਿ ਅਸਲੀਅਤ ਦੇ ਪੱਖੋਂ।

ਕੁਰਆਨ ਵਿੱਚ ਦੋਵਾਂ ਕਿਸਮਾਂ ਦੇ ਘਰਾਂ ਦੀ ਪਛਾਣ ਦੱਸੀ ਗਈ ਹੈ। ਗ਼ੈਰ-ਧਾਰਮਿਕ ਇਨਸਾਨ ਦੇ ਘਰ ਦੀ ਪਛਾਣ ਜਾਣਨ ਲਈ ਕੁਰਆਨ ਦੀ ਇਸ ਆਇਤ ਨੂੰ ਪੜ੍ਹੋ: (ਇੰਨਹੂ ਕਾਨਾ ਫ਼ੀ ਅਹਲੀਹੀ ਮਸਰੂਰਾ)। ਯਾਨੀ, ਉਹ ਆਪਣੇ ਘਰਦਿਆਂ ਦੇ ਵਿੱਚ ਖ਼ੁਸ਼ ਰਹਿੰਦਾ ਸੀ। ਇਸ ਦਾ ਮਤਲਬ ਇਹ ਹੈ ਕਿ ਗ਼ੈਰ-ਧਾਰਮਿਕ ਇਨਸਾਨ ਦੀ ਜ਼ਿੰਦਗੀ ਖ਼ਾਨਦਾਨੀ ਪੱਖੋਂ (family-oriented) ਹੁੰਦੀ ਹੈ। ਉਹ ਆਪਣੇ ਘਰ ਵਿੱਚ ਆ ਕੇ ਮਹਿਸੂਸ ਕਰਦਾ ਹੈ ਕਿ ਮੈਂ ਆਪਣੇ ਲੋਕਾਂ ਦੇ ਵਿੱਚ ਆ ਗਿਆ। ਉਹ ਆਪਣਾ ਸਾਰਾ ਵੇਲਾ ਅਤੇ ਆਪਣਾ ਪੈਸਾ ਆਪਣੇ ਪਰਿਵਾਰ 'ਤੇ ਖ਼ਰਚ ਕਰਦਾ ਹੈ ਅਤੇ ਸੰਤੁਸ਼ਟ ਰਹਿੰਦਾ ਹੈ ਕਿ ਮੈਂ ਆਪਣੇ ਵੇਲੇ ਅਤੇ ਆਪਣੇ ਪੈਸੇ ਦੀ ਸਹੀ ਵਰਤੋਂ ਕੀਤੀ। ਉਹ ਆਪਣੇ ਪਰਿਵਾਰ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ। ਉਸ ਦੀ ਦਿਲਚਸਪੀ ਅਤੇ ਉਸ ਦੀਆਂ ਸਰਗਰਮੀਆਂ ਦਾ ਕੇਂਦਰ ਉਸ ਦਾ ਪਰਿਵਾਰ ਹੁੰਦਾ ਹੈ। ਜੋ ਲੋਕ ਇਸ ਤਰ੍ਹਾਂ ਜ਼ਿੰਦਗੀ ਗੁਜ਼ਾਰਦੇ ਹਨ, ਉਹ ਕਦੇ ਰੱਬ ਦੇ ਪਿਆਰੇ ਬੰਦੇ ਨਹੀਂ ਬਣ ਸਕਦੇ। ਰੱਬ ਦੀਆਂ ਸਦੀਵੀ ਰਹਿਮਤਾਂ ਵਿੱਚ ਉਹਨਾਂ ਲਈ ਕੋਈ ਹਿੱਸਾ ਨਹੀਂ।

ਧਾਰਮਿਕ ਇਨਸਾਨ ਦੇ ਘਰ ਦੀ ਪਛਾਣ ਰੱਬ ਦੀ ਕਿਤਾਬ ਦੀ ਇਸ ਆਇਤ ਵਿੱਚ ਮਿਲਦੀ ਹੈ: (ਕਾਲੂ ਇੰਨਾ ਕੁੰਨਾ ਕਬਲੂ ਫ਼ੀ ਅਹਲੀਨਾ ਮੁਸ਼ਫ਼ਿਕੀਨ)। ਯਾਨੀ, ਜੰਨਤ ਵਾਲੇ ਕਹਿਣਗੇ ਕਿ ਇਸ ਤੋਂ ਪਹਿਲਾਂ ਅਸੀਂ ਆਪਣੇ ਪਰਿਵਾਰ ਦੇ ਵਿਚਕਾਰ ਡਰਦੇ ਰਹਿੰਦੇ ਸੀ। ਇਸ ਤੋਂ ਪਤਾ ਲੱਗਿਆ ਕਿ ਸੱਚਾ ਧਾਰਮਿਕ ਇਨਸਾਨ ਉਹ ਹੈ ਜੋ ਹਰ ਵੇਲੇ ਰੱਬ ਦੀ ਪਕੜ ਤੋਂ ਡਰਦਾ ਹੋਵੇ, ਚਾਹੇ ਉਹ ਆਪਣੇ ਘਰ ਤੋਂ ਬਾਹਰ ਹੋਵੇ ਜਾਂ ਆਪਣੇ ਘਰ ਦੇ ਅੰਦਰ। ਉਹ ਜਵਾਬਦੇਹੀ (accountability) ਦੀ ਮਾਨਸਿਕਤਾ ਦੇ ਹੇਠਾਂ ਜ਼ਿੰਦਗੀ ਗੁਜ਼ਾਰਦਾ ਹੈ, ਨਾ ਕਿ ਬੇਫ਼ਿਕਰੀ ਦੀ ਮਾਨਸਿਕਤਾ ਦੇ ਹੇਠਾਂ।

# ਪਰਿਵਾਰ ਦੀ ਅਹਿਮੀਅਤ

ਪਰਿਵਾਰ (family) ਵਿਸ਼ਾਲ ਮਨੁੱਖਤਾ ਦੀ ਇੱਕ ਇਕਾਈ (unit) ਹੈ। ਪਰਿਵਾਰ ਦੇ ਅੰਦਰ ਸੀਮਤ ਦਾਇਰੇ ਵਿੱਚ ਉਹ ਸਾਰੇ ਹਾਲਾਤ ਪੇਸ਼ ਆਉਂਦੇ ਹਨ ਜੋ ਵਿਸ਼ਾਲ ਮਨੁੱਖਤਾ ਦੇ ਅੰਦਰ ਜ਼ਿਆਦਾ ਵੱਡੇ ਪੱਧਰ 'ਤੇ ਪੇਸ਼ ਆਉਂਦੇ ਹਨ। ਇਸ ਪੱਖੋਂ, ਪਰਿਵਾਰ ਹਰ ਇੱਕ ਲਈ ਮੰਨੋ ਇੱਕ ਸਿਖਲਾਈ ਸਕੂਲ ਹੈ। ਹਰ ਆਦਮੀ ਆਪਣੇ ਪਰਿਵਾਰ ਦੇ ਅੰਦਰ ਉਹਨਾਂ ਸਾਰੀਆਂ ਗੱਲਾਂ ਨੂੰ ਸਿੱਖ ਸਕਦਾ ਹੈ ਜੋ ਦੁਨੀਆ ਵਿੱਚ ਕਾਮਯਾਬ ਜ਼ਿੰਦਗੀ ਗੁਜ਼ਾਰਨ ਲਈ ਜ਼ਰੂਰੀ ਹਨ। ਪਰ ਇਸ ਦੀ ਇੱਕ ਸ਼ਰਤ ਹੈ, ਉਹ ਇਹ ਕਿ ਆਦਮੀ ਪਰਿਵਾਰ-ਪ੍ਰਸਤੀ ਦਾ ਸ਼ਿਕਾਰ ਨਾ ਹੋਵੇ। ਉਹ ਆਪਣੇ ਪਰਿਵਾਰ ਨੂੰ ਵੀ ਉਸੇ ਨਜ਼ਰ ਨਾਲ ਵੇਖੇ ਜਿਸ ਤਰ੍ਹਾਂ ਕੋਈ ਵਿਅਕਤੀ ਦੂਜੇ ਇਨਸਾਨਾਂ ਨੂੰ ਵੇਖਦਾ ਹੈ।

ਹਕੀਕਤ ਇਹ ਹੈ ਕਿ ਦੁਨੀਆ ਵਿੱਚ ਜਿੰਨੇ ਵੱਖ-ਵੱਖ ਕਿਸਮਾਂ ਦੇ ਕਿਰਦਾਰ ਹਨ, ਉਹ ਸਾਰੇ ਕਿਰਦਾਰ ਹਰ ਆਦਮੀ ਦੇ ਆਪਣੇ ਪਰਿਵਾਰ ਦੇ ਮੈਂਬਰਾਂ ਵਿੱਚ ਮੌਜੂਦ ਹੁੰਦੇ ਹਨ। ਪਰਿਵਾਰ ਹਰ ਆਦਮੀ ਲਈ ਰਵਾਇਤੀ 'ਜਾਮ-ਏ-ਜਮਸ਼ੇਦ' ਵਾਂਗ ਹੈ। ਪਰਿਵਾਰ ਦੇ ਸ਼ੀਸ਼ੇ ਵਿੱਚ ਆਦਮੀ ਹਰ ਕਿਸਮ ਦੇ ਇਖ਼ਲਾਕ (ਨੈਤਿਕਤਾ) ਦਾ ਨਮੂਨਾ ਵੇਖ ਸਕਦਾ ਹੈ। ਇਸ ਤਰ੍ਹਾਂ ਹਰ ਆਦਮੀ ਲਈ ਇਹ ਸੰਭਵ ਹੈ ਕਿ ਉਹ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਵੇਖ ਕੇ ਜ਼ਿੰਦਗੀ ਦਾ ਤਜ਼ਰਬਾ ਹਾਸਲ ਕਰੇ ਅਤੇ ਆਪਣੀ ਜ਼ਿੰਦਗੀ ਦੀ ਹਕੀਕਤਪਸੰਦਾਨਾ ਅੰਦਾਜ਼ ਵਿੱਚ ਯੋਜਨਾਬੰਦੀ ਕਰੇ।

ਮਗਰ ਬਹੁਤ ਘੱਟ ਅਜਿਹੇ ਵਿਅਕਤੀ ਹਨ ਜੋ ਇਸ ਨਜ਼ਦੀਕੀ ਮੌਕੇ ਤੋਂ ਫ਼ਾਇਦਾ ਉਠਾਉਂਦੇ ਹਨ। ਇਸ ਤੋਂ ਵਾਂਝੇ ਰਹਿਣ ਦਾ ਕਾਰਨ ਕੀ ਹੈ? ਇਸ ਦਾ ਕਾਰਨ ਸਿਰਫ਼ ਇੱਕ ਹੈ, ਅਤੇ ਉਹ ਹੈ ਲੋਕਾਂ ਦੇ ਅੰਦਰ ਮੌਜੂਦ ਪੱਖਪਾਤੀ ਸੋਚ ਦਾ ਨਾ ਹੋਣਾ।

ਲੋਕਾਂ ਦਾ ਹਾਲ ਇਹ ਹੈ ਕਿ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਬਾਰੇ ਬਹੁਤ ਜਲਦੀ ਪੱਖਪਾਤੀ ਨਜ਼ਰੀਏ ਦਾ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਨੂੰ ਆਪਣੇ

ਘਰਦਿਆਂ ਦੀ ਗ਼ਲਤੀ ਦਿਖਾਈ ਨਹੀਂ ਦਿੰਦੀ। ਉਹ ਪਰਿਵਾਰ ਤੋਂ ਬਾਹਰ ਦੇ ਲੋਕਾਂ ਬਾਰੇ ਗ਼ੈਰ-ਹਮਦਰਦਾਨਾ ਅੰਦਾਜ਼ ਵਿੱਚ ਸੋਚਦੇ ਹਨ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਬਾਰੇ ਹਮਦਰਦਾਨਾ ਅੰਦਾਜ਼ ਵਿੱਚ। ਉਹ ਪਰਿਵਾਰ ਤੋਂ ਬਾਹਰ ਦੇ ਲੋਕਾਂ ਨੂੰ ਇੱਕ ਨਜ਼ਰ ਨਾਲ ਵੇਖਦੇ ਹਨ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਦੂਜੀ ਨਜ਼ਰ ਨਾਲ। ਇਸ ਤਰ੍ਹਾਂ ਉਹਨਾਂ ਦਾ ਹਾਲ ਇਹ ਹੋ ਜਾਂਦਾ ਹੈ ਕਿ ਉਹ ਨਾ ਆਪਣਿਆਂ ਦੀ ਜ਼ਿੰਦਗੀ ਤੋਂ ਸਬਕ ਹਾਸਲ ਕਰਦੇ ਹਨ ਅਤੇ ਨਾ ਹੀ ਦੂਜਿਆਂ ਦੀ ਜ਼ਿੰਦਗੀ ਤੋਂ ਕੋਈ ਨਸੀਹਤ ਲੈਂਦੇ ਹਨ।

ਅਗਸਤ 1996 ਵਿੱਚ ਮੇਰਾ ਅਮਰੀਕਾ ਦਾ ਸਫ਼ਰ ਹੋਇਆ। ਉੱਥੇ ਮਾਊਂਟ ਹਾਲੀ (ਨਿਊ ਜਰਸੀ) ਦੀ ਮਸੀਤ ਵਿੱਚ ਇੱਕ ਇਕੱਠ ਹੋਇਆ। ਇਸ ਵਿੱਚ ਜ਼ਿਆਦਾਤਰ ਔਰਤਾਂ ਸ਼ਾਮਲ ਸਨ। ਇਸ ਵਿੱਚ ਭਾਸ਼ਣ ਦਾ ਵਿਸ਼ਾ ਸੀ ਕਿ 'ਅਮਰੀਕੀ ਸਮਾਜ ਵਿੱਚ ਬੱਚਿਆਂ ਦੀ ਇਸਲਾਮੀ ਸੁਰੱਖਿਆ'। ਇਸ 'ਤੇ ਬੋਲਦੇ ਹੋਏ ਮੈਂ ਜੋ ਕੁਝ ਕਿਹਾ, ਉਸ ਦਾ ਸਾਰ ਇਹ ਸੀ: ਮੈਂ ਕਿਹਾ ਕਿ ਅਗਲੀ ਨਸਲ ਦੀ ਇਸਲਾਮੀ ਸੁਰੱਖਿਆ ਇਸ ਤਰ੍ਹਾਂ ਨਹੀਂ ਹੋ ਸਕਦੀ ਕਿ ਤੁਸੀਂ ਇੱਕ ਮੌਲਵੀ ਸਾਹਿਬ ਨਿਯੁਕਤ ਕਰ ਦਿਓ ਜੋ ਰੋਜ਼ਾਨਾ ਸ਼ਾਮ ਨੂੰ ਆ ਕੇ 'ਦੀਨੀਆਤ' ਪੜ੍ਹਾ ਦੇਣ। ਜਾਂ ਕੋਈ ਧਾਰਮਿਕ ਰਸਾਲਾ ਤੁਸੀਂ ਆਪਣੇ ਬੱਚਿਆਂ ਦੇ ਨਾਂ ਲਵਾ ਦਿਓ। ਜਾਂ ਉਹਨਾਂ ਨੂੰ ਸੱਭਿਆਚਾਰਕ ਕਿਸਮ ਦੀਆਂ ਕੁਝ ਚੀਜ਼ਾਂ ਦਾ ਆਦੀ ਬਣਾਉਣ ਦੀ ਕੋਸ਼ਿਸ਼ ਕਰੋ। ਇਸ ਦਾ ਇਕੋ-ਇਕ ਹੱਲ ਇਹ ਹੈ ਕਿ ਜੇਕਰ ਤੁਸੀਂ ਆਪਣੇ ਬੱਚਿਆਂ ਨੂੰ ਇਸਲਾਮਿਕ ਬਣਾਉਣਾ ਚਾਹੁੰਦੇ ਹੋ, ਤਾਂ ਸਭ ਤੋਂ ਪਹਿਲਾਂ ਆਪਣੇ ਘਰ ਨੂੰ ਇਸਲਾਮਿਕ ਬਣਾਓ।

ਤੁਹਾਡੇ ਘਰ ਵਿੱਚ ਦੁਨੀਆ ਦੀ ਚਰਚਾ ਨਾ ਹੋਵੇ ਸਗੋਂ ਦੀਨ (ਧਰਮ) ਦੀ ਚਰਚਾ ਹੋਵੇ। ਘਰ ਦਾ ਮਾਹੌਲ ਪਦਾਰਥਕ ਰੰਗ ਵਿੱਚ ਰੰਗਿਆ ਹੋਇਆ ਨਾ ਹੋਵੇ ਸਗੋਂ ਆਖਿਰਤ (ਪ੍ਰਲੋਕ) ਦੇ ਰੰਗ ਵਿੱਚ ਰੰਗਿਆ ਹੋਇਆ ਹੋਵੇ। ਦੂਜੀ ਗੱਲ ਇਹ ਹੈ ਕਿ ਤੁਸੀਂ ਆਪਣੇ ਬੱਚਿਆਂ ਦੇ ਅੰਦਰ ਪ੍ਰਚਾਰਕ ਭਾਵਨਾ (da'wah spirit) ਪੈਦਾ ਕਰੋ। ਇਹ ਇੱਕ ਅਸੂਲ ਹੈ ਕਿ ਜੋ ਦੂਜਿਆਂ ਨੂੰ ਸੱਦਾ (guide) ਨਹੀਂ ਦਿੰਦਾ, ਉਹ ਖੁਦ ਦੂਜਿਆਂ ਤੋਂ ਪ੍ਰਭਾਵਿਤ ਹੋਣ ਲੱਗਦਾ ਹੈ। ਇਸ ਲਈ ਜੇਕਰ ਤੁਸੀਂ ਆਪਣੇ ਬੱਚਿਆਂ ਅੰਦਰ ਪ੍ਰਚਾਰਕ ਭਾਵਨਾ ਪੈਦਾ ਨਹੀਂ ਕੀਤੀ, ਤਾਂ ਉਹ

ਦੂਜਿਆਂ ਤੋਂ ਪ੍ਰਭਾਵਿਤ ਹੋ ਕੇ ਰਹਿਣਗੇ। ਇਹ ਕੁਦਰਤ ਦਾ ਕਾਨੂੰਨ ਹੈ, ਅਤੇ ਕੁਦਰਤ ਦਾ ਕਾਨੂੰਨ ਕਦੇ ਨਹੀਂ ਬਦਲਦਾ।

## ਤਰਬੀਅਤ ਗਾਹ (ਸਿਖਲਾਈ ਕੇਂਦਰ)

ਇੱਕ ਹਦੀਸ-ਏ-ਰਸੂਲ ਦਾ ਅਨੁਵਾਦ ਇਹ ਹੈ: ਤੁਹਾਡੇ ਵਿੱਚੋਂ ਬਿਹਤਰ ਉਹ ਹੈ ਜੋ ਆਪਣੇ ਘਰ ਵਾਲਿਆਂ ਲਈ ਬਿਹਤਰ ਹੋਵੇ (ਇਬਨ ਮਾਜਾ, ਹਦੀਸ ਨੰਬਰ 1977)। ਇਸ ਦਾ ਮਤਲਬ ਇਹ ਹੈ ਕਿ ਜੋ ਆਦਮੀ ਆਪਣੇ ਘਰ ਦੇ ਲੋਕਾਂ ਨਾਲ ਪੇਸ਼ ਆਉਣ ਵਿੱਚ ਬਿਹਤਰ ਹੋਵੇਗਾ, ਉਹ ਬਾਹਰ ਵਾਲਿਆਂ ਨਾਲ ਪੇਸ਼ ਆਉਣ ਵਿੱਚ ਵੀ ਬਿਹਤਰ ਸਾਬਤ ਹੋਵੇਗਾ। ਘਰ ਹਰ ਆਦਮੀ ਦੀ ਕੁਦਰਤੀ ਤਰਬੀਅਤ ਗਾਹ ਹੈ। ਘਰ ਦੇ ਅੰਦਰੂਨੀ ਸੀਮਤ ਘੇਰੇ ਵਿੱਚ ਉਹ ਸਾਰੇ ਮਾਮਲੇ ਪੇਸ਼ ਆਉਂਦੇ ਹਨ ਜੋ ਬਾਹਰ ਸਮਾਜ ਦੇ ਅੰਦਰ ਵਿਸ਼ਾਲ ਰੂਪ ਵਿੱਚ ਪੇਸ਼ ਆਉਂਦੇ ਹਨ। ਇਸ ਲਈ ਜੋ ਆਦਮੀ ਸੀਮਤ ਘੇਰੇ ਵਿੱਚ ਬਿਹਤਰ ਇਨਸਾਨੀਅਤ ਦਾ ਸਬੂਤ ਦੇਵੇਗਾ, ਉਹ ਬਾਹਰ ਦੇ ਵਿਸ਼ਾਲ ਘੇਰੇ ਵਿੱਚ ਵੀ ਬਿਹਤਰ ਇਨਸਾਨੀਅਤ ਦਾ ਸਬੂਤ ਦੇ ਸਕੇਗਾ, ਉਹ ਬਾਹਰ ਦੇ ਵਿਸ਼ਾਲ ਘੇਰੇ ਵਿੱਚ ਵੀ ਬਿਹਤਰ ਇਨਸਾਨ ਬਣ ਕੇ ਰਹਿ ਸਕੇਗਾ।

ਇੱਕ ਸਾਹਿਬ ਸਰਕਾਰੀ ਨੌਕਰੀ ਵਿੱਚ ਸਨ। ਉਹਨਾਂ ਦਾ ਨਜ਼ਰੀਆ ਸੀ ਕਿ ਪਤਨੀ ਨੂੰ ਦਬਾ ਕੇ ਰੱਖਣਾ ਚਾਹੀਦਾ ਹੈ। ਘਰ ਦੇ ਅੰਦਰ ਉਹ ਰੋਜ਼ਾਨਾ ਆਪਣੇ ਇਸੇ ਨਜ਼ਰੀਏ 'ਤੇ ਅਮਲ ਕਰਦੇ ਸਨ। ਉਹ ਹਮੇਸ਼ਾ ਘਰ ਦੀ ਔਰਤ ਨਾਲ ਸਖ਼ਤ ਲਹਿਜੇ ਵਿੱਚ ਬੋਲਦੇ। ਉਹ ਉਹਨਾਂ ਨਾਲ ਸਖ਼ਤੀ ਅਤੇ ਬੁਰਾ ਸਲੂਕ ਕਰਦੇ ਤਾਂ ਜੋ ਉਹ ਉਹਨਾਂ ਦੇ ਮੁਕਾਬਲੇ ਵਿੱਚ ਦਬ ਕੇ ਰਹਿਣ।

ਘਰ ਦੀ ਤਰਬੀਅਤ ਗਾਹ ਵਿੱਚ ਉਹਨਾਂ ਦਾ ਜੋ ਸੁਭਾਅ ਬਣਿਆ, ਉਹ ਉਸੇ ਨੂੰ ਲੈ ਕੇ ਦਫ਼ਤਰ ਵਿੱਚ ਪਹੁੰਚੇ। ਉੱਥੇ ਉਹਨਾਂ ਦੀ ਅਫ਼ਸਰ (ਬੌਸ) ਇਤਫ਼ਾਕ ਨਾਲ ਇੱਕ ਔਰਤ ਸੀ। ਸੁਚੇਤ ਜਾਂ ਅਚੇਤ ਤੌਰ 'ਤੇ ਉੱਥੇ ਵੀ ਉਹਨਾਂ ਦਾ ਉਹੀ ਘਰ ਵਾਲਾ ਸੁਭਾਅ ਕਾਇਮ ਰਿਹਾ। ਉਹ ਆਪਣੀ ਮਹਿਲਾ ਅਫ਼ਸਰ ਨਾਲ ਵੀ ਉਸੇ

ਕਿਸਮ ਦਾ 'ਮਰਦਾਨਾ' ਵਿਵਹਾਰ ਕਰਨ ਲੱਗੇ, ਜਿਸ ਦੇ ਉਹ ਆਪਣੀ ਘਰਵਾਲੀ ਨਾਲ ਆਦੀ ਹੋ ਚੁੱਕੇ ਸਨ। ਮਹਿਲਾ ਅਫ਼ਸਰ ਸ਼ੁਰੂ ਵਿੱਚ ਉਹਨਾਂ ਨਾਲ ਠੀਕ ਸੀ। ਪਰ ਉਹਨਾਂ ਦੇ ਅਸੰਤੁਲਿਤ ਅੰਦਾਜ਼ ਨੇ ਮਹਿਲਾ ਅਫ਼ਸਰ ਨੂੰ ਵੀ ਉਹਨਾਂ ਤੋਂ ਨਾਰਾਜ਼ ਕਰ ਦਿੱਤਾ। ਇਸ ਨੇ ਗੁੱਸੇ ਵਿੱਚ ਆ ਕੇ ਉਹਨਾਂ ਦਾ ਰਿਕਾਰਡ ਖ਼ਰਾਬ ਕਰ ਦਿੱਤਾ। ਉਹਨਾਂ ਦੀ ਤਰੱਕੀ (ਪ੍ਰੋਮੋਸ਼ਨ) ਰੁਕ ਗਈ। ਉਹ ਕਈ ਤਰ੍ਹਾਂ ਦੀਆਂ ਦਫ਼ਤਰੀ ਮੁਸ਼ਕਿਲਾਂ ਵਿੱਚ ਫਸ ਗਏ।

ਸਹੀ ਅਸੂਲ ਉਹ ਹੈ ਜੋ ਘਰ ਦੇ ਅੰਦਰ ਅਤੇ ਘਰ ਦੇ ਬਾਹਰ ਦੋਵਾਂ ਥਾਵਾਂ 'ਤੇ ਇੱਕੋ ਜਿਹਾ ਲਾਭਦਾਇਕ ਹੋਵੇ। ਇਹ ਅਸੂਲ ਸ਼ਰਾਫ਼ਤ ਦਾ ਅਸੂਲ ਹੈ। ਆਦਮੀ ਨੂੰ ਚਾਹੀਦਾ ਹੈ ਕਿ ਉਹ ਘਰ ਦੇ ਅੰਦਰ ਸ਼ਰਾਫ਼ਤ ਨਾਲ ਰਹੇ। ਉਹ ਵੱਡਿਆਂ ਨੂੰ ਇੱਜ਼ਤ ਦੇਵੇ ਅਤੇ ਛੋਟਿਆਂ ਨਾਲ ਮਿਹਰਬਾਨੀ ਦਾ ਸਲੂਕ ਕਰੇ।

ਅਸੂਲ ਘਰ ਦੇ ਅੰਦਰ ਵੀ ਕਾਮਯਾਬ ਹੈ ਅਤੇ ਘਰ ਦੇ ਬਾਹਰ ਵੀ। ਇਹ ਆਦਮੀ ਦੀ ਆਪਣੀ ਜ਼ਰੂਰਤ ਹੈ ਕਿ ਉਹ ਘਰ ਦੇ ਅੰਦਰ ਸੰਜਮ ਦੇ ਨਾਲ ਰਹੇ, ਅਤੇ ਘਰ ਦੇ ਬਾਹਰ ਵੀ।

# ਨੇਕ ਅਖ਼ਲਾਕ ਦੀ ਵਿਰਾਸਤ

ਇੱਕ ਹਦੀਸ-ਏ-ਰਸੂਲ (ﷺ) ਇਨ੍ਹਾਂ ਸ਼ਬਦਾਂ ਵਿੱਚ ਆਈ ਹੈ: ਮਾ ਵਰਸਾ ਵਾਲਿਦੁਨ ਵਲਦਨ ਖ਼ੈਰਨ ਮਿਨ ਅਦਬਿਨ ਹਸਨਿਨ (ਅਲ-ਮੁਅਜਮ ਅਲ-ਅਵਸਤ ਲਿਲ-ਤਬਰਾਨੀ, ਹਦੀਸ ਨੰਬਰ 3658)। ਯਾਨੀ ਕਿਸੇ ਪਿਓ ਵੱਲੋਂ ਆਪਣੀ ਔਲਾਦ ਨੂੰ ਸਭ ਤੋਂ ਉੱਤਮ ਵਿਰਾਸਤ ਚੰਗਾ ਅਦਬ ਸਿਖਾਉਣਾ ਹੈ।

ਅਦਬ ਦਾ ਮਤਲਬ ਅਰਬੀ ਜ਼ੁਬਾਨ ਵਿੱਚ ਨੇਕ ਅਖ਼ਲਾਕ (good conduct) ਹੈ। ਇਹ ਇੱਕ ਹਕੀਕਤ ਹੈ ਕਿ ਕਿਸੇ ਇਨਸਾਨ ਦੇ ਅੰਦਰ ਪਹਿਲਾਂ ਚੰਗੀ ਸੋਚ ਆਉਂਦੀ ਹੈ, ਉਸ ਤੋਂ ਬਾਅਦ ਉਸ ਦੇ ਅੰਦਰ ਚੰਗਾ ਅਖ਼ਲਾਕ ਆਉਂਦਾ ਹੈ। ਚੰਗੀ ਸੋਚ ਨੇਕ ਅਖ਼ਲਾਕ ਦੀ ਬੁਨਿਆਦ ਹੈ। ਇਸ ਪੱਖ ਤੋਂ ਇਹ ਕਹਿਣਾ ਠੀਕ ਹੋਵੇਗਾ ਕਿ ਹਦੀਸ ਦਾ ਮਤਲਬ ਇਹ ਹੈ ਕਿ ਆਦਮੀ ਆਪਣੀ ਔਲਾਦ ਦੇ ਅੰਦਰ

ਸਹੀ ਸੋਚਣ ਦਾ ਤਰੀਕਾ (right thinking) ਪੈਦਾ ਕਰੇ। ਜਿਸ ਆਦਮੀ ਦੇ ਅੰਦਰ ਸਹੀ ਸੋਚਣ ਦਾ ਤਰੀਕਾ ਹੋਵੇਗਾ, ਉਸ ਦਾ ਵਤੀਰਾ ਸਹੀ ਹੋ ਜਾਵੇਗਾ।

ਅਜਿਹੇ ਆਦਮੀ ਦੀ ਸੋਚ ਸਹੀ ਹੋਵੇਗੀ। ਅਜਿਹੇ ਆਦਮੀ ਦਾ ਸਲੂਕ, ਸਹੀ ਸਲੂਕ ਹੋਵੇਗਾ। ਅਜਿਹੇ ਆਦਮੀ ਦਾ ਲੈਣ-ਦੇਣ (dealing), ਸਹੀ ਲੈਣ-ਦੇਣ ਹੋਵੇਗਾ। ਅਜਿਹੇ ਆਦਮੀ ਦੀ ਵਿਉਂਤਬੰਦੀ, ਸਹੀ ਵਿਉਂਤਬੰਦੀ ਹੋਵੇਗੀ। ਸਾਰ ਇਹ ਹੈ ਕਿ ਆਦਮੀ ਪੂਰੀ ਤਰ੍ਹਾਂ ਹਾਂ-ਪੱਖੀ ਸੋਚ (positive thinking) ਵਾਲਾ ਹੋਵੇਗਾ, ਉਹ ਨਾਂ-ਪੱਖੀ ਸੋਚ (negative thinking) ਤੋਂ ਪੂਰੀ ਤਰ੍ਹਾਂ ਮੁਕਤ ਹੋਵੇਗਾ।

ਜਿਸ ਆਦਮੀ ਦੇ ਅੰਦਰ ਇਹ ਨੇਕ ਅਦਬ ਮੌਜੂਦ ਹੋਵੇ, ਉਹ ਆਪਣੇ ਹਰ ਮਾਮਲੇ ਵਿੱਚ ਇੱਕ ਬਿਹਤਰ ਇਨਸਾਨ ਹੋਵੇਗਾ। ਅਜਿਹਾ ਆਦਮੀ ਚਾਹੇ ਆਪਣੇ ਘਰ ਦੇ ਅੰਦਰ ਹੋਵੇ ਜਾਂ ਘਰ ਦੇ ਬਾਹਰ ਹੋਵੇ, ਉਹ ਆਪਣਿਆਂ ਨਾਲ ਲੈਣ-ਦੇਣ ਕਰੇ ਜਾਂ ਗ਼ੈਰਾਂ ਨਾਲ ਲੈਣ-ਦੇਣ— ਹਰ ਹਾਲ ਵਿੱਚ ਉਹ ਸਹੀ ਵਤੀਰੇ ’ਤੇ ਕਾਇਮ ਰਹੇਗਾ। ਉਸ ਦੀ ਸਹੀ ਸੋਚ ਇੱਕ ਅਜਿਹਾ ਕਾਰਨ (factor) ਬਣ ਜਾਵੇਗੀ, ਜੋ ਉਸ ਨੂੰ ਹਰ ਮੌਕੇ ’ਤੇ ਕੁਰਾਹੇ ਪੈਣ ਤੋਂ ਬਚਾਏਗੀ। ਅਜਿਹਾ ਆਦਮੀ ਇੱਕ ਗੰਭੀਰ ਇਨਸਾਨ ਹੋਵੇਗਾ। ਅਜਿਹਾ ਆਦਮੀ ਜ਼ਿੰਮੇਵਾਰਾਨਾ ਅਖ਼ਲਾਕ ਵਾਲਾ ਹੋਵੇਗਾ। ਅਜਿਹੇ ਆਦਮੀ ਦੇ ਅੰਦਰ ਉਹ ਕਿਰਦਾਰ ਹੋਵੇਗਾ, ਜਿਸ ਨੂੰ ਕਾਬਿਲ-ਏ-ਪੇਸ਼ੀਨਗੋਈ ਕਿਰਦਾਰ (predictable character) ਕਿਹਾ ਜਾਂਦਾ ਹੈ। ਬਿਨਾਂ ਸ਼ੱਕ ਕਿਸੇ ਇਨਸਾਨ ਲਈ ਆਪਣੇ ਸਰਪ੍ਰਸਤਾਂ ਵੱਲੋਂ ਇਹ ਸਭ ਤੋਂ ਵੱਧ ਕੀਮਤੀ ਤੋਹਫ਼ਾ ਹੈ।

# ਪਿਓ ਦਾ ਤੋਹਫ਼ਾ

ਜੇਕਰ ਕੋਈ ਪਿਓ ਆਪਣੇ ਬੱਚਿਆਂ ਨੂੰ ਭੌਤਿਕ ਚੀਜ਼ਾਂ ਨਾ ਦੇ ਸਕੇ— ਮਿਸਾਲ ਵਜੋਂ ਘਰ ਅਤੇ ਦੌਲਤ ਵਰਗੀਆਂ ਚੀਜ਼ਾਂ ਉਸ ਕੋਲ ਦੇਣ ਲਈ ਨਾ ਹੋਣ, ਤਾਂ ਅਜਿਹਾ ਪਿਓ ਹਮੇਸ਼ਾ ਇਸ ਅਹਿਸਾਸ ਵਿੱਚ ਜਿਊਂਦਾ ਹੈ ਕਿ ਮੈਂ ਇੱਕ

ਨਾਕਾਬਿਲ ਪਿਓ ਸਾਬਤ ਹੋਇਆ ਹਾਂ। ਮੈਂ ਆਪਣੇ ਬੱਚਿਆਂ ਦਾ ਪਿਓ ਹੁੰਦੇ ਹੋਏ ਵੀ ਉਨ੍ਹਾਂ ਦੀ ਦੁਨੀਆ ਨਹੀਂ ਬਣਾ ਸਕਿਆ। ਆਪਣੇ ਬੱਚਿਆਂ ਲਈ ਕਿਸੇ ਪਿਓ ਦਾ ਇਹ ਅਹਿਸਾਸ ਕੋਈ ਹਾਂ-ਪੱਖੀ ਅਹਿਸਾਸ ਨਹੀਂ ਹੈ। ਇਸ ਦੇ ਉਲਟ, ਸਹੀ ਅਹਿਸਾਸ ਇਹ ਹੈ ਕਿ ਜੋ ਪਿਓ ਆਪਣੇ ਬੱਚਿਆਂ ਨੂੰ ਦੁਨੀਆ ਦੀਆਂ ਚੀਜ਼ਾਂ ਦੇ ਸਕੇ, ਉਹ ਇਸ ਗੱਲ ਦਾ ਸ਼ੁਕਰ ਅਦਾ ਕਰੇ ਕਿ ਅੱਲ੍ਹਾ ਨੇ ਉਸ ਨੂੰ ਦੇਣ ਦੇ ਕਾਬਿਲ ਬਣਾਇਆ। ਅੱਲ੍ਹਾ ਨੇ ਉਸ ਨੂੰ ਹੱਥ-ਪੈਰ ਦਿੱਤੇ, ਕਮਾਉਣ ਦੀ ਸਮਰੱਥਾ ਦਿੱਤੀ, ਇਸ ਤਰ੍ਹਾਂ ਉਹ ਇਸ ਕਾਬਿਲ ਬਣਿਆ ਕਿ ਆਪਣੇ ਬੱਚਿਆਂ ਨੂੰ ਚੀਜ਼ਾਂ ਦੇ ਸਕੇ।

ਪਰ ਜੋ ਪਿਓ ਆਪਣੇ ਬੱਚਿਆਂ ਨੂੰ ਦੁਨੀਆ ਦੀਆਂ ਚੀਜ਼ਾਂ ਨਾ ਦੇ ਸਕੇ, ਉਸ ਕੋਲ ਵੀ ਆਪਣੇ ਬੱਚਿਆਂ ਨੂੰ ਦੇਣ ਲਈ ਬਹੁਤ ਵੱਡੀ ਚੀਜ਼ ਮੌਜੂਦ ਹੁੰਦੀ ਹੈ, ਅਤੇ ਉਹ ਹੈ 'ਦੁਆ'। ਉਹ ਆਪਣੀਆਂ ਦੁਆਵਾਂ ਵਿੱਚ ਇਹ ਕਹਿ ਸਕਦਾ ਹੈ ਕਿ "ਹੇ ਅੱਲ੍ਹਾ, ਮੈਂ ਆਪਣੇ ਬੱਚਿਆਂ ਦਾ ਪਿਓ ਸੀ, ਪਰ ਮੈਂ ਆਪਣੇ ਬੱਚਿਆਂ ਨੂੰ ਚੀਜ਼ਾਂ ਨਹੀਂ ਦੇ ਸਕਿਆ, ਤੂੰ ਮੇਰਾ ਅਤੇ ਮੇਰੇ ਬੱਚਿਆਂ ਦਾ ਰੱਬ ਹੈ। ਤੂੰ ਮੇਰੇ ਬੱਚਿਆਂ ਨੂੰ ਉਹ ਚੀਜ਼ਾਂ ਦੇ ਦੇ, ਜੋ ਮੈਂ ਉਨ੍ਹਾਂ ਨੂੰ ਨਹੀਂ ਦੇ ਸਕਿਆ। ਤੂੰ ਮੇਰੇ ਬੱਚਿਆਂ ਲਈ ਮੇਰੇ ਵੱਲੋਂ ਉਹ ਦੁਆ ਕਬੂਲ ਫ਼ਰਮਾ, ਜਿਸ ਵਿੱਚ ਤੂੰ ਇਨਸਾਨ ਨੂੰ ਇਹ ਪ੍ਰੇਰਨਾ ਦਿੱਤੀ ਹੈ: ਰੱਬਨਾ ਆਤਿਨਾ ਫ਼ਿਦ-ਦੁਨੀਆ ਹਸਨਤੰਵ ਵਫ਼ਿਲ ਆਖ਼ਿਰਤਿ ਹਸਨਤੰਵ ਵਕਿਨਾ ਅਜ਼ਾਬਨ-ਨਾਰ (2:201)।"

ਜੇਕਰ ਕੋਈ ਪਿਓ ਆਪਣੇ ਬੱਚਿਆਂ ਲਈ ਇਹ ਦੁਆ ਕਰ ਸਕੇ, ਤਾਂ ਉਸ ਨੇ ਆਪਣੇ ਬੱਚਿਆਂ ਨੂੰ ਸਭ ਤੋਂ ਵੱਡੀ ਚੀਜ਼ ਦੇ ਦਿੱਤੀ। ਉਹ ਚਾਹੁੰਦਾ ਸੀ ਕਿ ਖ਼ੁਦ ਆਪਣੇ ਆਪ ਨੂੰ ਆਪਣੇ ਬੱਚਿਆਂ ਲਈ ਦੇ ਸਕੇ, ਪਰ ਉਸ ਦੇ ਹਾਲਾਤ ਨੇ ਉਸ ਨੂੰ ਇਸ ਕਾਬਿਲ ਬਣਾਇਆ ਕਿ ਉਹ ਆਪਣੀਆਂ ਦੁਆਵਾਂ ਦੇ ਜ਼ਰੀਏ ਆਪਣੇ ਬੱਚਿਆਂ ਨੂੰ ਆਪਣੇ ਰੱਬ ਦੇ ਹਵਾਲੇ ਕਰ ਦੇਵੇ। ਮੰਨੋ ਕਿ ਉਸ ਨੇ ਆਪਣੇ ਆਪ ਨੂੰ ਨਾ ਦੇ ਕੇ, ਖ਼ੁਦ ਅੱਲ੍ਹਾ-ਪਾਕ ਦਾ ਹੱਥ ਬੱਚਿਆਂ ਦੇ ਸਿਰ 'ਤੇ ਦੇ ਦਿੱਤਾ। ਉਹ ਆਪਣੀ ਔਲਾਦ ਨੂੰ ਛੋਟੀ ਚੀਜ਼ ਦੇਣਾ ਚਾਹੁੰਦਾ ਸੀ, ਲੇਕਿਨ ਉਸ ਦੇ ਹਾਲਾਤ ਨੇ ਉਸ ਨੂੰ ਇਸ ਕਾਬਿਲ ਬਣਾਇਆ ਕਿ ਉਹ ਆਪਣੇ ਬੱਚਿਆਂ ਨੂੰ ਜ਼ਿਆਦਾ ਵੱਡੀ ਚੀਜ਼ ਦੇ ਦੇਵੇ, ਯਾਨੀ ਅੱਲ੍ਹਾ ਰੱਬ-ਉਲ-ਆਲਮੀਨ ਨੂੰ।

# ਇੱਕ ਵਿਰਾਸਤ ਇਹ ਵੀ ਹੈ

ਕਰੀਮ ਬਖ਼ਸ਼ ਸਿੱਧੇ-ਸਾਧੇ ਦੀਨਦਾਰ ਆਦਮੀ ਸਨ। ਪਿੰਡ ਦੀ ਮਾਮੂਲੀ ਆਮਦਨੀ ’ਤੇ ਗੁਜ਼ਾਰਾ ਕਰ ਲੈਂਦੇ। 65 ਸਾਲ ਦੀ ਉਮਰ ਵਿੱਚ ਉਹ ਚਾਰ ਬੱਚੇ ਛੱਡ ਕੇ ਚੱਲ ਵਸੇ, ਤਾਂ ਉਨ੍ਹਾਂ ਲਈ ਉਨ੍ਹਾਂ ਨੇ ਕੋਈ ਕਾਬਿਲ-ਏ-ਜ਼ਿਕਰ ਜਾਇਦਾਦ ਨਹੀਂ ਛੱਡੀ ਸੀ। ਉਨ੍ਹਾਂ ਦੇ ਇੰਤਕਾਲ ਤੋਂ ਬਾਅਦ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਰਹੀਮ ਬਖ਼ਸ਼ ਸ਼ਹਿਰ ਚਲੇ ਆਏ ਤਾਂ ਜੋ ਆਪਣੇ ਲਈ ਕਮਾਈ ਦਾ ਕੋਈ ਸਾਧਨ ਲੱਭ ਸਕਣ। ਸ਼ਹਿਰ ਵਿੱਚ ਉਨ੍ਹਾਂ ਨੇ ਥੋੜ੍ਹੀ ਜਿਹੀ ਪੂੰਜੀ ਦੇ ਨਾਲ ਇੱਕ ਕਾਰੋਬਾਰ ਸ਼ੁਰੂ ਕਰ ਦਿੱਤਾ।

ਰਹੀਮ ਬਖ਼ਸ਼ ਦੇ ਪਿਤਾ ਨੇ ਉਨ੍ਹਾਂ ਲਈ ਕੋਈ ਮਾਲੀ ਵਿਰਾਸਤ ਨਹੀਂ ਛੱਡੀ ਸੀ। ਮਗਰ ਸੰਤੋਖ (ਕਨਾਅਤ) ਅਤੇ ਸਾਦਗੀ, ਅਤੇ ਕਿਸੇ ਨਾਲ ਲੜੇ-ਭਿੜੇ ਬਿਨਾਂ ਆਪਣਾ ਕੰਮ ਕਰਨ ਦੀ ਵਿਰਾਸਤ ਛੱਡੀ ਸੀ। ਇਹ ਵਿਰਾਸਤ ਰਹੀਮ ਬਖ਼ਸ਼ ਲਈ ਬੇਹੱਦ ਲਾਹੇਵੰਦ ਸਾਬਤ ਹੋਈ। ਉਨ੍ਹਾਂ ਦੀ ਸਾਦਗੀ ਅਤੇ ਸੰਤੋਖ ਦਾ ਨਤੀਜਾ ਇਹ ਹੋਇਆ ਕਿ ਮਾਮੂਲੀ ਆਮਦਨੀ ਦੇ ਬਾਵਜੂਦ ਉਹ ਲਗਾਤਾਰ ਤਰੱਕੀ ਕਰਨ ਲੱਗੇ। ਉਨ੍ਹਾਂ ਦਾ ਲੜਾਈ-ਝਗੜੇ ਤੋਂ ਬਚਣ ਦਾ ਸੁਭਾਅ ਉਨ੍ਹਾਂ ਲਈ ਹੋਰ ਵੀ ਸਹਾਇਕ ਸਾਬਤ ਹੋਇਆ। ਹਰ ਕੋਈ ਉਨ੍ਹਾਂ ਤੋਂ ਖ਼ੁਸ਼ ਸੀ। ਹਰ ਇੱਕ ਤੋਂ ਉਨ੍ਹਾਂ ਨੂੰ ਸਹਿਯੋਗ ਮਿਲ ਰਿਹਾ ਸੀ। ਉਨ੍ਹਾਂ ਦੀ ਤਰੱਕੀ ਦੀ ਰਫ਼ਤਾਰ ਭਾਵੇਂ ਸੁਸਤ ਸੀ, ਪਰ ਉਹ ਰੁਕੇ ਬਿਨਾਂ ਜਾਰੀ ਰਹੀ।

ਰਹੀਮ ਬਖ਼ਸ਼ ਦਾ ਕਾਰੋਬਾਰ ਭਾਵੇਂ ਮਾਮੂਲੀ ਸੀ, ਪਰ ਉਨ੍ਹਾਂ ਦੀ ਸ਼ਰਾਫ਼ਤ, ਉਨ੍ਹਾਂ ਦੀ ਨਿਰਸਵਾਰਥਤਾ ਅਤੇ ਉਨ੍ਹਾਂ ਦੀ ਇਮਾਨਦਾਰੀ ਨੇ ਉਨ੍ਹਾਂ ਨੂੰ ਆਪਣੇ ਮਾਹੌਲ ਵਿੱਚ ਇੰਨੀ ਇੱਜ਼ਤ ਦੇ ਦਿੱਤੀ ਸੀ, ਜਿਵੇਂ ਕਿ ਉਹ ਕੋਈ ਵੱਡੀ ਹੈਸੀਅਤ ਦੇ ਆਦਮੀ ਹੋਣ। ਉਨ੍ਹਾਂ ਕੋਲ ਪੂੰਜੀ ਬਹੁਤ ਘੱਟ ਸੀ, ਪਰ ਲੈਣ-ਦੇਣ ਵਿੱਚ ਸਫ਼ਾਈ ਅਤੇ ਵਾਅਦੇ ਦਾ ਪੱਕਾ ਹੋਣ ਦਾ ਨਤੀਜਾ ਇਹ ਹੋਇਆ ਕਿ ਬਾਜ਼ਾਰ ਵਿੱਚ ਵੱਡੇ-ਵੱਡੇ ਥੋਕ ਵਪਾਰੀ ਉਨ੍ਹਾਂ ਨੂੰ ਕਹਿੰਦੇ ਕਿ “ਮੀਆਂ ਜੀ, ਜਿੰਨਾ ਚਾਹੇ ਮਾਲ ਲੈ ਜਾਓ। ਪੈਸੇ ਦੀ ਪ੍ਰਵਾਹ ਨਾ ਕਰੋ। ਪੈਸੇ ਬਾਅਦ ਵਿੱਚ ਆ ਜਾਣਗੇ।” ਕਈ

ਵਾਰ ਅਜਿਹਾ ਵੀ ਹੋਇਆ ਕਿ ਕਿਸੇ ਨਾਲ ਝਗੜੇ ਦੀ ਨੌਬਤ ਆ ਗਈ। ਪਰ ਉਨ੍ਹਾਂ ਨੇ ਖ਼ੁਦ ਹੀ ਆਪਣੇ ਆਪ ਨੂੰ ਚੁੱਪ ਕਰ ਲਿਆ। ਉਹ ਸ਼ਰਾਰਤੀ ਆਦਮੀ ਦੇ ਖ਼ਿਲਾਫ਼ ਕੋਈ ਜਵਾਬੀ ਕਾਰਵਾਈ ਨਾ ਕਰਦੇ ਬਲਕਿ ਖ਼ਾਮੋਸ਼ੀ ਨਾਲ ਆਪਣੇ ਕਾਰੋਬਾਰ ਵਿੱਚ ਲੱਗ ਜਾਂਦੇ।

ਅਤੇ ਉਸ ਦੇ ਹੱਕ ਵਿੱਚ ਦੁਆ ਕਰਦੇ ਰਹਿੰਦੇ। ਜਦੋਂ ਉਨ੍ਹਾਂ ਦੇ ਦਿਲ ਵਿੱਚ ਸ਼ੈਤਾਨ ਕੋਈ ਬੁਰੇ ਲੈਣ-ਦੇਣ ਦਾ ਜਜ਼ਬਾ ਪੈਦਾ ਕਰਦਾ, ਤਾਂ ਉਨ੍ਹਾਂ ਦੇ ਪਿਤਾ ਦਾ ਮਾਸੂਮ ਚਿਹਰਾ ਉਨ੍ਹਾਂ ਦੇ ਸਾਹਮਣੇ ਆ ਜਾਂਦਾ। ਉਨ੍ਹਾਂ ਨੂੰ ਅਜਿਹਾ ਮਹਿਸੂਸ ਹੁੰਦਾ ਕਿ ਜੇਕਰ ਮੈਂ ਕੋਈ ਗ਼ਲਤ ਮਾਮਲਾ ਕੀਤਾ ਜਾਂ ਕਿਸੇ ਨਾਲ ਝਗੜਾ-ਫ਼ਸਾਦ ਕੀਤਾ, ਤਾਂ ਮੇਰੇ ਬਾਪ ਦੀ ਰੂਹ ਕਬਰ ਵਿੱਚ ਤੜਪ ਉੱਠੇਗੀ। ਇਹ ਖ਼ਿਆਲ ਫ਼ੌਰਨ ਉਨ੍ਹਾਂ ਦੇ ਜਜ਼ਬਾਤ ਨੂੰ ਬਦਲ ਦਿੰਦਾ। ਉਹ ਦੁਬਾਰਾ ਉਸੇ ਉਸਾਰੂ ਰਸਤੇ ’ਤੇ ਚੱਲ ਪੈਂਦੇ, ਜਿਸ ਵਿੱਚ ਉਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਨੇ ਛੱਡਿਆ ਸੀ।

ਉਨ੍ਹਾਂ ਦਾ ਕਾਰੋਬਾਰ ਵਧਿਆ ਤਾਂ ਉਨ੍ਹਾਂ ਨੂੰ ਹੋਰ ਸਹਾਇਤਾ ਦੀ ਲੋੜ ਪਈ। ਹੁਣ ਉਨ੍ਹਾਂ ਨੇ ਆਪਣੇ ਭਰਾਵਾਂ ਨੂੰ ਬੁਲਾਉਣਾ ਸ਼ੁਰੂ ਕੀਤਾ। ਇੱਥੋਂ ਤੱਕ ਕਿ ਚਾਰੇ ਭਰਾ ਸ਼ਹਿਰ ਵਿੱਚ ਆ ਗਏ। ਹੌਲੀ-ਹੌਲੀ ਉਨ੍ਹਾਂ ਦੇ ਕਾਰੋਬਾਰ ਦੇ ਚਾਰ ਸੁਤੰਤਰ ਵਿਭਾਗ ਹੋ ਗਏ। ਹਰ ਵਿਭਾਗ ਇੱਕ-ਇੱਕ ਭਰਾ ਦੇ ਸਪੁਰਦ ਸੀ। ਚਾਰੇ ਭਰਾ ਇੱਕਠੇ ਮਿਲ ਕੇ ਰਹਿੰਦੇ, ਅਤੇ ਇਕੱਠੇ ਖਾਂਦੇ-ਪੀਂਦੇ। ਪਰ ਕਾਰੋਬਾਰੀ ਪੱਖ ਤੋਂ ਹਰ ਭਰਾ ਆਪਣੇ ਵਿਭਾਗ ਨੂੰ ਆਜ਼ਾਦਾਨਾ ਤੌਰ ’ਤੇ ਚਲਾਉਂਦਾ ਸੀ।

ਕੁਝ ਦਿਨਾਂ ਬਾਅਦ ਰਹੀਮ ਬਖ਼ਸ਼ ਨੂੰ ਮਹਿਸੂਸ ਹੋਇਆ ਕਿ ਵੱਡੇ ਭਰਾ ਹੋਣ ਦੀ ਹੈਸੀਅਤ ਨਾਲ ਕਿਉਂਕਿ ਉਹੀ ਕਾਰੋਬਾਰ ਦੇ ਮਾਲਕ ਹਨ, ਇਸ ਲਈ ਬਾਕੀ ਭਰਾ ਆਪਣੇ ਕੰਮ ਨੂੰ ਉਸ ਦਿਲਚਸਪੀ ਨਾਲ ਨਹੀਂ ਕਰਦੇ, ਜਿਵੇਂ ਕੋਈ ਆਦਮੀ ਉਦੋਂ ਕਰਦਾ ਹੈ ਜਦੋਂ ਉਹ ਕੰਮ ਨੂੰ ਆਪਣਾ ਨਿੱਜੀ ਕੰਮ ਸਮਝਦਾ ਹੋਵੇ। ਹੁਣ ਰਹੀਮ ਬਖ਼ਸ਼ ਦੇ ਸਾਹਮਣੇ ਦੋ ਰਸਤੇ ਸਨ। ਇੱਕ ਤਾਂ ਇਹ ਕਿ ਉਹ ਕਾਰੋਬਾਰ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਬਾਕੀ ਤਿੰਨੋਂ ਭਰਾਵਾਂ ਨੂੰ ਇਸ ਤੋਂ ਵੱਖ ਕਰ ਦੇਣ, ਅਤੇ ਇਸ ਦੇ ਨਤੀਜੇ ਵਜੋਂ ਹਮੇਸ਼ਾ ਲਈ ਭਰਾਵਾਂ ਦੀ ਦੁਸ਼ਮਣੀ ਮੁੱਲ ਲੈ ਲੈਣ। ਦੂਜਾ ਇਹ ਕਿ ਮਾਮਲਿਆਂ ਨੂੰ ਇਸੇ ਤਰ੍ਹਾਂ ਚੱਲਣ ਦੇਣ, ਇੱਥੋਂ ਤੱਕ ਕਿ ਅੰਤ ਵਿੱਚ ਉਹੀ ਹੋਵੇ ਜੋ ਆਮ ਤੌਰ ’ਤੇ ਸਾਂਝੇ ਕਾਰੋਬਾਰਾਂ ਵਿੱਚ ਹੁੰਦਾ ਹੈ—ਯਾਨੀ ਆਪਸੀ ਸ਼ਿਕਾਇਤਾਂ ਅਤੇ ਫਿਰ ਕੌੜੀਆਂ ਯਾਦਾਂ ਦੇ ਨਾਲ ਕਾਰੋਬਾਰ ਦੀ ਵੰਡ।

ਰਹੀਮ ਬਖ਼ਸ਼ ਨੇ ਕੁਝ ਦਿਨ ਸੋਚਿਆ ਅਤੇ ਉਸ ਤੋਂ ਬਾਅਦ ਸਾਰੇ ਭਰਾਵਾਂ ਨੂੰ ਇਕੱਠਾ ਕਰ ਕੇ ਸਾਰੀ ਗੱਲ ਸਾਫ਼-ਸਾਫ਼ ਉਨ੍ਹਾਂ ਦੇ ਸਾਹਮਣੇ ਰੱਖ ਦਿੱਤੀ। ਉਨ੍ਹਾਂ ਨੇ ਕਿਹਾ ਕਿ ਖ਼ੁਦਾ ਦੇ ਫ਼ਜ਼ਲ ਨਾਲ ਅਜੇ ਕੋਈ ਗੱਲ ਵਿਗੜੀ ਨਹੀਂ ਹੈ।

ਬਿਹਤਰੀਨ ਗੱਲ ਇਹ ਹੈ ਕਿ ਚਾਰੇ ਭਰਾ ਇੱਕ-ਇੱਕ ਕਾਰੋਬਾਰ ਨੂੰ ਲੈ ਲੈਣ ਅਤੇ ਹਰ ਇੱਕ ਜ਼ਾਤੀ ਤੌਰ ’ਤੇ ਆਪਣਾ ਕਾਰੋਬਾਰ ਚਲਾਏ। ਇਸ ਤਰ੍ਹਾਂ ਸਾਡੇ ਪਿਤਾ ਦੀ ਰੂਹ ਨੂੰ ਸਕੂਨ ਪਹੁੰਚੇਗਾ, ਅਤੇ ਮੈਨੂੰ ਯਕੀਨ ਹੈ ਕਿ ਇਸ ਵਿੱਚ ਹਰ ਇੱਕ ਲਈ ਜ਼ਿਆਦਾ ਬਰਕਤ ਹੋਵੇਗੀ। ਤਿੰਨੋਂ ਭਰਾਵਾਂ ਨੇ ਕਿਹਾ ਕਿ ਅਸੀਂ ਤਾਂ ਪੂਰੀ ਤਰ੍ਹਾਂ ਤੁਹਾਡੇ ਅਹਿਸਾਨਮੰਦ ਹਾਂ। ਇਸ ਲਈ ਤੁਸੀਂ ਜੋ ਵੀ ਫ਼ੈਸਲਾ ਕਰ ਦਿਓ, ਉਹ ਸਾਨੂੰ ਮਨਜ਼ੂਰ ਹੈ। ਸੰਖੇਪ ਗੱਲਬਾਤ ਤੋਂ ਬਾਅਦ ਇਹ ਤੈਅ ਹੋਇਆ ਕਿ ਪਰਚੀਆਂ ਪਾਉਣ (ਲੌਟਰੀ) ਦਾ ਤਰੀਕਾ ਅਪਣਾਇਆ ਜਾਵੇ। ਚੁਣਾਂਚਿ ਉਸੇ ਵੇਲੇ ਪਰਚੀਆਂ ਰਾਹੀਂ ਹਰ ਭਰਾ ਨੂੰ ਇੱਕ-ਇੱਕ ਕਾਰੋਬਾਰ ਦੇ ਦਿੱਤਾ ਗਿਆ।

ਹੁਣ ਚਾਰੇ ਭਰਾ ਆਪਣੇ-ਆਪਣੇ ਕਾਰੋਬਾਰ ਵਿੱਚ ਲੱਗੇ ਹੋਏ ਹਨ। ਹਰ ਇੱਕ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਕੰਮ ਵਿੱਚ ਸਵੇਰ ਤੋਂ ਸ਼ਾਮ ਤੱਕ ਮਿਹਨਤ ਕਰਦਾ ਹੈ। ਚਾਰਾਂ ਦੇ ਵਿਚਕਾਰ ਪਹਿਲਾਂ ਨਾਲੋਂ ਵੀ ਜ਼ਿਆਦਾ ਚੰਗੇ ਸਬੰਧ ਹਨ। ਹਰ ਇੱਕ ਦੂਜੇ ਦੀ ਮਦਦ ਕਰਨ ਲਈ ਹਰ ਵੇਲੇ ਤਿਆਰ ਰਹਿੰਦਾ ਹੈ। ਚਾਰਾਂ ਨੇ ਅਲੱਗ-ਅਲੱਗ ਆਪਣੇ ਮਕਾਨ ਬਣਾ ਲਏ ਹਨ। ਪਰ ਰਹੀਮ ਬਖ਼ਸ਼ ਹੁਣ ਵੀ ਉਸੇ ਤਰ੍ਹਾਂ ਸਭ ਦੇ “ਵੱਡੇ ਭਾਈ” ਹਨ ਜਿਵੇਂ ਉਹ ਪਹਿਲਾਂ ਵੱਡੇ ਭਰਾ ਸਨ। ਇੱਕ ਭਰਾ ਜੋ ਗੱਲ ਕਹਿ ਦੇਵੇ, ਉਸ ਨੂੰ ਦੂਜਾ ਭਰਾ ਕਦੇ ਨਹੀਂ ਟਾਲਦਾ। ਇੱਕ ਘਰ ਵਿੱਚ ਕੋਈ ਜ਼ਰੂਰਤ ਪੈ ਜਾਵੇ ਤਾਂ ਚਾਰਾਂ ਘਰਾਂ ਦੀਆਂ ਔਰਤਾਂ ਅਤੇ ਬੱਚੇ ਮਿਲ ਕੇ ਉਸ ਨੂੰ ਇਸ ਤਰ੍ਹਾਂ ਕਰਦੇ ਹਨ ਜਿਵੇਂ ਉਹ ਹਰ ਇੱਕ ਦਾ ਆਪਣਾ ਕੰਮ ਹੋਵੇ।

ਅਕਸਰ ਪਿਓ ਇਹ ਸਮਝਦੇ ਹਨ ਕਿ ਆਪਣੀ ਔਲਾਦ ਲਈ ਸਭ ਤੋਂ ਵੱਡੀ ਵਿਰਾਸਤ ਇਹ ਹੈ ਕਿ ਉਹ ਉਨ੍ਹਾਂ ਲਈ ਮਾਲ ਅਤੇ ਜਾਇਦਾਦ ਛੱਡ ਕੇ ਇਸ ਦੁਨੀਆ ਤੋਂ ਜਾਣ। ਪਰ ਹਕੀਕਤ ਇਹ ਹੈ ਕਿ ਸਭ ਤੋਂ ਵੱਧ ਖ਼ੁਸ਼ਕਿਸਮਤ ਔਲਾਦ ਉਹ ਹੈ ਜਿਸ ਦੇ ਪਿਓ ਨੇ ਉਸ ਲਈ ਅਸੂਲਬੱਧ ਜ਼ਿੰਦਗੀ ਦੀ ਵਿਰਾਸਤ ਛੱਡੀ ਹੋਵੇ। ਉਹ ਆਪਣੀ ਔਲਾਦ ਨੂੰ ਇਹ ਸਬਕ ਦੇ ਕੇ ਦੁਨੀਆ ਤੋਂ ਗਿਆ ਹੋਵੇ ਕਿ ਆਪਣੀ ਮਿਹਨਤ ’ਤੇ ਭਰੋਸਾ ਕਰੋ, ਲੋਕਾਂ ਨਾਲ ਉਲਝੇ ਬਿਨਾਂ ਆਪਣਾ ਕੰਮ

ਕਰੋ। ਆਪਣੇ ਵਾਜਬ ਹੱਕ ’ਤੇ ਸੰਤੋਖ ਕਰੋ। ਅਜੋਕੇ ਫ਼ਾਇਦਿਆਂ ਨਾਲੋਂ ਜ਼ਿਆਦਾ ਭਵਿੱਖ ਦੀਆਂ ਸੰਭਾਵਨਾਵਾਂ ’ਤੇ ਨਜ਼ਰ ਰੱਖੋ। ਖ਼ੁਸ਼ਫ਼ਹਿਮੀਆਂ ਵਿੱਚ ਗੁਆਚਣ ਦੀ ਬਜਾਏ ਹਕੀਕਤਪਸੰਦੀ ਦਾ ਤਰੀਕਾ ਅਖ਼ਤਿਆਰ ਕਰੋ। ਮਾਲੀ ਵਿਰਾਸਤ ਨਾਲੋਂ ਜ਼ਿਆਦਾ ਵੱਡੀ ਚੀਜ਼ ਅਖ਼ਲਾਕੀ ਵਿਰਾਸਤ ਹੈ। ਪਰ ਬਹੁਤ ਘੱਟ ਪਿਓ ਹਨ ਜੋ ਇਸ ਹਕੀਕਤ ਨੂੰ ਜਾਣਦੇ ਹਨ।

# ਲੜਕੀਆਂ ਦੀ ਤਰਬੀਅਤ (ਪਾਲਣ-ਪੋਸ਼ਣ)

ਲੜਕੀਆਂ ਦੀ ਤਰਬੀਅਤ ਦੇ ਸਬੰਧ ਵਿੱਚ ਇੱਕ ਹਦੀਸ-ਏ-ਰਸੂਲ (ﷺ) ਇਨ੍ਹਾਂ ਸ਼ਬਦਾਂ ਵਿੱਚ ਆਈ ਹੈ: ਅਨ ਅਬੀ ਸਈਦ ਅਲ-ਖੁਦਰੀ, ਕਾਲ: ਕਾਲ ਰਸੂਲੁੱਲਾਹ ਸੱਲੱਲਾਹੂ ਅਲੈਹਿ ਵਸੱਲਮ: ਮਨ ਆਲਾ ਸਲਾਸਾ ਬਨਾਤਿਨ, ਫ਼-ਅੱਦਬਹੁਨ, ਵ-ਜ਼ੱਵਜਹੁਨ, ਵ-ਅਹਸਨਾ ਇਲੈਹਿਨ, ਫ਼-ਲਹੁਲ ਜੰਨਤ (ਸੁਨਨ ਅਬੀ ਦਾਊਦ, ਹਦੀਸ ਨੰਬਰ 5147)। ਯਾਨੀ ਅਬੂ ਸਈਦ ਅਲ-ਖੁਦਰੀ ਰਵਾਇਤ ਕਰਦੇ ਹਨ ਕਿ ਪੈਗੰਬਰ-ਏ-ਇਸਲਾਮ (ﷺ) ਨੇ ਫ਼ਰਮਾਇਆ: ਜਿਸ ਸ਼ਖ਼ਸ ਨੇ ਤਿੰਨ ਲੜਕੀਆਂ ਦੀ ਪਰਵਰਿਸ਼ ਕੀਤੀ, ਫਿਰ ਉਨ੍ਹਾਂ ਨੂੰ ਅਦਬ ਸਿਖਾਇਆ ਅਤੇ ਉਨ੍ਹਾਂ ਦਾ ਨਿਕਾਹ ਕੀਤਾ ਅਤੇ ਉਨ੍ਹਾਂ ਦੇ ਨਾਲ ਚੰਗਾ ਸਲੂਕ ਕੀਤਾ, ਤਾਂ ਉਸ ਲਈ ਜੰਨਤ ਹੈ।

ਆਮ ਮਿਜ਼ਾਜ ਇਹ ਹੈ ਕਿ ਜੇਕਰ ਕਿਸੇ ਬਾਪ ਦੇ ਇੱਥੇ ਕਈ ਲੜਕੀਆਂ ਹੋਣ ਅਤੇ ਕੋਈ ਲੜਕਾ ਨਾ ਹੋਵੇ, ਤਾਂ ਉਹ ਲੜਕੀਆਂ ਨੂੰ ਬੇਕਦਰੀ ਦੀ ਨਜ਼ਰ ਨਾਲ ਦੇਖਦਾ ਹੈ। ਇਸ ਹਦੀਸ ਵਿੱਚ ਇਸੇ ਸੋਚ ਦੀ ਤਰਦੀਦ (ਖੰਡਨ) ਕੀਤੀ ਗਈ ਹੈ। ਕਿਸੇ ਬਾਪ ਦੇ ਘਰ ਲੜਕਾ ਪੈਦਾ ਹੋਵੇ ਜਾਂ ਲੜਕੀ, ਦੋਵਾਂ ਹਾਲਤਾਂ ਵਿੱਚ ਬਾਪ ਦੀ ਜ਼ਿੰਮੇਵਾਰੀ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਬਿਹਤਰੀਨ ਤਾਲੀਮ ਦੇਵੇ। ਉਹ ਉਨ੍ਹਾਂ ਨੂੰ ਅਜਿਹੀ ਤਰਬੀਅਤ ਦੇਵੇ ਜੋ ਉਨ੍ਹਾਂ ਲਈ ਜ਼ਿੰਦਗੀ ਗੁਜ਼ਾਰਨ ਵਿੱਚ ਮਦਦਗਾਰ ਬਣੇ।

ਬਾਪ ਦਾ ਰੁਝਾਨ ਅਕਸਰ ਆਪਣੀ ਔਲਾਦ ਲਈ ਇਹ ਹੁੰਦਾ ਹੈ ਕਿ ਉਹ

ਉਨ੍ਹਾਂ ਲਈ ਜ਼ਿੰਦਗੀ ਦੀਆਂ ਰਾਹਤਾਂ ਮੁਹੱਈਆ ਕਰੇ। ਉਹ ਕਮਾ ਕੇ ਉਨ੍ਹਾਂ ਨੂੰ ਵੱਧ ਤੋਂ ਵੱਧ ਮਾਲ ਦੇ ਸਕੇ। ਪਰ ਇਹ ਨਜ਼ਰੀਆ ਸਹੀ ਨਹੀਂ ਹੈ। ਔਲਾਦ ਲਈ ਬਾਪ ਦਾ ਸਭ ਤੋਂ ਉੱਤਮ ਤੋਹਫ਼ਾ ਮਾਲ ਨਹੀਂ ਹੈ, ਬਲਕਿ ਤਾਲੀਮ ਹੈ। ਬਾਪ ਦਾ ਕਮਾਇਆ ਹੋਇਆ ਮਾਲ ਔਲਾਦ ਲਈ ਬਿਨਾਂ ਮਿਹਨਤ ਦੀ ਕਮਾਈ (easy money) ਦੀ ਹੈਸੀਅਤ ਰੱਖਦਾ ਹੈ। ਅਜਿਹਾ ਮਾਲ ਅਕਸਰ ਆਦਮੀ ਨੂੰ ਖ਼ਰਾਬ ਕਰ ਦਿੰਦਾ ਹੈ। ਸਹੀ ਇਹ ਹੈ ਕਿ ਆਦਮੀ ਆਪਣੀ ਔਲਾਦ ਨੂੰ ਤਾਲੀਮ ਦੇਵੇ, ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਇਸ ਕਾਬਿਲ ਬਣਾਵੇ ਕਿ ਉਹ ਖ਼ੁਦ ਮਿਹਨਤ ਕਰ ਕੇ ਬਿਹਤਰ ਤਰੀਕੇ ਨਾਲ ਆਪਣੀ ਜ਼ਿੰਦਗੀ ਦੀ ਉਸਾਰੀ ਕਰਨ।

## ਫੈਮਿਲੀ ਕਲਚਰ ਦਾ ਨੁਕਸਾਨ

ਮੌਜੂਦਾ ਜ਼ਮਾਨੇ ਵਿੱਚ ਖ਼ਾਸ ਤੌਰ ’ਤੇ ਪੂਰਬੀ ਦੁਨੀਆ ਵਿੱਚ ਆਮ ਤੌਰ ’ਤੇ ਲੋਕਾਂ ਦੇ ਵਿਚਕਾਰ ਇੱਕ ਹੀ ਕਲਚਰ ਦਾ ਰਿਵਾਜ ਹੈ ਅਤੇ ਉਹ ਹੈ ਫੈਮਿਲੀ ਕਲਚਰ, ਯਾਨੀ ਪੈਸਾ ਕਮਾਉਣਾ ਅਤੇ ਘਰ ਵਾਲਿਆਂ ਦੀਆਂ ਲੋੜਾਂ ਨੂੰ ਪੂਰਾ ਕਰਨਾ। ਲੋਕਾਂ ਕੋਲ ਸਿਰਫ਼ ਇਹੀ ਇੱਕ ਮਾਡਲ ਮੌਜੂਦ ਹੈ, ਇਸ ਤੋਂ ਇਲਾਵਾ ਕਿਸੇ ਹੋਰ ਮਾਡਲ ਦਾ ਉਨ੍ਹਾਂ ਨੂੰ ਗਿਆਨ ਨਹੀਂ।

ਇਸ ਫੈਮਿਲੀ ਕਲਚਰ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹ ਅਮਲੀ ਤੌਰ ’ਤੇ ਪਰਿਵਾਰ ਨੂੰ ਮੂਰਖ ਬਣਾਉਣ (befooling of family) ਦੇ ਬਰਾਬਰ ਬਣ ਗਿਆ ਹੈ। ਇਸ ਦਾ ਨਤੀਜਾ ਇਹ ਹੈ ਕਿ ਲੋਕਾਂ ਦੀ ਸੋਚ ਦਾ ਦਾਇਰਾ ਬਹੁਤ ਸੀਮਤ ਹੋ ਗਿਆ ਹੈ। ਉਨ੍ਹਾਂ ਦਾ ਦਿਮਾਗ ਸਿਰਫ਼ ਆਪਣੀਆਂ ਨਿੱਜੀ ਭੌਤਿਕ ਲੋੜਾਂ ਦੇ ਸੀਮਤ ਦਾਇਰੇ ਵਿੱਚ ਹੀ ਕੰਮ ਕਰਦਾ ਹੈ। ਉਹ ਇਸ ਦੀ ਜ਼ਰੂਰਤ ਨਹੀਂ ਸਮਝਦੇ ਕਿ ਉਹ ਇਸ ਸੀਮਤ ਦਾਇਰੇ ਤੋਂ ਬਾਹਰ ਨਿਕਲ ਕੇ ਸੋਚਣ। ਉਨ੍ਹਾਂ ਦੇ ਘਰਾਂ ਵਿੱਚ ਕਿਤਾਬਾਂ ਪੜ੍ਹਨ ਦਾ ਮਾਹੌਲ ਨਹੀਂ ਹੁੰਦਾ। ਉਨ੍ਹਾਂ ਦੇ ਇੱਥੇ ਗੰਭੀਰ ਵਿਚਾਰ-ਵਟਾਂਦਰੇ (serious discussion) ਦਾ ਰਿਵਾਜ ਨਹੀਂ ਹੁੰਦਾ। ਉਨ੍ਹਾਂ ਦੇ ਇੱਥੇ ਇਹ ਕਲਚਰ ਨਹੀਂ ਹੁੰਦਾ ਕਿ ਉਹ ਰਿਸ਼ਤੇਦਾਰਾਂ ਤੋਂ

ਇਲਾਵਾ ਹੋਰ ਲੋਕਾਂ ਨੂੰ ਮਿਲਣ ਅਤੇ ਉਨ੍ਹਾਂ ਤੋਂ ਸਿੱਖਣ ਜਾਂ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕਰਨ। ਉਹ ਆਪਣੇ ਘਰੋਂ ਬਾਹਰ ਨਿਕਲਦੇ ਹਨ ਤਾਂ ਸਿਰਫ਼ ਨੌਕਰੀ ਲਈ ਜਾਂ ਮਨੋਰੰਜਨ ਅਤੇ ਖ਼ਰੀਦਦਾਰੀ (shopping) ਲਈ। ਇਸ ਕਿਸਮ ਦੀਆਂ ਚੀਜ਼ਾਂ ਤੋਂ ਇਲਾਵਾ, ਉਨ੍ਹਾਂ ਦੇ ਇੱਥੇ ਬੌਧਿਕ ਵਿਕਾਸ ਦਾ ਕੋਈ ਸੰਕਲਪ ਨਹੀਂ ਹੈ।

ਇਸ ਫੈਮਿਲੀ ਕਲਚਰ ਦਾ ਨੁਕਸਾਨ ਇਹ ਹੈ ਕਿ ਲੋਕ ਜ਼ਾਹਰੀ ਤੌਰ ’ਤੇ ਭੌਤਿਕ ਪੱਖੋਂ ਸੁਖੀ ਜੀਵਨ ਬਤੀਤ ਕਰ ਰਹੇ ਹਨ, ਪਰ ਉਹ ਅਮਲੀ ਤੌਰ ’ਤੇ ਬੌਧਿਕ ਪਛੜੇਵੇਂ (intellectual backwardness) ਦਾ ਸ਼ਿਕਾਰ ਹਨ। ਉਨ੍ਹਾਂ ਨਾਲ ਕਿਸੇ ਗੰਭੀਰ ਵਿਸ਼ੇ ’ਤੇ ਗੱਲ ਕਰੋ ਤਾਂ ਤੁਰੰਤ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੇ ਅੰਦਰ ਕੋਈ ਵਿਗਿਆਨਕ ਸੋਚ ਨਹੀਂ ਹੈ, ਉਨ੍ਹਾਂ ਨੂੰ ਬ੍ਰਹਿਮੰਡ ਦੀਆਂ ਸੱਚਾਈਆਂ ਬਾਰੇ ਕੋਈ ਗਿਆਨ ਨਹੀਂ ਹੈ, ਜ਼ਿੰਦਗੀ ਦੇ ਵੱਡੇ ਮੁੱਦਿਆਂ ਬਾਰੇ ਉਨ੍ਹਾਂ ਦੀ ਕੋਈ ਰਾਏ ਨਹੀਂ ਹੈ। ਜ਼ਾਹਰੀ ਤੌਰ ’ਤੇ ਉਹ ਇਨਸਾਨ ਨਜ਼ਰ ਆਉਣਗੇ, ਪਰ ਅਮਲੀ ਤੌਰ ’ਤੇ ਉਹ ਸਿਰਫ਼ ਇੱਕ “ਸਲੀਕੇ ਵਾਲੇ ਜਾਨਵਰ” (well-dressed animal) ਦੀ ਤਰ੍ਹਾਂ ਹੋਣਗੇ। ਪਰਿਵਾਰਕ ਜੀਵਨ ਦੀ ਬਣਤਰ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਉਹ ਲੋਕਾਂ ਦੇ ਬੌਧਿਕ ਵਿਕਾਸ (intellectual development) ਵਿੱਚ ਮਦਦਗਾਰ ਹੋਵੇ, ਨਾ ਕਿ ਲੋਕਾਂ ਦੇ ਬੌਧਿਕ ਵਿਕਾਸ ਲਈ ਇੱਕ ਪੱਕੀ ਰੁਕਾਵਟ ਬਣ ਜਾਵੇ।

## ਖ਼ੁਦਾ ਦਾ ਇਤਰਾਫ (ਮੰਨਣਾ) ਨਹੀਂ

ਅੱਜਕੱਲ੍ਹ ਇਹ ਰਿਵਾਜ ਹੈ ਕਿ ਇੱਕ ਸ਼ਖ਼ਸ ਪੈਸਾ ਕਮਾਏਗਾ ਅਤੇ ਉਸ ਤੋਂ ਬਾਅਦ ਇੱਕ ਕਾਰ ਖ਼ਰੀਦ ਕੇ ਆਪਣੇ ਬੇਟੇ ਨੂੰ ਦੇ ਦੇਵੇਗਾ। ਕਾਰ ਦੇ ਸ਼ੀਸ਼ੇ ’ਤੇ ਲਿਖਿਆ ਹੋਵੇਗਾ—ਪਿਤਾ ਵੱਲੋਂ ਤੋਹਫ਼ਾ (Dad’s Gift)।

ਇਹ ਕੋਈ ਸਾਧਾਰਨ ਗੱਲ ਨਹੀਂ ਹੈ। ਆਪਣੀ ਹਕੀਕਤ ਦੇ ਇਤਬਾਰ ਨਾਲ ਇਹ ਨਾ-ਸ਼ੁਕਰੀ ਦਾ ਸ਼ਬਦ ਹੈ। ਇੱਕ ਨਿਆਮਤ ਜੋ ਹਕੀਕਤ ਵਿੱਚ ਖ਼ੁਦਾ ਵੱਲੋਂ

ਮਿਲੀ ਹੈ, ਉਸ ਨੂੰ ਖ਼ੁਦਾ ਵੱਲ ਨਾ ਜੋੜਨਾ, ਬਲਕਿ ਉਸ ਨੂੰ ਆਪਣੇ ਕਮਾਲਾਂ ਦੇ ਖਾਤੇ ਵਿੱਚ ਪਾ ਦੇਣਾ, ਇਹ ਖ਼ੁਦਾ ਦੇ ਨਾਲ ਬੇ-ਇਤਬਾਰੀ ਦਾ ਮਾਮਲਾ ਕਰਨਾ ਹੈ, ਅਤੇ ਖ਼ੁਦਾ ਦੇ ਨਾਲ ਬੇ-ਇਤਬਾਰੀ ਬਿਨਾਂ ਸ਼ੱਕ ਇਸ ਦੁਨੀਆ ਵਿੱਚ ਸਭ ਤੋਂ ਵੱਡਾ ਗੁਨਾਹ ਹੈ।

ਕੁਰਆਨ ਦੀ ਸੂਰਾ ਅਲ-ਨਮਲ ਵਿੱਚ ਦੱਸਿਆ ਗਿਆ ਹੈ ਕਿ ਪੈਗੰਬਰ ਸੁਲੇਮਾਨ ਬਿਨ ਦਾਊਦ ਨੂੰ ਜਦੋਂ ਇੱਕ ਵੱਡੀ ਨਿਆਮਤ ਮਿਲੀ ਤਾਂ ਉਨ੍ਹਾਂ ਨੇ ਤੁਰੰਤ ਕਿਹਾ: ਹਾਜ਼ਾ ਮਿਨ ਫ਼ਜ਼ਲਿ ਰੱਬੀ (27:40)। ਯਾਨੀ ਇਹ ਮੇਰੇ ਰੱਬ ਦੇ ਫ਼ਜ਼ਲ ਵਿੱਚੋਂ ਹੈ। ਦੂਜੇ ਸ਼ਬਦਾਂ ਵਿੱਚ ਇਹ ਕਿ ਪੈਗੰਬਰ ਨੇ ਇਸ ਨੂੰ ਖ਼ੁਦਾ ਦਾ ਤੋਹਫ਼ਾ (God's gift) ਕਰਾਰ ਦਿੱਤਾ। ਇਹੀ ਸਹੀ ਈਮਾਨੀ ਤਰੀਕਾ ਹੈ। ਈਮਾਨ ਵਾਲਾ ਉਹ ਹੈ ਜੋ ਹਰ ਚੀਜ਼ ਨੂੰ ਖ਼ੁਦਾ ਦੀ ਚੀਜ਼ ਸਮਝੇ, ਜੋ ਹਰ ਮਿਲੀ ਹੋਈ ਚੀਜ਼ ਨੂੰ ਖ਼ੁਦਾ ਵੱਲ ਜੋੜਦੇ ਹੋਏ ਖ਼ੁਦਾ ਦਾ ਇਤਰਾਫ ਕਰੇ।

ਦੁਨੀਆ ਵਿੱਚ ਇਨਸਾਨ ਨੂੰ ਜੋ ਚੀਜ਼ਾਂ ਮਿਲਦੀਆਂ ਹਨ, ਉਹ ਜ਼ਾਹਰੀ ਤੌਰ 'ਤੇ ਆਪਣੀ ਕੋਸ਼ਿਸ਼ ਦੇ ਜ਼ਰੀਏ ਮਿਲਦੀਆਂ ਹਨ, ਲੇਕਿਨ ਇਹ ਸਿਰਫ਼ ਇਸ ਦਾ ਜ਼ਾਹਰੀ ਪਹਿਲੂ ਹੈ। ਅਸਲ ਹਕੀਕਤ ਇਹ ਹੈ ਕਿ ਹਰ ਚੀਜ਼ ਮੁਕੰਮਲ ਤੌਰ 'ਤੇ ਖ਼ੁਦਾ ਦਾ ਤੋਹਫ਼ਾ ਹੁੰਦੀ ਹੈ। ਇਨਸਾਨ ਦਾ ਇਮਤਿਹਾਨ ਇਹ ਹੈ ਕਿ ਉਹ ਜ਼ਾਹਰੀ ਪਰਦੇ ਨੂੰ ਪਾੜ ਦੇਵੇ, ਉਹ ਅਸਲ ਹਕੀਕਤ ਨੂੰ ਦਰਿਆਫ਼ਤ ਕਰਦੇ ਹੋਏ ਹਰ ਮਿਲੀ ਹੋਈ ਚੀਜ਼ 'ਤੇ ਇਹ ਕਹਿ ਦੇਵੇ ਕਿ ਇਹ ਮੇਰੇ ਰੱਬ ਦਾ ਤੋਹਫ਼ਾ ਹੈ ਜੋ ਸਿੱਧੇ ਤੌਰ 'ਤੇ ਖ਼ੁਦਾ ਵੱਲੋਂ ਮੈਨੂੰ ਦਿੱਤਾ ਗਿਆ ਹੈ।

ਇਸੇ ਇਤਰੀਫ ਦਾ ਧਾਰਮਿਕ ਨਾਮ ਸ਼ੁਕਰ ਹੈ। ਇੱਥੇ ਉਸੇ ਸ਼ਖ਼ਸ ਨੂੰ ਜਾਇਜ਼ ਤੌਰ 'ਤੇ ਰਹਿਣ ਦਾ ਹੱਕ ਹਾਸਲ ਹੈ ਜੋ ਸ਼ੁਕਰ ਅਤੇ ਇਤਰਾਫ ਦੀ ਮਾਨਸਿਕਤਾ ਦੇ ਨਾਲ ਇਸ ਦੁਨੀਆ ਵਿੱਚ ਰਹੇ। ਸ਼ੁਕਰ ਦੀ ਇਹੀ ਮਾਨਸਿਕਤਾ ਮੌਜੂਦਾ ਦੁਨੀਆ ਵਿੱਚ ਕਿਸੇ ਨੂੰ ਜਾਇਜ਼ ਤੌਰ 'ਤੇ ਜਿਊਣ ਦਾ ਹੱਕ ਦਿੰਦੀ ਹੈ। ਇਸ ਦੇ ਉਲਟ, ਜਿਨ੍ਹਾਂ ਲੋਕਾਂ ਦੇ ਅੰਦਰ ਨਾ-ਸ਼ੁਕਰੀ ਅਤੇ ਬੇ-ਇਤਬਾਰੀ ਦੀ ਮਾਨਸਿਕਤਾ ਹੋਵੇ, ਉਹ ਖ਼ੁਦਾ ਦੀ ਇਸ ਦੁਨੀਆ ਵਿੱਚ ਮੁਜਰਮ ਅਤੇ ਘੁਸਪੈਠੀਏ (intruders) ਦੀ ਹੈਸੀਅਤ ਰੱਖਦੇ ਹਨ।

# ਇੱਕ ਆਮ ਕਮਜ਼ੋਰੀ

ਇੱਕ ਮੁਸਲਮਾਨ ਆਪਣੀ ਪਤਨੀ ਨਾਲ ਮੁਲਾਕਾਤ ਲਈ ਆਏ। ਇੱਕ ਘੰਟੇ ਦੀ ਮੁਲਾਕਾਤ ਦੇ ਦੌਰਾਨ ਮੈਂ ਮਹਿਸੂਸ ਕੀਤਾ ਕਿ ਆਪਣੀ ਪਤਨੀ ਨਾਲ ਉਨ੍ਹਾਂ ਦਾ ਕੋਈ ਦਿਲੀ ਲਗਾਅ ਨਹੀਂ ਹੈ।

ਅਲਬੱਤਾ ਇਸ ਦੌਰਾਨ ਉਹਨਾਂ ਦੇ ਮੋਬਾਇਲ ’ਤੇ ਵਾਰ-ਵਾਰ ਬੱਚਿਆਂ ਦੇ ਟੈਲੀਫੋਨ ਆਉਂਦੇ ਰਹੇ। ਆਪਣੇ ਬੱਚਿਆਂ ਨਾਲ ਉਹ ਟੈਲੀਫੋਨ ’ਤੇ ਇਸ ਤਰ੍ਹਾਂ ਗੱਲਬਾਤ ਕਰਦੇ ਸਨ ਜਿਸ ਤੋਂ ਅੰਦਾਜ਼ਾ ਹੁੰਦਾ ਸੀ ਕਿ ਉਹਨਾਂ ਦਾ ਆਪਣੇ ਬੱਚਿਆਂ ਨਾਲ ਬਹੁਤ ਹੀ ਗੂੜ੍ਹਾ ਦਿਲੀ ਸਬੰਧ ਹੈ।

ਮੈਂ ਉਹਨਾਂ ਨੂੰ ਕਿਹਾ ਕਿ ਤੁਹਾਡਾ ਮਾਮਲਾ ਉਸੇ ਤਰ੍ਹਾਂ ਇੱਕ ਭੋਲੇ ਪਿਓ ਦਾ ਮਾਮਲਾ ਹੈ ਜਿਵੇਂ ਕਿ ਦੂਜਿਆਂ ਦਾ ਹੁੰਦਾ ਹੈ। ਤੁਹਾਡੇ ਵਰਗੇ ਲੋਕਾਂ ਦਾ ਮਸਲਾ ਇਹ ਹੈ ਕਿ ਜੋ ਚੀਜ਼ ਤੁਹਾਨੂੰ ਅਸਲ ਵਿੱਚ ਮਿਲੀ ਹੋਈ ਹੈ, ਉਸ ਨੂੰ ਤੁਸੀਂ ਪੂਰੀ ਤਰ੍ਹਾਂ ਵਰਤਦੇ ਨਹੀਂ ਅਤੇ ਜੋ ਚੀਜ਼ਾਂ ਤੁਹਾਨੂੰ ਮਿਲਣ ਵਾਲੀਆਂ ਨਹੀਂ ਹਨ, ਉਹਨਾਂ ਨੂੰ ਤੁਸੀਂ ਆਪਣਾ ਸਭ ਤੋਂ ਵੱਡਾ ਫ਼ਿਕਰ ਬਣਾਇਆ ਹੋਇਆ ਹੈ। ਮੈਂ ਕਿਹਾ ਕਿ ਤੁਹਾਡੇ ਕੋਲ ਦੋ ਚੀਜ਼ਾਂ ਅਜਿਹੀਆਂ ਹਨ ਜੋ ਅਸਲ ਵਿੱਚ ਤੁਹਾਨੂੰ ਹਾਸਲ ਹੋ ਚੁੱਕੀਆਂ ਹਨ—ਇੱਕ ਤੁਹਾਡੀ ਆਪਣੀ ਹੋਂਦ ਅਤੇ ਦੂਜੀ ਤੁਹਾਡੀ ਪਤਨੀ। ਤੁਸੀਂ ਆਪਣੇ ਮਾਮਲੇ ਵਿੱਚ ਇਹ ਕੀਤਾ ਕਿ ਤੁਸੀਂ ਉੱਚੀ ਵਿੱਦਿਆ ਹਾਸਲ ਨਾ ਕਰ ਸਕੇ, ਅਤੇ ਪਤਨੀ ਦੇ ਮਾਮਲੇ ਵਿੱਚ ਤੁਹਾਡਾ ਤਰੀਕਾ ਇਹ ਹੈ ਕਿ ਤੁਸੀਂ ਉਹਨਾਂ ਨੂੰ ਅਣਗੌਲਿਆਂ ਕੀਤਾ ਹੋਇਆ ਹੈ, ਜਿਸ ਦੇ ਨਤੀਜੇ ਵਜੋਂ ਉਹ ਨਿਰਾਸ਼ਾ ਦਾ ਸ਼ਿਕਾਰ ਹਨ, ਉਹ ਆਪਣੀ ਜ਼ਿੰਦਗੀ ਦਾ ਕੋਈ ਸਿਰਜਣਾਤਮਕ ਰੋਲ (creative role) ਲੱਭ ਨਹੀਂ ਸਕੇ। ਦੂਜੇ ਪਾਸੇ, ਤੁਹਾਡਾ ਇਹ ਹਾਲ ਹੈ ਕਿ ਤੁਹਾਡੀਆਂ ਸਾਰੀਆਂ ਦਿਲਚਸਪੀਆਂ ਆਪਣੇ ਬੱਚਿਆਂ ਨਾਲ ਜੁੜੀਆਂ ਹੋਈਆਂ ਹਨ, ਹਾਲਾਂਕਿ ਇਹ ਬੱਚੇ ਤੁਹਾਨੂੰ ਮਿਲਣ ਵਾਲੇ ਨਹੀਂ। ਤੁਹਾਡਾ ਪੁੱਤਰ ਅਤੇ ਤੁਹਾਡੀ ਧੀ ਦੋਵੇਂ ਤੁਹਾਨੂੰ ਛੱਡ ਕੇ ਖ਼ੁਦ ਆਪਣੀ ਵੱਖਰੀ ਜ਼ਿੰਦਗੀ ਬਣਾਉਣਗੇ, ਉਹ ਕਦੇ ਵੀ ਤੁਹਾਡੇ ਕੰਮ ਆਉਣ ਵਾਲੇ ਨਹੀਂ। ਤੁਸੀਂ ਮਿਲੀ ਹੋਈ ਚੀਜ਼ ਨੂੰ ਬਰਬਾਦ ਕਰ ਰਹੇ ਹੋ ਅਤੇ ਨਾ

ਮਿਲਣ ਵਾਲੀ ਚੀਜ਼ ਲਈ ਤੁਸੀਂ ਬਿਨਾਂ ਕਿਸੇ ਫ਼ਾਇਦੇ ਦੇ ਆਪਣਾ ਸਾਰਾ ਧਿਆਨ ਲਗਾਇਆ ਹੋਇਆ ਹੈ।

ਇਹ ਮਾਮਲਾ ਅੱਜ ਦੇ ਸਮੇਂ ਵਿੱਚ ਤਕਰੀਬਨ ਸਾਰੇ ਲੋਕਾਂ ਦਾ ਹੈ। ਅੱਜ ਦੇ ਦੌਰ ਵਿੱਚ ਹਰ ਆਦਮੀ 'ਖੋਹਣ' ਦਾ ਮਾਮਲਾ ਬਣ ਰਿਹਾ ਹੈ। ਕੋਈ ਵੀ ਆਦਮੀ ਅਸਲ ਅਰਥਾਂ ਵਿੱਚ 'ਪਾਉਣ' ਦਾ ਮਾਮਲਾ ਨਹੀਂ। ਆਦਮੀ ਆਪਣੀ ਇਸ ਲਾਪਰਵਾਹੀ ਨੂੰ ਆਪਣੀ ਉਮਰ ਦੇ ਅਖ਼ੀਰ ਵਿੱਚ ਉਸ ਸਮੇਂ ਲੱਭਦਾ ਹੈ, ਜਦੋਂ ਕਿ ਇਸ ਵਿਨਾਸ਼ਕਾਰੀ ਲਾਪਰਵਾਹੀ ਦੇ ਸੁਧਾਰ ਦਾ ਸਮਾਂ ਉਸ ਕੋਲ ਨਹੀਂ ਹੁੰਦਾ। ਆਦਮੀ ਨੂੰ ਚਾਹੀਦਾ ਹੈ ਕਿ ਉਹ ਹਾਸਲ ਕੀਤੀ ਚੀਜ਼ ਨੂੰ ਆਪਣਾ ਕੇਂਦਰ ਬਣਾਵੇ, ਨਾ ਕਿ ਉਸ ਨੂੰ ਜੋ ਹਾਸਲ ਨਹੀਂ ਹੋਈ।

# ਲਿਟਲ ਗੌਡ

ਅਮਰੀਕਾ ਦੇ ਸਫ਼ਰ ਵਿੱਚ ਇੱਕ ਵਿਆਹੁਤਾ ਔਰਤ ਨਾਲ ਮੁਲਾਕਾਤ ਹੋਈ। ਉਹਨਾਂ ਦੇ ਨਾਲ ਦੋ ਛੋਟੇ ਬੱਚੇ ਸਨ। ਮਾਲੂਮ ਹੋਇਆ ਕਿ ਇਹ ਔਰਤ ਆਪਣੇ ਪਤੀ ਨਾਲ ਮਤਭੇਦ ਕਰਕੇ ਆਪਣੇ ਬੱਚਿਆਂ ਦੇ ਨਾਲ ਅਲੱਗ ਇੱਕ ਛੋਟੇ ਮਕਾਨ ਵਿੱਚ ਰਹਿੰਦੀ ਹੈ। ਮੈਂ ਕਿਹਾ ਕਿ ਅੱਜ-ਕੱਲ੍ਹ ਦੇ ਜ਼ਮਾਨੇ ਵਿੱਚ ਇੱਕ ਅਜੀਬ ਚੀਜ਼ ਹੋ ਰਹੀ ਹੈ ਕਿ ਪਤੀ ਨੂੰ ਆਪਣੇ ਬੱਚਿਆਂ ਨਾਲ ਮੁਹੱਬਤ ਹੈ, ਲੇਕਿਨ ਉਸ ਨੂੰ ਆਪਣੀ ਪਤਨੀ ਨਾਲ ਨਫ਼ਰਤ ਹੈ। ਇਸੇ ਤਰ੍ਹਾਂ ਪਤਨੀ ਨੂੰ ਆਪਣੇ ਬੱਚਿਆਂ ਨਾਲ ਮੁਹੱਬਤ ਹੈ, ਅਤੇ ਆਪਣੇ ਪਤੀ ਨਾਲ ਨਫ਼ਰਤ। ਇਹ ਵਿਰੋਧਾਭਾਸ ਵਾਲੀ ਗੱਲ ਹੈ। ਅਤੇ ਕੁਦਰਤ ਦੇ ਕਾਨੂੰਨ ਦੇ ਮੁਤਾਬਕ, ਇਸ ਕਿਸਮ ਦੀ ਉਲਟ ਸੋਚ (contradictory thinking) ਅਤੇ ਮਾਨਸਿਕ ਵਿਕਾਸ ਦੋਵੇਂ ਇੱਕ ਸਾਥ ਨਹੀਂ ਹੋ ਸਕਦੇ। ਮੈਂ ਕਿਹਾ ਕਿ ਅੱਜ-ਕੱਲ੍ਹ ਇਹ ਹਾਲ ਹੈ ਕਿ ਪਤੀ ਅਤੇ ਪਤਨੀ ਦੇ ਲਈ ਉਹਨਾਂ ਦਾ ਬੱਚਾ ਅਸਲ ਵਿੱਚ 'ਲਿਟਲ ਗੌਡ' (little god) ਹੁੰਦਾ ਹੈ। ਮਗਰ ਜਿਸ ਪਤੀ ਜਾਂ ਜਿਸ ਪਤਨੀ ਦੇ ਜ਼ਰੀਏ ਇਹ ਬੱਚਾ ਪੈਦਾ ਹੋਇਆ, ਉਸ ਤੋਂ ਦੋਵਾਂ ਨੂੰ ਦੂਰੀ ਹੁੰਦੀ ਹੈ।

# ਕਾਮਯਾਬੀ ਦਾ ਤਰੀਕਾ

ਇੱਕ ਸਾਹਿਬ ਨੌਕਰੀ ਕਰਦੇ ਸਨ। ਇੱਕ ਲੰਬੇ ਸਮੇਂ ਤੱਕ ਨੌਕਰੀ ਕਰਨ ਤੋਂ ਬਾਅਦ ਉਹਨਾਂ ਨੂੰ ਅਹਿਸਾਸ ਹੋਇਆ ਕਿ ਨੌਕਰੀ ਦੀ ਆਮਦਨੀ ਬੱਚਿਆਂ ਦੀ ਤਰੱਕੀ ਲਈ ਕਾਫ਼ੀ ਨਹੀਂ ਹੈ। ਇਸ ਲਈ ਉਹਨਾਂ ਨੇ ਨੌਕਰੀ ਛੱਡ ਦਿੱਤੀ ਅਤੇ ਇੱਕ ਕਾਰੋਬਾਰ ਸ਼ੁਰੂ ਕਰ ਦਿੱਤਾ, ਤਾਂ ਕਿ ਉਹ ਜ਼ਿਆਦਾ ਕਮਾ ਸਕਣ ਅਤੇ ਬੱਚਿਆਂ ਨੂੰ ਜ਼ਿਆਦਾ ਤਰੱਕੀ ਦਵਾ ਸਕਣ, ਮਗਰ ਅਸਲ ਵਿੱਚ ਇਹ ਹੋਇਆ ਕਿ ਕਾਰੋਬਾਰ ਵਿੱਚ ਉਹਨਾਂ ਨੂੰ ਲੋੜੀਂਦੀ ਕਾਮਯਾਬੀ ਹਾਸਲ ਨਹੀਂ ਹੋਈ। ਚੁਨਾਂਚਿ ਉਹ ਤਣਾਅ ਵਿੱਚ ਫਸ ਗਏ। ਆਖ਼ਰਕਾਰ, ਉਹਨਾਂ ਨੂੰ ਕੈਂਸਰ ਹੋ ਗਿਆ ਅਤੇ ਬੱਚਿਆਂ ਲਈ ਜ਼ਿਆਦਾ ਪੈਸਾ ਕਮਾਉਣ ਤੋਂ ਪਹਿਲਾਂ ਹੀ ਉਹ ਇਸ ਦੁਨੀਆ ਤੋਂ ਚਲੇ ਗਏ।

ਇਸ ਤਰ੍ਹਾਂ ਦਾ ਵਾਕਿਆ ਵੱਖ-ਵੱਖ ਰੂਪਾਂ ਵਿੱਚ ਅਕਸਰ ਲੋਕਾਂ ਨਾਲ ਪੇਸ਼ ਆਉਂਦਾ ਹੈ, ਮਗਰ ਉਹ ਹਰ ਇੱਕ ਲਈ ਤਬਾਹਕੁੰਨ ਹੈ। ਅਜਿਹੇ ਲੋਕਾਂ ਲਈ ਸਹੀ ਤਰੀਕਾ ਇਹ ਹੈ ਕਿ ਉਹ ਹਕੀਕਤ ਪਸੰਦ (realist) ਬਣਨ। ਉਹ ਆਪਣੀ ਜ਼ਿੰਦਗੀ ਦਾ ਮਨਸੂਬਾ (ਪਲਾਨ) ਆਪਣੀ ਸਮਰੱਥਾ ਦੀ ਬੁਨਿਆਦ ’ਤੇ ਬਣਾਉਣ, ਨਾ ਕਿ ਆਪਣੀ ਔਲਾਦ ਦੇ ਬਾਰੇ ਵਿੱਚ ਆਪਣੀਆਂ ਉਮੰਗਾਂ (ambitions) ਦੀ ਬੁਨਿਆਦ ’ਤੇ। ਉਹ ਬੱਚਿਆਂ ਦੇ ਭਵਿੱਖ ਦੀ ਉਸਾਰੀ ਦੇ ਮਾਮਲੇ ਨੂੰ ਬੱਚਿਆਂ ਉੱਤੇ ਛੱਡ ਦੇਣ। ਉਹ ਅਜਿਹਾ ਹਰਗਿਜ਼ ਨਾ ਕਰਨ ਕਿ ਬੱਚਿਆਂ ਦੀ ਖ਼ਾਤਰ ਆਪਣੇ ਆਪ ਨੂੰ ਤਬਾਹ ਕਰ ਲੈਣ ਅਤੇ ਆਖ਼ਰਕਾਰ ਖ਼ੁਦ ਬੱਚਿਆਂ ਨੂੰ ਵੀ।

ਬੱਚਿਆਂ ਦੀ ਤਰੱਕੀ ਦੀ ਸਭ ਤੋਂ ਵੱਡੀ ਜ਼ਮਾਨਤ ਇਹ ਹੈ ਕਿ ਉਹਨਾਂ ਦੇ ਅੰਦਰ ਅਮਲ ਦਾ ਜਜ਼ਬਾ ਪੈਦਾ ਹੋਵੇ, ਉਹਨਾਂ ਦੇ ਅੰਦਰੂਨੀ ਗੁਣ ਜਾਗਣ, ਉਹ ਖ਼ੁਦ ਹਾਲਾਤ ਨੂੰ ਸਮਝਣ ਅਤੇ ਹਾਲਾਤ ਦੇ ਮੁਤਾਬਕ ਆਪਣੀ ਜ਼ਿੰਦਗੀ ਦੀ ਉਸਾਰੀ ਕਰਨ। ਤਰੱਕੀ ਉਹ ਹੈ ਜੋ ਆਦਮੀ ਨੂੰ ਖ਼ੁਦ ਆਪਣੀ ਮਿਹਨਤ ਨਾਲ ਮਿਲੇ। ਦੂਜਿਆਂ ਵੱਲੋਂ ਦਿੱਤੀ ਹੋਈ ਤਰੱਕੀ ਕੋਈ ਤਰੱਕੀ ਨਹੀਂ।

ਇਸ ਕਿਸਮ ਦੀ ਖ਼ਾਹਿਸ਼ ਰੱਖਣ ਵਾਲੇ ਲੋਕ ਅਕਸਰ ਨਾਕਾਮ ਹੋ ਜਾਂਦੇ

ਹਨ। ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਉਹ ਆਪਣੇ ਬੱਚਿਆਂ ਨਾਲ ਜਜ਼ਬਾਤੀ ਸਾਂਝ ਕਰਕੇ ਅਜਿਹੀਆਂ ਚੀਜ਼ਾਂ ਦੇ ਚਾਹਵਾਨ ਬਣ ਜਾਂਦੇ ਹਨ ਜੋ ਰੱਬੀ ਮਨਸੂਬੇ ਦੇ ਮੁਤਾਬਕ ਉਹਨਾਂ ਨੂੰ ਮਿਲਣ ਵਾਲੀਆਂ ਨਹੀਂ। ਆਦਮੀ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਵਿੱਚ ਉਹ ਆਪਣੇ ਜਜ਼ਬਾਤ ਦੇ ਅਧੀਨ ਕੋਈ ਫ਼ੈਸਲਾ ਨਾ ਕਰੇ, ਸਗੋਂ ਉਹ ਇੱਕ ਹਕੀਕਤ ਪਸੰਦ ਇਨਸਾਨ ਦੀ ਤਰ੍ਹਾਂ ਹਾਲਾਤ ਉੱਤੇ ਗੌਰ ਕਰੇ ਅਤੇ ਕੁਦਰਤ ਦੇ ਕਾਨੂੰਨ ਦੀ ਰੌਸ਼ਨੀ ਵਿੱਚ ਆਪਣੇ ਅਮਲ ਦਾ ਨਕਸ਼ਾ ਬਣਾਵੇ। ਇਹੀ ਮਤਲਬ ਹੈ ਇਸ ਅਸੂਲ ਦਾ ਕਿ—ਇਸ ਦੁਨੀਆ ਵਿੱਚ ਕਿਸੇ ਆਦਮੀ ਨੂੰ ਉਹੀ ਮਿਲਦਾ ਹੈ ਜੋ ਅੱਲ੍ਹਾ ਨੇ ਉਸ ਲਈ ਮੁਕੱਦਰ ਕਰ ਦਿੱਤਾ ਹੋਵੇ, ਨਾ ਉਸ ਤੋਂ ਜ਼ਿਆਦਾ ਅਤੇ ਨਾ ਉਸ ਤੋਂ ਘੱਟ।

## ਕਨਾਅਤ ਅਤੇ ਤਰੱਕੀ

ਘੱਟ ਆਮਦਨੀ ਵਾਲੇ ਲੋਕਾਂ ਵਿੱਚ ਮੈਂ ਅਕਸਰ ਇੱਕ ਸਾਂਝਾ ਸੁਭਾਅ ਦੇਖਿਆ ਹੈ। ਉਹ ਇਹ ਕਿ ਇਹ ਲੋਕ ਅਕਸਰ ਇਸ ਫ਼ਿਕਰ ਵਿੱਚ ਰਹਿੰਦੇ ਹਨ ਕਿ ਆਪਣੀ ਆਮਦਨੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਵਧਾਉਣ ਤਾਂ ਜੋ ਉਹਨਾਂ ਦੇ ਬੱਚਿਆਂ ਨੂੰ ਜ਼ਿਆਦਾ ਆਰਾਮ ਅਤੇ ਸਹੂਲਤ ਮਿਲ ਸਕੇ। ਇਸ ਕਿਸਮ ਦੇ ਇੱਕ ਸਾਹਿਬ ਨੂੰ ਮਸ਼ਵਰਾ ਦਿੰਦੇ ਹੋਏ ਮੈਂ ਕਿਹਾ ਕਿ ਇਹ ਇੱਕ ਗ਼ਲਤ ਸੁਭਾਅ ਹੈ। ਇਹ ਸੁਭਾਅ ਆਦਮੀ ਨੂੰ ਕਈ ਤਰ੍ਹਾਂ ਨਾਲ ਨੁਕਸਾਨ ਪਹੁੰਚਾਉਂਦਾ ਹੈ। ਇੱਥੋਂ ਤੱਕ ਕਿ ਉਸ ਦਾ ਮਿਲਿਆ ਹੋਇਆ ਸਕੂਨ ਵੀ ਦਰਹਮ-ਬਰਹਮ ਹੋ ਜਾਂਦਾ ਹੈ।

ਇਸ ਦੇ ਉਲਟ ਸਹੀ ਸੁਭਾਅ ਇਹ ਹੈ ਕਿ ਆਦਮੀ ਭਵਿੱਖ ਦੀ ਤਰੱਕੀ ਦੇ ਮਾਮਲੇ ਨੂੰ ਬੱਚਿਆਂ ’ਤੇ ਛੱਡ ਦੇਵੇ। ਉਸ ਨੂੰ ਜੋ ਕੁਝ ਮਿਲ ਰਿਹਾ ਹੈ ਉਸੇ ’ਤੇ ਰਾਜ਼ੀ ਰਹਿ ਕੇ ਗੁਜ਼ਾਰਾ ਕਰਨ ਦੀ ਕੋਸ਼ਿਸ਼ ਕਰੇ।

ਉਸ ਦੀ ਆਮਦਨੀ ਜੇਕਰ ਕੁਦਰਤੀ ਤੌਰ ’ਤੇ ਵਧ ਜਾਵੇ ਤਾਂ ਉਹ ਇਸ ਨੂੰ ਅੱਲ੍ਹਾ ਦਾ ਇਨਾਮ ਸਮਝ ਕੇ ਅਦਾ ਕਰੇ। ਲੇਕਿਨ ਉਹ ਆਪਣੀ ਆਮਦਨੀ

ਨੂੰ ਵਧਾਉਣ ਲਈ ਬਹੁਤੇ ਹੱਥ-ਪੈਰ ਨਾ ਮਾਰੇ। ਉਸ ਨੂੰ ਚਾਹੀਦਾ ਹੈ ਕਿ ਉਹ ਜ਼ਿਆਦਾ ਆਮਦਨੀ ਦੀ ਬਜਾਏ ਆਪਣੇ ਬੱਚਿਆਂ ਨੂੰ ਤਿਆਰ ਕਰੇ। ਬੱਚਿਆਂ ਨੂੰ ਵਿੱਦਿਆ ਦੇਣੀ, ਬੱਚਿਆਂ ਨੂੰ ਹੁਨਰ ਸਿਖਾਉਣਾ, ਬੱਚਿਆਂ ਦੇ ਅੰਦਰ ਜੀਵਨ ਦੀ ਸੋਝੀ ਪੈਦਾ ਕਰਨੀ, ਇਹ ਸਭ ਭਵਿੱਖ ਲਈ ਉਸ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਇਸ ਦਾ ਦੋ-ਨੁਕਾਤੀ ਫਾਰਮੂਲਾ ਇਹ ਹੋਣਾ ਚਾਹੀਦਾ ਹੈ—ਆਪਣੇ ਲਈ ਕਨਾਅਤ (ਸੰਤੁਸ਼ਟੀ), ਅਤੇ ਬੱਚਿਆਂ ਦੇ ਲਈ ਤਰੱਕੀ।

## ਰਿਜ਼ਕ ਦਾ ਮਾਮਲਾ

ਕੁਰਆਨ ਵਿੱਚ ਇੱਕ ਹਕੀਕਤ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤੀ ਗਈ ਹੈ: ਜਿਸ ਦਾ ਅਨੁਵਾਦ ਹੈ - ਕੋਈ ਵੀ ਸ਼ਖ਼ਸ ਨਹੀਂ ਜਾਣਦਾ ਕਿ ਉਹ ਕੱਲ੍ਹ ਕੀ ਕਮਾਈ ਕਰੇਗਾ, ਅਤੇ ਕੋਈ ਵੀ ਸ਼ਖ਼ਸ ਨਹੀਂ ਜਾਣਦਾ ਕਿ ਉਹ ਕਿਸ ਜ਼ਮੀਨ ਵਿੱਚ ਮਰੇਗਾ। ਇਸੇ ਗੱਲ ਨੂੰ ਇੱਕ ਹਦੀਸ-ਏ-ਰਸੂਲ ਵਿੱਚ ਬਿਆਨ ਕੀਤਾ ਗਿਆ ਹੈ। ਇਸ ਹਦੀਸ ਦਾ ਅਨੁਵਾਦ ਇਹ ਹੈ: ਜਿਬਰਾਇਲ ਨੇ ਮੇਰੇ ਦਿਲ ਵਿੱਚ ਇਹ ਗੱਲ ਪਾਈ ਕਿ ਤੁਹਾਡੇ ਵਿੱਚੋਂ ਕੋਈ ਵੀ ਇਸ ਦੁਨੀਆ ਤੋਂ ਉਦੋਂ ਤੱਕ ਹਰਗਿਜ਼ ਨਹੀਂ ਜਾ ਸਕਦਾ, ਜਦੋਂ ਤੱਕ ਕਿ ਉਹ ਆਪਣੇ ਰਿਜ਼ਕ ਨੂੰ ਮੁਕੰਮਲ ਨਾ ਕਰ ਲਵੇ। ਇਸ ਲਈ ਐ ਲੋਕੋ, ਅੱਲ੍ਹਾ ਦਾ ਡਰ (ਤਕਵਾ) ਇਖ਼ਤਿਆਰ ਕਰੋ, ਅਤੇ ਤਲਬ (ਖ਼ਾਹਿਸ਼) ਵਿੱਚ ਖ਼ੂਬਸੂਰਤੀ ਪੈਦਾ ਕਰੋ। (ਮੁਸਤਦਰਕ ਅਲ-ਹਾਕਿਮ, ਹਦੀਸ ਨੰਬਰ 2136)।

ਕੁਰਆਨ ਦੀ ਇਸ ਆਇਤ ਅਤੇ ਇਸ ਹਦੀਸ-ਏ-ਰਸੂਲ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਇਨਸਾਨ ਦੀ ਰੋਜ਼ੀ-ਰੋਟੀ (ਮੁਆਸ਼) ਦਾ ਮਾਮਲਾ ਖ਼ਾਲਕ (ਸਿਰਜਣਹਾਰ) ਵੱਲੋਂ ਤੈਅ ਹੁੰਦਾ ਹੈ, ਨਾ ਕਿ ਇਨਸਾਨ ਦੇ ਪਿਓ ਵੱਲੋਂ। ਮੌਜੂਦਾ ਸਮਾਂ ਇਸ ਮਾਮਲੇ ਦਾ ਇੱਕ ਪ੍ਰਦਰਸ਼ਨ (demonstration) ਹੈ। ਮੌਜੂਦਾ ਜ਼ਮਾਨੇ ਵਿੱਚ ਤਕਰੀਬਨ ਹਰ ਜਗ੍ਹਾ ਇਹ ਮੰਜ਼ਰ ਦਿਖਾਈ ਦੇ ਰਿਹਾ ਹੈ ਕਿ ਪਿਓ ਅੰਨ੍ਹੇਵਾਹ ਕਮਾਉਂਦਾ ਹੈ। ਉਸ ਦਾ ਇਹ ਕਮਾਉਣਾ ਅਤੇ

ਘਰ ਬਣਾਉਣਾ ਇਸ ਲਈ ਹੁੰਦਾ ਹੈ ਕਿ ਉਸ ਦੇ ਬੱਚੇ ਇਸ ਦੇ ਅੰਦਰ ਆਰਾਮ ਦੀ ਜ਼ਿੰਦਗੀ ਗੁਜ਼ਾਰਨ। ਲੇਕਿਨ ਹਰ ਇੱਕ ਦੇ ਨਾਲ ਇਹ ਵਾਕਿਆ ਪੇਸ਼ ਆਉਂਦਾ ਹੈ ਕਿ ਪਿਓ ਦੀ ਬਣਾਈ ਹੋਈ ਦੁਨੀਆ ਵਿੱਚ ਰਹਿਣਾ ਉਹਨਾਂ ਨੂੰ ਨਸੀਬ ਨਹੀਂ ਹੁੰਦਾ। ਉਹ ਅਸਲ ਵਿੱਚ ਉਸ ਦੁਨੀਆ ਵਿੱਚ ਜਿਊਂਦਾ ਅਤੇ ਮਰਦਾ ਹੈ, ਜੋ ਉਸ ਨੇ ਖ਼ੁਦ ਬਣਾਈ ਸੀ। ਡੂੰਘਾਈ ਨਾਲ ਦੇਖਿਆ ਜਾਵੇ ਤਾਂ ਸਿਰਫ਼ ਇੱਕ ਪੀੜ੍ਹੀ ਵਿੱਚ ਜ਼ਿੰਦਗੀ ਦਾ ਸਾਰਾ ਨਕਸ਼ਾ ਬਦਲ ਜਾਂਦਾ ਹੈ। ਪਿਓ ਨੇ ਕੁਝ ਚਾਹਿਆ ਸੀ, ਅਤੇ ਅਸਲ ਵਿੱਚ ਕੁਝ ਹੋਰ ਹੋਇਆ।

ਇਸ ਆਮ ਤਜ਼ਰਬੇ ਤੋਂ ਮਾਲੂਮ ਹੁੰਦਾ ਹੈ ਕਿ ਪਿਓ ਦਾ ਕੰਮ ਇਹ ਨਹੀਂ ਹੈ ਕਿ ਉਹ ‘ਰਾਜ਼ਿਕ’ (ਰੋਜ਼ੀ ਦੇਣ ਵਾਲਾ) ਬਣਨ ਦੀ ਕੋਸ਼ਿਸ਼ ਕਰੇ। ਪਿਓ ਦਾ ਕੰਮ ਸਿਰਫ਼ ਇਹ ਹੈ ਕਿ ਉਹ ਆਪਣੀ ਔਲਾਦ ਨੂੰ ਜ਼ਿੰਦਗੀ ਦੀ ਸੋਝੀ ਦੇਵੇ। ਉਹ ਆਪਣੀ ਔਲਾਦ ਨੂੰ ਜੀਵਨ ਦਾ ਸਹੀ ਰਾਹ ਦੱਸੇ। ਉਹ ਆਪਣੀ ਔਲਾਦ ਨੂੰ ਖ਼ਾਲਕ (ਸਿਰਜਣਹਾਰ) ਦਾ ਸਿਰਜਣਾਤਮਕ ਨਕਸ਼ਾ ਦੱਸੇ, ਨਾ ਕਿ ਉਹ ਖ਼ੁਦ ਖ਼ਾਲਕ ਦੀ ਸੀਟ ’ਤੇ ਬੈਠ ਜਾਵੇ। ਇਸ ਤੋਂ ਇਲਾਵਾ ਪਿਓ ਕੁਝ ਵੀ ਕਰੇ, ਲੇਕਿਨ ਅਸਲ ਵਿੱਚ ਉਹੀ ਹੋਵੇਗਾ ਜੋ ਖ਼ਾਲਕ ਨੇ ਮੁਕੱਦਰ ਕੀਤਾ ਹੈ।

## ਵਾਲਦੈਨ (ਮਾਪਿਆਂ) ਦੀ ਜ਼ਿੰਮੇਵਾਰੀ

ਹਦੀਸ ਦੀਆਂ ਕਿਤਾਬਾਂ ਵਿੱਚ ਇੱਕ ਰਵਾਇਤ ਆਈ ਹੈ। ਇਸ ਦਾ ਤਰਜਮਾ ਇਹ ਹੈ: ਅਬੂ ਹੁਰੈਰਾ ਤੋਂ ਰਵਾਇਤ ਹੈ ਕਿ ਰਸੂਲ ਅੱਲ੍ਹਾ ਸਲੱਲ੍ਹਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ—ਹਰ ਪੈਦਾ ਹੋਣ ਵਾਲਾ ਫ਼ਿਤਰਤ (ਸਹੀ ਮਾਰਗ) ’ਤੇ ਪੈਦਾ ਹੁੰਦਾ ਹੈ। ਫਿਰ ਉਸ ਦੇ ਮਾਂ-ਪਿਓ ਉਸ ਨੂੰ ਯਹੂਦੀ ਬਣਾ ਦਿੰਦੇ ਹਨ ਜਾਂ ਉਸ ਨੂੰ ਈਸਾਈ ਬਣਾ ਦਿੰਦੇ ਹਨ ਜਾਂ ਉਸ ਨੂੰ ਮਜੂਸੀ (ਅੱਗ ਪੂਜਕ) ਬਣਾ ਦਿੰਦੇ ਹਨ। (ਸਹੀ ਬੁਖ਼ਾਰੀ, ਹਦੀਸ ਨੰਬਰ 1358)।

ਇਸ ਦਾ ਮਤਲਬ ਸਿਰਫ਼ ਧਾਰਮਿਕ ਅਰਥਾਂ ਵਿੱਚ ਯਹੂਦੀ, ਈਸਾਈ ਜਾਂ ਮਜੂਸੀ ਬਣਾਉਣਾ ਨਹੀਂ ਹੈ। ਇਹ ਤਾਂ ਬਣਾਉਣ ਦੀ ਆਖ਼ਰੀ ਸੂਰਤ ਹੈ।

ਹਕੀਕਤ ਇਹ ਹੈ ਕਿ ਇਸ ਵਿੱਚ ਉਹ ਹਰ ਵਿਗਾੜ ਸ਼ਾਮਲ ਹੈ, ਜੋ ਮਾਪਿਆਂ ਦੇ ਜ਼ਰੀਏ ਉਹਨਾਂ ਦੀ ਔਲਾਦ ਵਿੱਚ ਪੈਦਾ ਹੁੰਦਾ ਹੈ।

ਚੁਨਾਂਚਿ ਦੂਜੀਆਂ ਰਵਾਇਤਾਂ ਵਿੱਚ ਆਮ ਸ਼ਬਦ ਵੀ ਆਏ ਹਨ। ਮਿਸਾਲ ਵਜੋਂ ਇੱਕ ਰਵਾਇਤ ਇਹ ਹੈ:

> ਜਾਬਿਰ ਬਿਨ ਅਬਦੁੱਲਾ ਤੋਂ ਰਵਾਇਤ ਹੈ ਕਿ ਰਸੂਲ ਅੱਲ੍ਹਾ ਸਲੱਲ੍ਹਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ—ਹਰ ਪੈਦਾ ਹੋਣ ਵਾਲਾ ਫ਼ਿਤਰਤ (ਸਹੀ ਰਸਤੇ) 'ਤੇ ਪੈਦਾ ਹੁੰਦਾ ਹੈ। ਫਿਰ ਜਦੋਂ ਉਹ ਬੋਲਣ ਲੱਗਦਾ ਹੈ ਤਾਂ ਉਹ ਸ਼ੁਕਰਗੁਜ਼ਾਰ ਜਾਂ ਨਾ-ਸ਼ੁਕਰਾ ਬਣ ਜਾਂਦਾ ਹੈ। (ਮੁਸਨਦ ਅਹਿਮਦ, ਹਦੀਸ ਨੰਬਰ 14805)

ਬੱਚੇ ਪੈਦਾ ਹੁੰਦੇ ਹੀ ਬੋਲਣ ਨਹੀਂ ਲੱਗਦੇ। ਉਹ ਕੁਝ ਸਮੇਂ ਬਾਅਦ ਬੋਲਦੇ ਹਨ। ਬੋਲਣਾ ਸ਼ੁਰੂ ਕਰਨ ਤੋਂ ਪਹਿਲਾਂ ਉਹਨਾਂ ਦਾ ਵਤੀਰਾ ਉਹਨਾਂ ਦੀ ਪੈਦਾਇਸ਼ੀ ਫ਼ਿਤਰਤ ਨਾਲ ਹੁੰਦਾ ਹੈ। ਬੋਲਣ ਤੋਂ ਬਾਅਦ ਉਹਨਾਂ ਦਾ ਸਬੰਧ ਉਹਨਾਂ ਦੇ ਨੇੜਲੇ ਮਾਹੌਲ ਨਾਲ ਜੁੜ ਜਾਂਦਾ ਹੈ, ਜੋ ਕੁਝ ਮਿਲੇ ਉਸ 'ਤੇ ਅੱਲ੍ਹਾ ਦਾ ਸ਼ੁਕਰ ਕਰਨਾ ਹੈ ਜਾਂ ਇਸ ਨੂੰ ਕਿਸੇ ਹੋਰ ਦਾ ਤੋਹਫ਼ਾ ਸਮਝਣਾ ਹੈ।

ਇਸ ਦਾ ਮੁੱਢਲਾ ਸਬਕ ਉਨ੍ਹਾਂ ਨੂੰ ਆਪਣੇ ਮਾਂ-ਬਾਪ ਤੋਂ ਮਿਲਦਾ ਹੈ। ਕਿਸੇ ਨੂੰ ਛੋਟਾ ਦੇਖ ਕੇ ਉਸ ਨੂੰ ਘਟੀਆ ਸਮਝਣਾ ਜਾਂ ਕਿਸੇ ਨੂੰ ਵੱਡਾ ਦੇਖ ਕੇ ਸੜਨਾ, ਇਹ ਵੀ ਪਹਿਲੀ ਬਾਰਿਸ਼ ਵਾਂਗ ਆਪਣੇ ਮਾਪਿਆਂ ਰਾਹੀਂ ਹੀ ਬੱਚੇ ਨੂੰ ਪਤਾ ਲੱਗਦੀ ਹੈ। ਇਸ ਤਰ੍ਹਾਂ ਮਾਪੇ ਜਾਂ ਤਾਂ ਆਪਣੇ ਬੱਚਿਆਂ ਨੂੰ ਨੇਕ ਕੰਮਾਂ ਵਾਲੇ ਬਣਾ ਦਿੰਦੇ ਹਨ ਜਾਂ ਉਨ੍ਹਾਂ ਨੂੰ ਬੁਰੇ ਕੰਮਾਂ ਵਾਲੇ ਬਣਾ ਦਿੰਦੇ ਹਨ। ਬੱਚੇ ਦਾ ਘਰ ਉਸ ਦਾ ਸਭ ਤੋਂ ਪਹਿਲਾ ਸਕੂਲ ਹੈ ਅਤੇ ਬੱਚੇ ਦੇ ਮਾਪੇ ਉਸ ਦੇ ਸਭ ਤੋਂ ਪਹਿਲੇ ਉਸਤਾਦ ਹਨ।

# ਘਰ ਇੱਕ ਸਿਖਲਾਈ ਕੇਂਦਰ

ਇੱਕ ਰਵਾਇਤ ਅਨੁਸਾਰ, ਰਸੂਲ ਅੱਲ੍ਹਾ ਨੇ ਫ਼ਰਮਾਇਆ: "ਤੁਹਾਡੇ ਵਿੱਚੋਂ ਸਭ ਤੋਂ ਚੰਗਾ ਉਹ ਹੈ ਜੋ ਆਪਣੇ ਘਰ ਵਾਲਿਆਂ ਲਈ ਚੰਗਾ ਹੋਵੇ ਅਤੇ ਮੈਂ ਤੁਹਾਡੇ ਵਿੱਚੋਂ ਆਪਣੇ ਘਰ ਵਾਲਿਆਂ ਲਈ ਸਭ ਤੋਂ ਚੰਗਾ ਹਾਂ।" ਇਸ ਦਾ ਮਤਲਬ ਇਹ ਹੈ ਕਿ ਘਰ ਕਿਸੇ ਸਮਾਜ ਦੀ ਇੱਕ ਮੁਢਲੀ ਇਕਾਈ ਹੈ। ਜੋ ਕੁਝ ਜ਼ਿਆਦਾ ਵੱਡੇ ਪੱਧਰ 'ਤੇ ਪੂਰੇ ਸਮਾਜ ਵਿੱਚ ਪੇਸ਼ ਆਉਂਦਾ ਹੈ, ਉਹੀ ਘਰ ਦੇ ਅੰਦਰ ਛੋਟੇ ਪੱਧਰ 'ਤੇ ਪੇਸ਼ ਆਉਂਦਾ ਹੈ। ਆਦਮੀ ਦੇ ਚੰਗੇ ਜਾਂ ਬੁਰੇ ਹੋਣ ਦਾ ਫੈਸਲਾ ਆਪਸੀ ਰਿਸ਼ਤਿਆਂ ਦੇ ਵਿਚਕਾਰ ਹੁੰਦਾ ਹੈ। ਹਰ ਘਰ ਮੰਨੋ ਇਨ੍ਹਾਂ ਤਜ਼ਰਬਿਆਂ ਦਾ ਇੱਕ ਛੋਟਾ ਅਦਾਰਾ ਹੈ ਅਤੇ ਹਰ ਸਮਾਜ ਇਨ੍ਹਾਂ ਤਜ਼ਰਬਿਆਂ ਦਾ ਇੱਕ ਵੱਡਾ ਅਦਾਰਾ ਹੈ।

ਹਰ ਔਰਤ ਜਾਂ ਮਰਦ ਜਦੋਂ ਆਪਣੇ ਘਰਦਿਆਂ ਨਾਲ ਜ਼ਿੰਦਗੀ ਗੁਜ਼ਾਰਦੇ ਹਨ ਤਾਂ ਉਨ੍ਹਾਂ ਨੂੰ ਕਦੇ ਖੁਸ਼ਗਵਾਰ ਤਜ਼ਰਬਾ ਪੇਸ਼ ਆਉਂਦਾ ਹੈ ਅਤੇ ਕਦੇ ਨਾ-ਖੁਸ਼ਗਵਾਰ ਤਜ਼ਰਬਾ; ਕਿਸੇ ਮਾਮਲੇ ਵਿੱਚ ਉਨ੍ਹਾਂ ਅੰਦਰ ਨਫ਼ਰਤ ਦੇ ਜਜ਼ਬਾਤ ਭੜਕ ਉੱਠਦੇ ਹਨ ਅਤੇ ਕਦੇ ਉਹ ਮੁਹੱਬਤ ਦੇ ਜਜ਼ਬਾਤ ਨਾਲ ਭਰ ਜਾਂਦੇ ਹਨ। ਕਦੇ ਉਹ ਖੁਸ਼ੀ ਨਾਲ ਖਿੜ ਜਾਂਦੇ ਹਨ ਅਤੇ ਕਦੇ ਨਾ-ਖੁਸ਼ੀ ਨਾਲ; ਕਦੇ ਉਨ੍ਹਾਂ ਦੀ ਹਉਮੈ ਨੂੰ ਸਕੂਨ ਮਿਲਦਾ ਹੈ ਅਤੇ ਕਦੇ ਉਨ੍ਹਾਂ ਦੀ ਹਉਮੈ ਨੂੰ ਸੱਟ ਲੱਗਦੀ ਹੈ; ਕਦੇ ਉਹ ਆਪਣੀ ਗ਼ਲਤੀ ਮੰਨ ਲੈਂਦੇ ਹਨ ਅਤੇ ਕਦੇ ਬੇ-ਇਤਬਾਰੀ ਦੀ ਹਾਲਤ ਵਿੱਚ ਹੁੰਦੇ ਹਨ; ਕਦੇ ਹੱਕਾਂ ਦੀ ਅਦਾਇਗੀ ਦਾ ਮੌਕਾ ਹੁੰਦਾ ਹੈ ਅਤੇ ਕਦੇ ਹੱਕਾਂ ਦੇ ਇਨਕਾਰ ਦਾ ਮੌਕਾ, ਵਗੈਰਾ।

ਘਰ ਦੇ ਅੰਦਰ ਪੇਸ਼ ਆਉਣ ਵਾਲੀਆਂ ਇਹ ਵੱਖ-ਵੱਖ ਹਾਲਤਾਂ ਹਰ ਔਰਤ ਅਤੇ ਹਰ ਮਰਦ ਲਈ ਆਪਣੀ ਤਿਆਰੀ ਦੇ ਮੌਕੇ ਹਨ। ਜੋ ਲੋਕ ਅਜਿਹਾ ਕਰਨ ਕਿ ਉਹ ਹਮੇਸ਼ਾ ਆਪਣੇ ਇਮਾਨ ਦੀ ਸੋਝੀ ਨੂੰ ਜਿਉਂਦਾ ਰੱਖਣ, ਉਹ ਆਪਣਾ ਲੇਖਾ-ਜੋਖਾ ਕਰਦੇ ਹੋਏ ਜ਼ਿੰਦਗੀ ਗੁਜ਼ਾਰਨ, ਉਨ੍ਹਾਂ ਨੂੰ ਹਮੇਸ਼ਾ ਪਰਲੋਕ ਦੀ ਪਕੜ ਦਾ ਅਹਿਸਾਸ ਲੱਗਾ ਹੋਇਆ ਹੋਵੇ।

ਅਜਿਹੇ ਲੋਕਾਂ ਦਾ ਹਾਲ ਇਹ ਹੋਵੇਗਾ ਕਿ ਜਦੋਂ ਵੀ ਉੱਪਰ ਦੱਸੀ ਕਿਸਮ ਦਾ ਕੋਈ ਮੌਕਾ ਉਨ੍ਹਾਂ ਦੇ ਸਾਹਮਣੇ ਆਵੇਗਾ ਤਾਂ ਉਹ ਸੁਚੇਤ ਹੋ ਜਾਣਗੇ ਅਤੇ ਸਹੀ ਇਸਲਾਮੀ ਰਾਹ ਨੂੰ ਅਪਣਾ ਲੈਣਗੇ।

ਜਿਹੜੀ ਔਰਤ ਅਤੇ ਮਰਦ ਆਪਣੇ ਘਰ ਦੇ ਅੰਦਰ ਇਸ ਕਿਸਮ ਦੀ ਹੋਸ਼ਮੰਦਾਨਾ ਜ਼ਿੰਦਗੀ ਗੁਜ਼ਾਰਦੇ ਹਨ, ਉਨ੍ਹਾਂ ਲਈ ਉਨ੍ਹਾਂ ਦਾ ਘਰ ਇੱਕ ਸਿਖਲਾਈ ਕੇਂਦਰ ਬਣ ਜਾਵੇਗਾ। ਉਨ੍ਹਾਂ ਦੇ ਘਰ ਦਾ ਮਾਹੌਲ ਉਨ੍ਹਾਂ ਨੂੰ ਹਰ ਰੋਜ਼ ਸਵੇਰੇ-ਸ਼ਾਮ ਤਿਆਰ ਕਰਦਾ ਰਹੇਗਾ। ਉਨ੍ਹਾਂ ਦੀ ਇਹ ਜ਼ਿੰਦਗੀ ਉਨ੍ਹਾਂ ਲਈ ਇਸ ਗੱਲ ਦੀ ਜ਼ਮਾਨਤ ਬਣ ਜਾਵੇਗੀ ਕਿ ਜਦੋਂ ਉਹ ਘਰ ਤੋਂ ਬਾਹਰ ਸਮਾਜਿਕ ਜ਼ਿੰਦਗੀ ਵਿੱਚ ਆਉਣਗੇ ਤਾਂ ਉਹ ਸਮਾਜ ਦੇ ਅੰਦਰ ਵੀ ਉਸੇ ਤਰ੍ਹਾਂ ਇੱਕ ਹੱਕ-ਪ੍ਰਸਤ ਇਨਸਾਨ ਸਾਬਤ ਹੋਣਗੇ ਜਿਸ ਤਰ੍ਹਾਂ ਉਹ ਆਪਣੇ ਘਰ ਦੇ ਅੰਦਰ ਹੱਕ-ਪ੍ਰਸਤ ਇਨਸਾਨ ਸਾਬਤ ਹੋਏ ਸਨ।

ਇੱਕ ਆਦਮੀ ਜੋ ਆਪਣੇ ਘਰ ਦੇ ਅੰਦਰ ਲੜਦਾ-ਝਗੜਦਾ ਹੋਵੇ, ਉਹ ਇਸੇ ਤਰ੍ਹਾਂ ਦੀ ਜੀਵਨ-ਸ਼ੈਲੀ ਦਾ ਆਦੀ ਬਣ ਜਾਵੇਗਾ। ਜਦੋਂ ਉਹ ਆਪਣੇ ਘਰ ਤੋਂ ਬਾਹਰ ਆਵੇਗਾ ਤਾਂ ਇੱਥੇ ਵੀ ਉਹ ਲੋਕਾਂ ਨਾਲ ਲੜਨ ਲੱਗ ਜਾਵੇਗਾ। ਆਪਣੇ ਦਫ਼ਤਰ ਵਿੱਚ, ਆਪਣੇ ਕਾਰੋਬਾਰ ਵਿੱਚ, ਰੋਜ਼ਾਨਾ ਦੀ ਜ਼ਿੰਦਗੀ ਵਿੱਚ ਉਹ ਦੂਜਿਆਂ ਦੇ ਨਾਲ ਵੀ ਉਸੇ ਤਰ੍ਹਾਂ ਗੈਰ-ਸੰਜੀਦਾ ਅੰਦਾਜ਼ ਵਿੱਚ ਰਹੇਗਾ ਜਿਸ ਤਰ੍ਹਾਂ ਉਹ ਆਪਣੇ ਘਰ ਦੇ ਅੰਦਰ ਗੈਰ-ਸੰਜੀਦਾ ਅੰਦਾਜ਼ ਵਿੱਚ ਰਹਿ ਰਿਹਾ ਸੀ। ਇਸ ਦਾ ਨਤੀਜਾ ਇਹ ਹੋਵੇਗਾ ਕਿ ਉਸ ਦੇ ਘਰ ਦੇ ਮਾਮਲੇ ਵੀ ਵਿਗੜ ਜਾਣਗੇ ਅਤੇ ਉਸ ਦੇ ਬਾਹਰ ਦੇ ਮਾਮਲੇ ਵੀ। ਇਸੇ ਤਰ੍ਹਾਂ ਕੁਝ ਅਜਿਹੇ ਲੋਕ ਹਨ ਜੋ ਆਪਣੇ ਘਰ ਦੇ ਅੰਦਰ ਤਾਂ ਬਹੁਤ ਮਾੜੇ ਅੰਦਾਜ਼ ਵਿੱਚ ਰਹਿੰਦੇ ਹਨ ਪਰ ਜਦੋਂ ਉਹ ਬਾਹਰ ਆਉਂਦੇ ਹਨ ਤਾਂ ਦੂਜਿਆਂ ਦੇ ਨਾਲ ਉਨ੍ਹਾਂ ਦਾ ਵਤੀਰਾ ਬਹੁਤ ਚੰਗਾ ਅਤੇ ਸਲੀਕੇ ਵਾਲਾ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਕੋਸ਼ਿਸ਼ ਕਰਦੇ ਹਨ ਕਿ ਦੂਜਿਆਂ ਦੀਆਂ ਨਜ਼ਰਾਂ ਵਿੱਚ ਚੰਗੇ ਬਣੇ ਰਹਿਣ। ਪਰ ਇਹ ਇੱਕ ਦੋਗਲਾਪਨ (ਮੁਨਾਫ਼ਕਤ) ਹੈ, ਅਤੇ ਅੱਲ੍ਹਾ ਨੂੰ ਦੋਗਲਾਪਨ ਪਸੰਦ ਨਹੀਂ।

ਕਿਸੇ ਮੁਸਲਮਾਨ ਉੱਤੇ ਜੋ ਧਾਰਮਿਕ ਜ਼ਿੰਮੇਵਾਰੀ ਹੈ, ਉਹ ਸਿਰਫ਼ ਇਸ ਤਰ੍ਹਾਂ ਪੂਰੀ ਨਹੀਂ ਹੋ ਜਾਂਦੀ ਕਿ ਉਹ ਮਸੀਤ ਵਿੱਚ ਪੰਜ ਵੇਲੇ ਦੀ ਨਮਾਜ਼ ਪੜ੍ਹ ਲਵੇ, ਰਮਜ਼ਾਨ ਦੇ ਰੋਜ਼ੇ ਰੱਖ ਲਵੇ ਅਤੇ ਮੱਕੇ ਜਾ ਕੇ ਹੱਜ ਕਰ ਲਵੇ। ਇਸ ਦੇ ਨਾਲ

ਹੀ ਇਹ ਜ਼ਰੂਰੀ ਹੈ ਕਿ ਲੋਕਾਂ ਨਾਲ ਉਸ ਦਾ ਸੁਭਾਅ ਚੰਗਾ ਹੋਵੇ। ਇਨਸਾਨਾਂ ਨਾਲ ਵਰਤੋਂ-ਵਿਹਾਰ ਵਿੱਚ ਉਹ ਰੱਬੀ ਹੁਕਮਾਂ ਦੀ ਪਾਲਣਾ ਕਰਦਾ ਹੋਵੇ, ਲੋਕਾਂ ਦੇ ਵਿਚਕਾਰ ਉਹ ਇਸ ਅਹਿਸਾਸ ਦੇ ਨਾਲ ਰਹੇ ਕਿ ਉਸ ਨੇ ਆਪਣੇ ਹਰ ਬੋਲ ਅਤੇ ਹਰ ਕੰਮ ਦਾ ਜਵਾਬ ਰੱਬ ਨੂੰ ਦੇਣਾ ਹੈ।

ਮੌਜੂਦਾ ਦੁਨੀਆ ਦੀ ਜ਼ਿੰਦਗੀ ਇਮਤਿਹਾਨ ਦੀ ਜ਼ਿੰਦਗੀ ਹੈ। ਇੱਕ ਤਰ੍ਹਾਂ ਦੀ ਜ਼ਿੰਦਗੀ ਇਨਸਾਨ ਨੂੰ ਜੰਨਤ ਵੱਲ ਲੈ ਜਾਂਦੀ ਹੈ ਅਤੇ ਦੂਜੀ ਤਰ੍ਹਾਂ ਦੀ ਜ਼ਿੰਦਗੀ ਉਸ ਨੂੰ ਜਹੰਨਮ ਦਾ ਹੱਕਦਾਰ ਬਣਾ ਦਿੰਦੀ ਹੈ। ਜ਼ਿੰਦਗੀ ਦੀ ਇਸ ਇਮਤਿਹਾਨੀ ਨਸੀਹਤ ਦਾ ਸਬੰਧ ਘਰ ਦੇ ਅੰਦਰਲੇ ਮਾਮਲਿਆਂ ਨਾਲ ਵੀ ਹੈ ਅਤੇ ਘਰ ਤੋਂ ਬਾਹਰ ਦੇ ਮਾਮਲਿਆਂ ਨਾਲ ਵੀ।

# ਬੱਚਿਆਂ ਦੀ ਇਸਲਾਹ (ਸੁਧਾਰ)

ਇੱਕ ਔਰਤ ਨੇ ਕਿਹਾ ਕਿ ਤੁਸੀਂ ਬੱਚਿਆਂ ਦੀ ਪਰਵਰਿਸ਼ 'ਤੇ ਕੋਈ ਲੇਖ ਲਿਖੋ। ਮੌਜੂਦਾ ਦੌਰ ਵਿੱਚ ਬੱਚਿਆਂ ਦੇ ਸੁਧਾਰ ਦੀ ਬਹੁਤ ਲੋੜ ਹੈ। ਮੈਂ ਕਿਹਾ ਕਿ ਬੱਚਿਆਂ ਦੇ ਸੁਧਾਰ 'ਤੇ ਅਣਗਿਣਤ ਲੇਖ ਲਿਖੇ ਗਏ ਹਨ। ਹਰ ਰੋਜ਼ ਬੱਚਿਆਂ ਦੇ ਸੁਧਾਰ 'ਤੇ ਭਾਸ਼ਣ ਹੋ ਰਹੇ ਹਨ, ਪਰ ਇਸ ਦਾ ਕੋਈ ਨਤੀਜਾ ਨਹੀਂ ਨਿਕਲ ਰਿਹਾ। ਹਕੀਕਤ ਇਹ ਹੈ ਕਿ ਬੱਚਿਆਂ ਦੇ ਸੁਧਾਰ ਦੇ ਮਾਮਲੇ ਵਿੱਚ ਅਸਲ ਲੋੜ ਲੇਖ ਜਾਂ ਭਾਸ਼ਣ ਦੀ ਨਹੀਂ ਹੈ। ਇਸ ਮਾਮਲੇ ਵਿੱਚ ਅਸਲ ਲੋੜ ਇਹ ਹੈ ਕਿ ਮਾਪੇ ਆਪਣੇ ਬੱਚਿਆਂ ਦੇ ਮਾਮਲੇ ਵਿੱਚ ਆਪਣੇ ਵਤੀਰੇ ਨੂੰ ਬਦਲਣ।

ਤਮਾਮ ਮਾਪਿਆਂ ਦਾ ਹਾਲ ਇਹ ਹੈ ਕਿ ਉਹ ਆਪਣੇ ਬੱਚਿਆਂ ਨਾਲ ਬਹੁਤ ਜ਼ਿਆਦਾ ਲਾਡ-ਪਿਆਰ (pampering) ਵਾਲਾ ਸਲੂਕ ਕਰਦੇ ਹਨ। ਇਹੀ ਲਾਡ-ਪਿਆਰ ਬੱਚਿਆਂ ਦੇ ਵਿਗੜਨ ਦਾ ਅਸਲ ਕਾਰਨ ਹੈ। ਜਦੋਂ ਤੱਕ ਮਾਪੇ ਆਪਣੇ ਲਾਡ-ਪਿਆਰ ਨੂੰ ਖਤਮ ਨਹੀਂ ਕਰਦੇ, ਬੱਚਿਆਂ ਦਾ ਕੋਈ ਸੁਧਾਰ ਨਹੀਂ ਹੋ ਸਕਦਾ।

ਮੇਰੀ ਗੱਲ ਸੁਣ ਕੇ ਉਸ ਔਰਤ ਨੇ ਕਿਹਾ ਕਿ ਬੱਚਿਆਂ ਨਾਲ ਸਖ਼ਤੀ ਵੀ

ਤਾਂ ਨਹੀਂ ਕੀਤੀ ਜਾ ਸਕਦੀ। ਮੈਂ ਕਿਹਾ ਕਿ ਮੈਂ ਤੁਹਾਨੂੰ ਇਹ ਨਹੀਂ ਕਿਹਾ ਕਿ ਬੱਚਿਆਂ ਨਾਲ ਸਖ਼ਤੀ ਕਰੋ। ਮੈਂ ਸਿਰਫ਼ ਇਹ ਕਿਹਾ ਸੀ ਕਿ ਬੱਚਿਆਂ ਨਾਲ ਲਾਡ-ਪਿਆਰ ਨੂੰ ਛੱਡ ਦਿਓ। ਮਾਪਿਆਂ ਦਾ ਇਹੀ ਸੁਭਾਅ ਬੱਚਿਆਂ ਦੀ ਖਰਾਬੀ ਦੀ ਅਸਲ ਜੜ੍ਹ ਹੈ। ਤੁਸੀਂ ਲੋਕ ਇਹ ਸਮਝਦੇ ਹੋ ਕਿ ਬੱਚਿਆਂ ਨਾਲ ਲਾਡ-ਪਿਆਰ ਨਾ ਕਰਨਾ ਉਨ੍ਹਾਂ ਨਾਲ ਸਖ਼ਤੀ ਕਰਨਾ ਹੈ। ਮਾਪੇ ਆਪਣੇ ਬੱਚਿਆਂ ਲਈ ਇੰਨੇ ਸੰਵੇਦਨਸ਼ੀਲ ਹੁੰਦੇ ਹਨ ਕਿ ਉਹ ਲਾਡ-ਪਿਆਰ ਨਾ ਕਰਨ ਨੂੰ ਸਖ਼ਤੀ ਸਮਝ ਲੈਂਦੇ ਹਨ, ਇਸ ਲਈ ਉਹ ਲਾਡ-ਪਿਆਰ ਨੂੰ ਨਹੀਂ ਛੱਡ ਪਾਉਂਦੇ।

ਫਿਰ ਮੈਂ ਕਿਹਾ ਕਿ ਤੁਸੀਂ ਚਾਹੇ ਕਿੰਨਾ ਵੀ ਲਾਡ-ਪਿਆਰ ਕਿਉਂ ਨਾ ਕਰੋ, ਬੱਚਿਆਂ ਦੀਆਂ ਮੰਗਾਂ ਕਦੇ ਖਤਮ ਨਹੀਂ ਹੁੰਦੀਆਂ। ਬੱਚੇ ਲਗਾਤਾਰ ਹੋਰ ਅਤੇ ਹੋਰ ਦੀ ਮੰਗ ਕਰਦੇ ਰਹਿੰਦੇ ਹਨ। ਇਸ ਬਿਨਾ ’ਤੇ ਮਾਪੇ ਇਹ ਸਮਝ ਲੈਂਦੇ ਹਨ ਕਿ ਅਸੀਂ ਅਜੇ ਕੁਝ ਨਹੀਂ ਕੀਤਾ, ਅਸੀਂ ਅਜੇ ਬੱਚਿਆਂ ਦੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ।

ਇਸ ਬਿਨਾ ’ਤੇ ਤਮਾਮ ਮਾਪੇ ਲਾਡ-ਪਿਆਰ ਦੇ ਇਸ ਅਹਿਸਾਸ ਵਿੱਚ ਗ੍ਰਸਤ ਰਹਿੰਦੇ ਹਨ ਕਿ ਅਸੀਂ ਤਾਂ ਲਾਡ-ਪਿਆਰ ਨਹੀਂ ਕਰ ਰਹੇ ਹਾਂ। ਉਨ੍ਹਾਂ ਦੇ ਮਨ ਵਿੱਚ ਲਾਡ-ਪਿਆਰ ਦਾ ਗਲਤ ਮਿਆਰ ਹੁੰਦਾ ਹੈ, ਯਾਨੀ ਜਦੋਂ ਬੱਚੇ ਹੋਰ ਮੰਗ ਕਰਨਗੇ ਤਾਂ ਉਹ ਸਮਝਣਗੇ ਕਿ ਅਸੀਂ ਲਾਡ-ਪਿਆਰ ਕੀਤਾ ਹੈ। ਪਰ ਖ਼ਾਹਿਸ਼ਾਂ ਦੇ ਮਾਮਲੇ ਵਿੱਚ ਬੱਚੇ ਅਤੇ ਵੱਡੇ ਦੋਵਾਂ ਦਾ ਇਹ ਹਾਲ ਹੁੰਦਾ ਹੈ ਕਿ ਉਨ੍ਹਾਂ ਨੂੰ ਕੁਝ ਵੀ ਮਿਲ ਜਾਵੇ, ਉਹ ਉਨ੍ਹਾਂ ਦੀਆਂ ਖ਼ਾਹਿਸ਼ਾਂ ਤੋਂ ਘੱਟ ਹੁੰਦਾ ਹੈ। ਇਸ ਲਈ ਹਮੇਸ਼ਾ ਨਵੀਆਂ ਮੰਗਾਂ ਜਾਰੀ ਰਹਿੰਦੀਆਂ ਹਨ।

## ਬੱਚਿਆਂ ਦਾ ਵਿਗਾੜ

ਇੱਕ ਸਾਹਿਬ ਨੇ ਕਿਹਾ ਕਿ ਅੱਜ-ਕੱਲ੍ਹ ਮਾਪੇ ਆਮ ਤੌਰ ’ਤੇ ਇਹ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਵਿਗੜ ਗਏ ਹਨ। ਇਸ ਦਾ ਜ਼ਿੰਮੇਵਾਰ ਸਭ ਤੋਂ ਵੱਧ ਟੀ.ਵੀ. ਨੂੰ ਦੱਸਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਟੀ.ਵੀ. ਨੇ ਉਨ੍ਹਾਂ ਦੇ ਬੱਚਿਆਂ

ਨੂੰ ਵਿਗਾੜ ਦਿੱਤਾ ਹੈ। ਉਨ੍ਹਾਂ ਨੇ ਪੁੱਛਿਆ ਕਿ ਇਸ ਬਾਰੇ ਤੁਹਾਡੀ ਕੀ ਰਾਏ ਹੈ। ਮੈਂ ਕਿਹਾ ਕਿ ਇਹ ਸਾਰਾ ਮਾਮਲਾ ਜੇਕਰ ਟੀ.ਵੀ. ਦਾ ਹੈ ਤਾਂ ਮਾਪੇ ਕਿਉਂ ਆਪਣੇ ਘਰ ਵਿੱਚ ਟੀ.ਵੀ. ਰੱਖਦੇ ਹਨ। ਬੱਚੇ ਖੁਦ ਖਰੀਦ ਕੇ ਟੀ.ਵੀ. ਨਹੀਂ ਲਿਆਉਂਦੇ। ਇਹ ਮਾਪੇ ਹੀ ਹਨ ਜੋ ਬੱਚਿਆਂ ਨੂੰ ਖੁਸ਼ ਕਰਨ ਲਈ ਟੀ.ਵੀ. ਲਿਆ ਕੇ ਆਪਣੇ ਘਰ ਵਿੱਚ ਰੱਖਦੇ ਹਨ। ਇਸ ਲਈ ਇਸ ਮਾਮਲੇ ਵਿੱਚ ਅਸਲ ਜ਼ਿੰਮੇਵਾਰ ਖੁਦ ਮਾਪੇ ਹਨ, ਨਾ ਕਿ ਬੱਚੇ।

ਹਕੀਕਤ ਇਹ ਹੈ ਕਿ ਬੱਚਿਆਂ ਦੇ ਵਿਗਾੜ ਦਾ ਅਸਲ ਕਾਰਨ ਲਾਡ-ਪਿਆਰ (pampering) ਹੈ। ਮਾਪਿਆਂ ਦਾ ਨਜ਼ਰੀਆ ਆਪਣੇ ਬੱਚਿਆਂ ਬਾਰੇ ਇਹ ਹੁੰਦਾ ਹੈ ਕਿ ਉਨ੍ਹਾਂ ਦੀ ਹਰ ਖਾਹਿਸ਼ ਨੂੰ ਪੂਰਾ ਕੀਤਾ ਜਾਵੇ। ਬੱਚੇ ਜਦੋਂ ਤੱਕ ਛੋਟੇ ਹੁੰਦੇ ਹਨ, ਉਨ੍ਹਾਂ ਦੀ ਖਾਹਿਸ਼ ਖਾਣੇ ਅਤੇ ਕੱਪੜਿਆਂ ਵਰਗੀਆਂ ਚੀਜ਼ਾਂ ਤੱਕ ਸੀਮਤ ਰਹਿੰਦੀ ਹੈ। ਇਸ ਲਈ ਛੋਟੀ ਉਮਰ ਵਿੱਚ ਮਾਪੇ ਆਪਣੇ ਨਜ਼ਰੀਏ ਦੀ ਗਲਤੀ ਸਮਝ ਨਹੀਂ ਪਾਉਂਦੇ, ਲੇਕਿਨ ਜਦੋਂ ਬੱਚੇ ਵੱਡੇ ਹੁੰਦੇ ਹਨ ਤਾਂ ਉਨ੍ਹਾਂ ਦੀਆਂ ਦਿਲਚਸਪੀਆਂ ਵਧ ਜਾਂਦੀਆਂ ਹਨ। ਹੁਣ ਉਹ ਦੋਸਤੀ, ਆਊਟਿੰਗ, ਕਲੱਬ ਅਤੇ ਲਵ ਅਫੇਅਰ (love affair) ਵਰਗੀਆਂ ਚੀਜ਼ਾਂ ਵੱਲ ਦੌੜਨ ਲੱਗਦੇ ਹਨ। ਜਦੋਂ ਅਜਿਹਾ ਹੁੰਦਾ ਹੈ ਤਾਂ ਮਾਪੇ ਰੋਕ-ਟੋਕ ਕਰਦੇ ਹਨ, ਪਰ ਬੱਚੇ ਉਨ੍ਹਾਂ ਦੀ ਰੋਕ-ਟੋਕ ਨੂੰ ਕਬੂਲ ਨਹੀਂ ਕਰਦੇ। ਇਹ ਬਿਨਾਂ ਸ਼ੱਕ ਖੁਦ ਮਾਪਿਆਂ ਦੀ ਗਫਲਤ ਦਾ ਨਤੀਜਾ ਹੈ।

ਛੋਟੀ ਉਮਰ ਵਿੱਚ ਮਾਪਿਆਂ ਨੇ ਆਪਣੇ ਬੱਚਿਆਂ ਦੇ ਅੰਦਰ ਇਹ ਮਾਨਸਿਕਤਾ ਬਣਾਈ ਕਿ ਮੇਰੀ ਹਰ ਖਾਹਿਸ਼ ਪੂਰੀ ਹੋਣੀ ਚਾਹੀਦੀ ਹੈ। ਬਾਲਗ ਹੋਣ ਤੋਂ ਬਾਅਦ ਇਸ ਸੁਭਾਅ ਨੇ ਹੋਰ ਵਿਕਾਸ ਕੀਤਾ। ਹੁਣ ਉਹ ਆਪਣੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਚੀਜ਼ਾਂ ਵੱਲ ਜਾਣ ਲੱਗੇ ਜੋ ਮਾਪਿਆਂ ਨੂੰ ਪਸੰਦ ਨਹੀਂ।

ਮਗਰ ਸਵਾਲ ਇਹ ਹੈ ਕਿ "ਮੇਰੀ ਖਾਹਿਸ਼ ਸਭ ਕੁਝ ਹੈ" ਦਾ ਸੁਭਾਅ ਬੱਚਿਆਂ ਦੇ ਅੰਦਰ ਕਿਸ ਨੇ ਪੈਦਾ ਕੀਤਾ, ਇਹ ਖੁਦ ਮਾਪਿਆਂ ਨੇ ਆਪਣੇ ਲਾਡ-ਪਿਆਰ ਨਾਲ ਪੈਦਾ ਕੀਤਾ। ਹਕੀਕਤ ਇਹ ਹੈ ਕਿ ਇਸ ਮਾਮਲੇ ਵਿੱਚ ਮਾਪੇ ਆਪਣੇ ਬੱਚਿਆਂ ਨਾਲ ਮੁਹੱਬਤ ਦੇ ਨਾਮ 'ਤੇ ਦੁਸ਼ਮਣੀ ਦਾ ਕਿਰਦਾਰ ਅਦਾ ਕਰ ਰਹੇ ਹਨ।

# ਉਲਟ ਸਿਖਲਾਈ (ਮਾਕੂਸ ਤਰਬੀਅਤ)

ਇੱਕ ਮੁਸਲਿਮ ਵਪਾਰੀ ਦਾ ਵਾਕਿਆ ਹੈ। ਉਨ੍ਹਾਂ ਦੀ ਬੇਟੀ ਨੇ ਉਨ੍ਹਾਂ ਤੋਂ ਆਪਣੀ ਕਿਸੇ ਜ਼ਰੂਰਤ ਲਈ ਪੈਸੇ ਮੰਗੇ। ਉਕਤ ਮੁਸਲਿਮ ਵਪਾਰੀ ਨੇ ਆਪਣੀ ਬੇਟੀ ਤੋਂ ਹੋਰ ਕੁਝ ਨਹੀਂ ਪੁੱਛਿਆ। ਉਨ੍ਹਾਂ ਨੇ ਤੁਰੰਤ ਆਪਣੀ ਜੇਬ ਵਿੱਚ ਹੱਥ ਪਾਇਆ, ਉਸ ਵੇਲੇ ਉਨ੍ਹਾਂ ਦੀ ਜੇਬ ਵਿੱਚ ਜਿੰਨੇ ਨੋਟ ਸਨ, ਉਹ ਸਭ ਕੱਢ ਕੇ ਉਨ੍ਹਾਂ ਨੇ ਆਪਣੀ ਬੇਟੀ ਦੇ ਹੱਥ ਵਿੱਚ ਰੱਖ ਦਿੱਤੇ ਅਤੇ ਕਿਹਾ ਕਿ ਇਹ ਲਓ, ਤੁਹਾਡੇ ਲਈ ਹੀ ਤਾਂ ਕਮਾਉਂਦੇ ਹਾਂ।

ਇਹ ਕੋਈ ਅਪਵਾਦ (Exception) ਨਹੀਂ ਹੈ। ਇਹੀ ਸਾਰੇ ਮਾਪਿਆਂ ਦਾ ਹਾਲ ਹੈ। ਮਾਪੇ ਖੁਦ ਤਾਂ ਮਿਹਨਤ ਕਰਦੇ ਹਨ, ਉਹ ਮੁਸ਼ੱਕਤ ਦੀ ਕਮਾਈ ਕਰਦੇ ਹਨ, ਲੇਕਿਨ ਆਪਣੀ ਔਲਾਦ ਦੇ ਬਾਰੇ ਵਿੱਚ ਉਨ੍ਹਾਂ ਦਾ ਮਨ ਇਹ ਰਹਿੰਦਾ ਹੈ ਕਿ ਉਨ੍ਹਾਂ ਦੀ ਔਲਾਦ ਨੂੰ ਕੋਈ ਤਕਲੀਫ ਨਾ ਹੋਵੇ। ਉਹ ਖੁਦ ਤਕਲੀਫ ਉਠਾਉਂਦੇ ਹਨ ਅਤੇ ਆਪਣੀ ਔਲਾਦ ਨੂੰ ਹਰ ਕਿਸਮ ਦੀ ਰਾਹਤ ਅਤੇ ਸਹੂਲਤ ਮੁਹੱਈਆ ਕਰਦੇ ਹਨ, ਉਹ ਉਨ੍ਹਾਂ ਦੀ ਹਰ ਖਾਹਿਸ਼ ਪੂਰੀ ਕਰਨ ਲਈ ਤਿਆਰ ਰਹਿੰਦੇ ਹਨ, ਚਾਹੇ ਉਨ੍ਹਾਂ ਨੂੰ ਇਸ ਦੀ ਜੋ ਵੀ ਕੀਮਤ ਦੇਣੀ ਪਵੇ।

ਮਾਪਿਆਂ ਦਾ ਇਹ ਸੁਭਾਅ ਉਨ੍ਹਾਂ ਦੀ ਔਲਾਦ ਦੀ ਤਰੱਕੀ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਮਾਪਿਆਂ ਦਾ ਇਹ ਮਿਜ਼ਾਜ ਔਲਾਦ ਦੀ ਉਲਟ ਸਿਖਲਾਈ (ਮਾਕੂਸ ਤਰਬੀਅਤ) ਦੇ ਸਮਾਨ ਹੈ। ਉਨ੍ਹਾਂ ਦੀ ਔਲਾਦ ਨੇ ਆਖਿਰਕਾਰ ਜਿਸ ਦੁਨੀਆ ਵਿੱਚ ਦਾਖਲ ਹੋਣਾ ਹੈ, ਉਹ ਹਕੀਕਤਾਂ ਦੀ ਦੁਨੀਆ ਹੈ। ਉੱਥੋਂ ਦਾ ਅਸੂਲ ਇਹ ਹੈ ਕਿ—ਜਿੰਨਾ ਕਰੋ, ਉਨਾ ਪਾਓ।

ਲੇਕਿਨ ਮਾਪੇ ਘਰ ਦੇ ਅੰਦਰ ਆਪਣੀ ਔਲਾਦ ਦੇ ਅੰਦਰ ਜੋ ਸੁਭਾਅ ਪੈਦਾ ਕਰਦੇ ਹਨ, ਉਹ ਇਸ ਦੇ ਬਿਲਕੁਲ ਉਲਟ ਹੁੰਦਾ ਹੈ। ਘਰ ਦਾ ਮਾਹੌਲ ਕੁਝ ਪ੍ਰਾਪਤ ਕਰਨ ਲਈ ਬਿਨਾਂ ਮਿਹਨਤ ਦਾ ਮਾਹੌਲ ਹੁੰਦਾ ਹੈ, ਅਤੇ ਘਰ ਦੇ ਬਾਹਰ ਦਾ ਮਾਹੌਲ ਕੁਝ ਪ੍ਰਾਪਤ ਕਰਨ ਲਈ ਮਿਹਨਤ ਦਾ ਮਾਹੌਲ।

ਇਸੇ ਦਾ ਨਤੀਜਾ ਹੈ ਕਿ ਅੱਜ ਦਾ ਹਰ ਨੌਜਵਾਨ, ਲੜਕੇ ਅਤੇ ਲੜਕੀਆਂ ਦੋਵੇਂ, ਮਾੜੀ ਸੋਚ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਨੂੰ ਦੁਨੀਆ ਦੇ ਹਰ ਬੰਦੇ ਤੋਂ ਸ਼ਿਕਾਇਤ ਹੁੰਦੀ ਹੈ। ਜਾਣੇ-ਅਣਜਾਣੇ ਵਿੱਚ ਉਹਨਾਂ ਦਾ ਸੁਭਾਅ ਇਹ ਬਣ ਜਾਂਦਾ ਹੈ ਕਿ ਮੇਰੇ ਮਾਂ ਅਤੇ ਪਿਓ ਬਹੁਤ ਚੰਗੇ ਸੀ, ਬਾਕੀ ਸਾਰੇ ਲੋਕ ਬਹੁਤ ਮਾੜੇ ਹਨ।

ਇਸ ਹਾਲਤ ਨੇ ਅੱਜ ਦੀ ਦੁਨੀਆ ਵਿੱਚ ਦੋ ਚੀਜ਼ਾਂ ਦਾ ਖ਼ਾਤਮਾ ਕਰ ਦਿੱਤਾ ਹੈ: ਮਿਹਨਤ ਨਾਲ ਆਪਣਾ ਕੰਮ ਕਰਨਾ, ਅਤੇ ਲੋਕਾਂ ਦਾ ਭਲਾ ਚਾਹੁਣ ਵਾਲਾ ਬਣ ਕੇ ਉਹਨਾਂ ਦੇ ਵਿਚਕਾਰ ਰਹਿਣਾ।

# ਬੱਚੇ ਸੁਖੀ ਰਹਿਣ

ਜੁਲਾਈ 1995 ਵਿੱਚ ਮੇਰਾ ਮੁਰਾਦਾਬਾਦ ਦਾ ਇੱਕ ਸਫ਼ਰ ਹੋਇਆ। ਉੱਥੇ ਇੱਕ ਸਾਹਿਬ ਨੇ ਦੱਸਿਆ ਕਿ ਜਿਹੜੇ ਪੈਸੇ ਵਾਲੇ ਮੁਸਲਮਾਨ ਹਨ, ਜੇ ਉਹਨਾਂ ਨੂੰ ਪੁੱਛਿਆ ਜਾਵੇ ਕਿ ਤੁਸੀਂ ਇੰਨਾ ਜ਼ਿਆਦਾ ਪੈਸਾ ਕਿਸ ਲਈ ਇਕੱਠਾ ਕਰ ਰਹੇ ਹੋ, ਤਾਂ ਉਹਨਾਂ ਦਾ ਜਵਾਬ ਇਹ ਹੁੰਦਾ ਹੈ: ਇਸ ਲਈ ਕਿ ਬੱਚੇ ਸੁਖੀ ਰਹਿਣ। ਮੈਂ ਕਿਹਾ ਕਿ ਬੱਚਿਆਂ ਦੇ ਸੁਖ ਲਈ ਜਿਹੜੇ ਲੋਕ ਦੌਲਤ ਅਤੇ ਜ਼ਮੀਨਾਂ-ਜਾਇਦਾਦਾਂ ਇਕੱਠੀਆਂ ਕਰਦੇ ਹਨ, ਉਹ ਆਪਣੀ ਔਲਾਦ ਲਈ ਕੋਈ ਸਿਆਣਪ ਨਹੀਂ ਕਰ ਰਹੇ। ਤਜ਼ਰਬਾ ਇਹ ਹੈ ਕਿ ਬਿਨਾਂ ਮਿਹਨਤ ਦੇ ਮਿਲੀ ਹੋਈ ਦੌਲਤ ਬੰਦੇ ਦੇ ਚਾਲ-ਚਲਣ ਨੂੰ ਵਿਗਾੜ ਦਿੰਦੀ ਹੈ, ਇੱਥੋਂ ਤੱਕ ਕਿ ਉਸ ਵਿੱਚ ਘਟੀਆਪਨ ਅਤੇ ਅਵਾਰਾਗਰਦੀ ਪੈਦਾ ਕਰ ਦਿੰਦੀ ਹੈ। ਬੱਚਿਆਂ ਦੇ ਨਾਲ ਸਭ ਤੋਂ ਪਹਿਲੀ ਭਲਾਈ ਇਹ ਹੈ ਕਿ ਉਹਨਾਂ ਨੂੰ ਉੱਚੀ ਵਿੱਦਿਆ ਦਵਾਈ ਜਾਵੇ, ਅਤੇ ਇਸ ਤੋਂ ਬਾਅਦ ਦੂਜੀ ਲੋੜ ਇਹ ਹੈ ਕਿ ਉਹਨਾਂ ਨੂੰ ਮਿਹਨਤ ਦੇ ਰਾਹ ’ਤੇ ਪਾਇਆ ਜਾਵੇ।

# ਫ਼ਰਜ਼ੀ ਮੁਹੱਬਤ

ਇੱਕ ਮੁਸਲਮਾਨ ਕੁੜੀ ਆਪਣੇ ਮਾਂ-ਪਿਓ ਦੀ ਇਕਲੌਤੀ ਔਲਾਦ ਸੀ। ਉਸ ਦੇ ਮਾਂ-ਪਿਓ ਨੇ ਬੜੀ ਧੂਮ-ਧਾਮ ਨਾਲ ਉਸ ਦਾ ਵਿਆਹ ਕੀਤਾ। ਇਸ ਤੋਂ ਬਾਅਦ ਉਹ ਵਿਦਾ ਹੋ ਕੇ ਆਪਣੇ ਸਹੁਰੇ ਘਰ ਚਲੀ ਗਈ। ਉਸ ਦੇ ਘਰ ਇੱਕ ਬੱਚਾ ਵੀ ਪੈਦਾ ਹੋਇਆ। ਪਰ ਦੋ ਸਾਲਾਂ ਬਾਅਦ ਉਹ ਆਪਣੇ ਘਰਵਾਲੇ ਨਾਲ ਲੜ-ਝਗੜ ਕੇ ਆਪਣੇ ਮਾਂ-ਪਿਓ ਦੇ ਕੋਲ ਵਾਪਸ ਆ ਗਈ। ਉਸ ਨੇ ਆਪਣੇ ਮਾਂ-ਪਿਓ ਨੂੰ ਕਿਹਾ ਕਿ ਮੇਰਾ ਘਰਵਾਲਾ ਬਹੁਤ ਹੀ ਕਰੜੇ ਸੁਭਾਅ ਦਾ ਹੈ, ਉਸ ਦੇ ਨਾਲ ਮੇਰਾ ਗੁਜ਼ਾਰਾ ਨਹੀਂ ਹੋ ਸਕਦਾ।

ਕੁੜੀ ਦੇ ਮਾਂ-ਪਿਓ ਨੇ ਉਸ ਤੋਂ ਜ਼ਿਆਦਾ ਪੁੱਛ-ਗਿੱਛ ਨਹੀਂ ਕੀਤੀ, ਜੋ ਕੁਝ ਕੁੜੀ ਨੇ ਕਿਹਾ, ਉਸ ਨੂੰ ਉਹਨਾਂ ਨੇ ਸਹੀ ਮੰਨ ਲਿਆ। ਉਹਨਾਂ ਨੇ ਕਿਹਾ ਕਿ ਬੇਟੀ, ਤੂੰ ਫ਼ਿਕਰ ਨਾ ਕਰ। ਸਾਡੇ ਕੋਲ ਅੱਲ੍ਹਾ ਦਾ ਦਿੱਤਾ ਸਭ ਕੁਝ ਹੈ। ਤੂੰ ਇੱਥੇ ਆਰਾਮ ਨਾਲ ਰਹਿ, ਤੈਨੂੰ ਕਿਤੇ ਜਾਣ ਦੀ ਲੋੜ ਨਹੀਂ।

ਮੇਰੇ ਨਾਲ ਮੁਲਾਕਾਤ ਹੋਈ ਤਾਂ ਮੈਂ ਕੁੜੀ ਤੋਂ ਪੁੱਛ-ਗਿੱਛ ਕੀਤੀ, ਤਾਂ ਜੋ ਅਸਲ ਹਕੀਕਤ ਪਤਾ ਲੱਗ ਸਕੇ। ਕੁੜੀ ਨੇ ਦੱਸਿਆ ਕਿ ਮੇਰਾ ਘਰਵਾਲਾ ਹਰ ਮਾਮਲੇ ਵਿੱਚ ਸਖ਼ਤੀ ਕਰਦਾ ਹੈ। ਮੈਂ ਮਿਸਾਲ ਪੁੱਛੀ ਤਾਂ ਉਸ ਨੇ ਦੱਸਿਆ ਕਿ ਮੇਰਾ ਘਰਵਾਲਾ ਮੈਨੂੰ ਸ਼ੌਪਿੰਗ (shopping) ਲਈ ਨਹੀਂ ਲੈ ਕੇ ਜਾਂਦਾ, ਉਹ ਆਊਟਿੰਗ (outing) ਦਾ ਪ੍ਰੋਗਰਾਮ ਨਹੀਂ ਬਣਾਉਂਦਾ। ਮੈਂ ਕਿਹਾ ਕਿ ਇਹ ਤਾਂ ਬਹੁਤ ਚੰਗੀ ਗੱਲ ਹੈ। ਸ਼ੌਪਿੰਗ ਦਾ ਮਤਲਬ ਪੈਸੇ ਦੀ ਬਰਬਾਦੀ (waste of money) ਹੈ, ਅਤੇ ਆਊਟਿੰਗ ਦਾ ਮਤਲਬ ਸਮੇਂ ਦੀ ਬਰਬਾਦੀ (waste of time) ਹੈ। ਤੁਹਾਡਾ ਘਰਵਾਲਾ ਬਹੁਤ ਚੰਗਾ ਕਰਦਾ ਹੈ ਕਿ ਉਹ ਤੁਹਾਨੂੰ ਅਜਿਹੀਆਂ ਫ਼ਾਲਤੂ ਚੀਜ਼ਾਂ ਤੋਂ ਬਚਾਉਂਦਾ ਹੈ।

ਮਾਂ-ਪਿਓ ਨੇ ਕੁੜੀ ਨਾਲ ਜੋ ਕੁਝ ਕੀਤਾ, ਉਹ ਪਿਆਰ ਦਾ ਮਾਮਲਾ ਸੀ ਅਤੇ ਘਰਵਾਲੇ ਨੇ ਜੋ ਕੁਝ ਕੀਤਾ, ਉਹ ਭਲਾਈ (ਖ਼ੈਰ-ਖ਼ਵਾਹੀ) ਦਾ ਮਾਮਲਾ ਸੀ। ਇਹ ਇੱਕ ਹਕੀਕਤ ਹੈ ਕਿ ਪਿਆਰ ਦੇ ਮੁਕਾਬਲੇ ਵਿੱਚ, ਭਲਾਈ ਬਹੁਤ ਵੱਡੀ

ਚੀਜ਼ ਹੈ। ਪਰ ਅਕਸਰ ਲੋਕ ਇਸ ਫ਼ਰਕ ਨੂੰ ਨਹੀਂ ਜਾਣਦੇ। ਇਸ ਲਈ ਉਹ ਪਿਆਰ ਕਰਨ ਵਾਲੇ ਨੂੰ ਆਪਣਾ ਹਮਦਰਦ ਸਮਝ ਲੈਂਦੇ ਹਨ, ਹਾਲਾਂਕਿ ਅਸਲ ਹਮਦਰਦ ਉਹ ਹੈ ਜੋ ਤੁਹਾਡੇ ਨਾਲ ਸੱਚੀ ਭਲਾਈ ਕਰੇ। ਪਿਆਰ ਸਿਰਫ਼ ਇੱਕ ਜਜ਼ਬਾਤੀ ਚੀਜ਼ ਹੈ, ਜਦੋਂ ਕਿ ਭਲਾਈ ਇੱਕ ਪੂਰੀ ਤਰ੍ਹਾਂ ਅਕਲ ਵਾਲਾ ਰਵੱਈਆ ਹੈ। ਉਹ ਬੰਦਾ ਬਹੁਤ ਖੁਸ਼ਕਿਸਮਤ ਹੈ ਜਿਸ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਸੱਚਾ ਭਲਾ ਚਾਹੁਣ ਵਾਲਾ ਮਿਲ ਜਾਵੇ।

# ਭਲਾਈ ਜਾਂ ਬਦ-ਖ਼ਵਾਹੀ

ਇੱਕ ਪਿਓ ਨੇ ਆਪਣੀ ਬੇਟੀ ਦਾ ਵਿਆਹ ਦੂਰ ਦੇ ਇਲਾਕੇ ਵਿੱਚ ਕੀਤਾ। ਇਹ ਬੇਟੀ ਆਪਣੇ ਪੇਕੇ ਘਰ ਵਿੱਚ ਇਸ ਤਰ੍ਹਾਂ ਰੱਖੀ ਗਈ ਸੀ ਕਿ ਉਸ ਨੇ ਕਦੇ ਕੋਈ ਕੰਮ ਨਹੀਂ ਕੀਤਾ ਸੀ। ਉਸ ਦੇ ਮਾਂ-ਪਿਓ ਦੀ ਕੋਸ਼ਿਸ਼ ਹਮੇਸ਼ਾ ਇਹ ਹੁੰਦੀ ਸੀ ਕਿ ਬੇਟੀ ਖੁਸ਼ ਰਹੇ, ਉਸ ਨੂੰ ਕੋਈ ਤਕਲੀਫ਼ ਨਾ ਹੋਵੇ। ਪਰ ਪਿਓ ਜਾਣਦਾ ਸੀ ਕਿ ਸਹੁਰੇ ਘਰ ਵਿੱਚ ਅਜਿਹਾ ਹੋਣ ਵਾਲਾ ਨਹੀਂ ਹੈ। ਉਸ ਨੇ ਬੇਟੀ ਨੂੰ ਵਿਦਾ ਕਰਦੇ ਹੋਏ ਕਿਹਾ ਕਿ ਹੁਣ ਤੂੰ ਜਿੱਥੇ ਜਾ ਰਹੀ ਹੈਂ, ਉਹ ਤੇਰੇ ਲਈ ਇੱਕ ਵੱਖਰੀ ਦੁਨੀਆ ਹੋਵੇਗੀ। ਪੇਕੇ ਘਰ ਵਿੱਚ ਤੈਨੂੰ ਜੋ ਆਰਾਮ ਮਿਲਿਆ, ਸਹੁਰੇ ਘਰ ਵਿੱਚ ਤੂੰ ਉਸ ਦੀ ਉਮੀਦ ਨਾ ਰੱਖਣਾ।

ਪਿਓ ਨੇ ਆਪਣੀ ਸਮਝ ਮੁਤਾਬਕ, ਇਹ ਮਸ਼ਵਰਾ ਭਲਾਈ ਦੇ ਜਜ਼ਬੇ ਅਧੀਨ ਦਿੱਤਾ। ਪਰ ਹਕੀਕਤ ਦੇ ਪੱਖੋਂ ਉਹ ਬਦ-ਖ਼ਵਾਹੀ (ਬੁਰਾ ਚਾਹੁਣ) ਵਾਲਾ ਮਸ਼ਵਰਾ ਸੀ। ਹਕੀਕਤ ਦੇ ਪੱਖੋਂ ਇਸ ਦਾ ਮਤਲਬ ਇਹ ਸੀ ਕਿ ਉਹਨਾਂ ਦੀ ਬੇਟੀ ਆਪਣੇ ਸਹੁਰੇ ਘਰ ਵਿੱਚ ਹਮੇਸ਼ਾ ਨਕਾਰਾਤਮਕ ਸੋਚ ਦੇ ਅਧੀਨ ਰਹੇ। ਉਹ ਹਮੇਸ਼ਾ ਅਧੂਰੇਪਣ ਦੇ ਅਹਿਸਾਸ ਦਾ ਸ਼ਿਕਾਰ ਰਹੇ। ਉਹ ਹਮੇਸ਼ਾ ਇਹ ਸਮਝਦੀ ਰਹੇ ਕਿ ਮੇਰੇ ਪੇਕੇ ਪਰਿਵਾਰ ਦੇ ਲੋਕ ਬਹੁਤ ਚੰਗੇ ਸੀ ਅਤੇ ਮੇਰੇ ਸਹੁਰੇ ਪਰਿਵਾਰ ਦੇ ਲੋਕ ਬਹੁਤ ਮਾੜੇ ਹਨ। ਪੇਕੇ ਵਾਲਿਆਂ ਲਈ ਉਸ ਦੇ ਦਿਲ ਵਿੱਚ ਝੂਠੀ ਮੁਹੱਬਤ ਅਤੇ ਸਹੁਰੇ ਵਾਲਿਆਂ ਲਈ ਉਸ ਦੇ ਦਿਲ ਵਿੱਚ ਝੂਠੀ ਸ਼ਿਕਾਇਤ

ਭਰ ਜਾਵੇ। ਸਾਰੀ ਜ਼ਿੰਦਗੀ ਉਹ ਇਸ ਅਹਿਸਾਸ ਵਿੱਚ ਜੀਵੇ ਕਿ ਮੇਰਾ ਵਿਆਹ ਗ਼ਲਤ ਹੋ ਗਿਆ। ਉਹ ਹਮੇਸ਼ਾ ਪੇਕੇ ਵਾਲਿਆਂ ਨੂੰ ਚੰਗਾ ਸਮਝੇ ਅਤੇ ਸਹੁਰੇ ਵਾਲਿਆਂ ਨੂੰ ਹਮੇਸ਼ਾ ਮਾੜਾ ਸਮਝਦੀ ਰਹੇ।

ਮੌਜੂਦਾ ਜ਼ਮਾਨੇ ਵਿੱਚ ਲਗਭਗ ਹਰ ਮਾਂ-ਪਿਓ ਆਪਣੀ ਬੇਟੀ ਦੇ ਹੱਕ ਵਿੱਚ ਇਸੇ ਕਿਸਮ ਦੀ ਫ਼ਰਜ਼ੀ ਭਲਾਈ ਕਰਦੇ ਹਨ, ਜੋ ਅਸਲ ਵਿੱਚ ਬੇਟੀ ਲਈ ਸਿਰਫ਼ ਇੱਕ ਪੱਕੀ ਬਦ-ਖ਼ਵਾਹੀ ਬਣ ਜਾਂਦੀ ਹੈ। ਬੇਟੀ ਆਪਣੇ ਪੇਕੇ ਦੀ ਕੰਡੀਸ਼ਨਿੰਗ (conditioning) ਕਰਕੇ ਕਦੇ ਵੀ ਇਸ ਮਾਮਲੇ ਨੂੰ ਖੁਦ ਸਮਝ ਨਹੀਂ ਪਾਉਂਦੀ, ਅਤੇ ਮਾਂ-ਪਿਓ ਦਾ ਹਾਲ ਇਹ ਹੁੰਦਾ ਹੈ ਕਿ ਉਹ ਇਸ ਕੰਡੀਸ਼ਨਿੰਗ ਨੂੰ ਹੋਰ ਪੱਕਾ ਕਰ ਦਿੰਦੇ ਹਨ, ਉਹ ਇਸ ਨੂੰ ਖ਼ਤਮ ਨਹੀਂ ਕਰਦੇ।

ਸਹੀ ਇਹ ਹੈ ਕਿ ਪਿਓ ਜਾਂ ਤਾਂ ਆਪਣੀ ਬੇਟੀ ਦੇ ਨਾਲ ਬਹੁਤ ਜ਼ਿਆਦਾ ਲਾਡ-ਪਿਆਰ (pampering) ਦਾ ਸਲੂਕ ਨਾ ਕਰੇ, ਜਾਂ ਘੱਟੋ-ਘੱਟ ਇਹ ਕਰੇ ਕਿ ਉਹ ਆਪਣੀ ਬੇਟੀ ਨੂੰ ਵਿਦਾ ਕਰਦੇ ਸਮੇਂ ਕਹਿ ਦੇਵੇ ਕਿ ਅਸੀਂ ਜੋ ਕੁਝ ਕੀਤਾ, ਉਹ ਗ਼ੈਰ-ਕੁਦਰਤੀ ਤਰੀਕਾ ਸੀ, ਕੁਦਰਤੀ ਤਰੀਕਾ ਉਹੀ ਹੈ ਜਿਸ ਦਾ ਤੈਨੂੰ ਸਹੁਰੇ ਘਰ ਵਿੱਚ ਸਾਹਮਣਾ ਕਰਨਾ ਪਵੇਗਾ।

## ਭਵਿੱਖ ’ਤੇ ਨਜ਼ਰ

ਇੱਕ ਸਾਹਿਬ ਨੇ ਆਪਣੀ ਲੜਕੀ ਦਾ ਵਿਆਹ ਕਿਸੇ ਦੂਰ-ਦਰਾਡੇ ਇਲਾਕੇ ਵਿੱਚ ਇੱਕ ਨੌਜਵਾਨ ਨਾਲ ਕਰ ਦਿੱਤਾ। ਬਾਅਦ ਵਿੱਚ ਪਤਾ ਲੱਗਾ ਕਿ ਉਸ ਨੌਜਵਾਨ ਦੀ ਆਰਥਿਕ ਹਾਲਤ ਬਹੁਤ ਕਮਜ਼ੋਰ ਹੈ। ਉਸ ਕੋਲ ਜੋ ਘਰ ਹੈ, ਉਹ ਵੀ ਟੁੱਟਾ-ਭੱਜਾ ਹੈ। ਸਮਾਜ ਵਿੱਚ ਉਸ ਦੀ ਕੋਈ ਖ਼ਾਸ ਪਛਾਣ ਨਹੀਂ ਹੈ। ਲੋਕਾਂ ਨੂੰ ਜਦੋਂ ਇਸ ਵਿਆਹ ਦਾ ਪਤਾ ਲੱਗਾ ਤਾਂ ਉਹ ਪਿਓ ਨੂੰ ਬੁਰਾ-ਭਲਾ ਕਹਿਣ ਲੱਗੇ। ਇੱਥੋਂ ਤੱਕ ਕਿ ਕੁਝ ਲੋਕਾਂ ਨੇ ਉਸ ਬਾਰੇ ਵਿੱਚ ਇਹ ਵੀ ਕਿਹਾ ਕਿ ਉਹ ਦਿਮਾਗੀ ਤੌਰ ’ਤੇ ਪਰੇਸ਼ਾਨ ਹੈ।

ਮਗਰ ਬਾਪ ਨੇ ਇਸ ਮਾਮਲੇ ਵਿੱਚ ਸਬਰ ਦਾ ਤਰੀਕਾ ਅਪਣਾਇਆ। ਉਸ

ਨੇ ਸਿਰਫ਼ ਇਹ ਕੀਤਾ ਕਿ ਉਹ ਲਗਾਤਾਰ ਆਪਣੀ ਲੜਕੀ ਲਈ ਦੁਆ ਕਰਦਾ ਰਿਹਾ। ਉਹ ਇਹ ਦੁਆ ਕਰਦਾ ਰਹਿੰਦਾ ਕਿ ਹੇ ਖ਼ੁਦਾਇਆ, ਮੇਰੀ ਗ਼ਲਤੀ ਦੀ ਤਲਾਫ਼ੀ (ਭਰਪਾਈ) ਫ਼ਰਮਾਏ, ਮੇਰੀ ਲੜਕੀ ਦੀ ਮਦਦ ਫ਼ਰਮਾਏ, ਉਸ ਨੂੰ ਆਪਣੀਆਂ ਰਹਿਮਤਾਂ ਦੇ ਸਾਏ ਵਿੱਚ ਲੈ ਲਵੇ।

ਇਸ ਤੋਂ ਬਾਅਦ ਉਸ ਲੜਕੀ ਦੇ ਘਰ ਕੁਝ ਬੱਚੇ ਪੈਦਾ ਹੋਏ। ਇਹ ਬੱਚੇ ਤੰਦਰੁਸਤ ਅਤੇ ਮਿਹਨਤੀ ਸਨ। ਉਹਨਾਂ ਨੇ ਆਪਣੀ ਮਿਹਨਤ ਨਾਲ ਵਿੱਦਿਆ ਹਾਸਲ ਕੀਤੀ ਅਤੇ ਚੰਗੇ ਨੰਬਰਾਂ ਨਾਲ ਪਾਸ ਹੋਏ। ਉਹਨਾਂ ਨੂੰ ਆਪਣੀ ਕਾਬਲੀਅਤ ਦੇ ਆਧਾਰ ’ਤੇ ਚੰਗੀ ਨੌਕਰੀ ਮਿਲ ਗਈ। ਹੁਣ ਹਾਲਾਤ ਬਦਲ ਗਏ। ਲੜਕਿਆਂ ਨੇ ਵੱਡੇ ਹੋ ਕੇ ਨਵਾਂ ਘਰ ਬਣਾਇਆ। ਉਹਨਾਂ ਕੋਲ ਗੱਡੀ ਅਤੇ ਦੂਜੀਆਂ ਚੀਜ਼ਾਂ ਵੀ ਹੋ ਗਈਆਂ। ਆਪਣੇ ਨੇਕ ਅਮਲਾਂ ਨਾਲ ਉਹਨਾਂ ਨੇ ਸਮਾਜ ਵਿੱਚ ਚੰਗਾ ਮੁਕਾਮ ਹਾਸਲ ਕਰ ਲਿਆ।

ਇਸ ਤਰ੍ਹਾਂ ਦੀਆਂ ਮਿਸਾਲਾਂ ਹਰ ਸਮਾਜ ਵਿੱਚ ਹਨ। ਇਹ ਮਿਸਾਲਾਂ ਦੱਸਦੀਆਂ ਹਨ ਕਿ ਇਨਸਾਨ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਕਿ ਉਹ ਸਿਰਫ਼ ਮੌਜੂਦਾ ਹਾਲਾਤ ਨੂੰ ਵੇਖ ਕੇ ਕੋਈ ਰਾਏ ਕਾਇਮ ਕਰ ਲਵੇ। ਸਗੋਂ ਉਸ ਨੂੰ ਭਵਿੱਖ ’ਤੇ ਨਜ਼ਰ ਰੱਖਣੀ ਚਾਹੀਦੀ ਹੈ। ਇਸ ਦੁਨੀਆ ਵਿੱਚ ਕੋਈ ਵੀ ਮਹਿਰੂਮੀ (ਕਮੀ) ਹਮੇਸ਼ਾ ਰਹਿਣ ਵਾਲੀ ਨਹੀਂ ਹੈ। ਇਸ ਦੁਨੀਆ ਵਿੱਚ ਹਰ ਇਨਸਾਨ ਲਈ ਇਹ ਮੌਕੇ ਮੌਜੂਦ ਹਨ ਕਿ ਉਹ ਮਿਹਨਤ ਅਤੇ ਕਾਬਲੀਅਤ ਦਾ ਸਬੂਤ ਦੇ ਕੇ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰੇ। ਉਹ ਮੌਜੂਦਾ ਕਮੀ ਨੂੰ ਵਾਧੇ ਦੇ ਨਾਲ ਭਵਿੱਖ ਵਿੱਚ ਪੂਰਾ ਕਰ ਲਵੇ।

ਕਾਮਯਾਬ ਸ਼ਾਦੀ ਦਾ ਰਾਜ਼ ਇਹ ਨਹੀਂ ਹੈ ਕਿ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਕਿਸੇ ਅਮੀਰ ਆਦਮੀ ਨਾਲ ਕਰੋ। ਇਸੇ ਤਰ੍ਹਾਂ ਨਾਕਾਮ ਸ਼ਾਦੀ ਇਹ ਨਹੀਂ ਹੈ ਕਿ ਤੁਹਾਡੀ ਲੜਕੀ ਦੀ ਸ਼ਾਦੀ ਕਿਸੇ ਗ਼ਰੀਬ ਸ਼ਖ਼ਸ ਨਾਲ ਹੋ ਜਾਵੇ। ਇਸ ਦੁਨੀਆ ਵਿੱਚ ਅੱਜ ਦਾ ਅਮੀਰ ਕੱਲ੍ਹ ਦਾ ਗ਼ਰੀਬ ਬਣ ਜਾਂਦਾ ਹੈ, ਅਤੇ ਅੱਜ ਦਾ ਗ਼ਰੀਬ ਕੱਲ੍ਹ ਦਾ ਅਮੀਰ ਬਣ ਜਾਂਦਾ ਹੈ। ਜ਼ਿੰਦਗੀ ਵਿੱਚ ਅਸਲ ਅਹਿਮੀਅਤ ਮਿਹਨਤ ਅਤੇ ਯੋਜਨਾਬੰਦੀ (ਮਨਸੂਬਾਬੰਦੀ) ਦੀ ਹੈ, ਨਾ ਕਿ ਅਮੀਰੀ ਅਤੇ ਗ਼ਰੀਬੀ ਦੀ।

# ਛੋਟੀ ਗੱਲ ’ਤੇ ਆਖ਼ਰੀ ਫ਼ੈਸਲਾ

ਕਾਮਯਾਬ ਜ਼ਿੰਦਗੀ ਦਾ ਇੱਕ ਰਾਜ਼ ਇਹ ਹੈ ਕਿ ਛੋਟੀ ਗੱਲ ’ਤੇ ਆਖ਼ਰੀ (ਸਖ਼ਤ) ਫ਼ੈਸਲਾ ਨਾ ਲਿਆ ਜਾਵੇ। ਸਮਾਜਿਕ ਜ਼ਿੰਦਗੀ ਵਿੱਚ ਛੋਟੀਆਂ ਸ਼ਿਕਾਇਤਾਂ ਹਮੇਸ਼ਾ ਪੇਸ਼ ਆਉਂਦੀਆਂ ਹਨ। ਸਿਆਣਾ ਉਹ ਹੈ ਜੋ ਛੋਟੀਆਂ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕਰੇ ਅਤੇ ਨਾਦਾਨ ਆਦਮੀ ਉਹ ਹੈ ਜੋ ਛੋਟੀ ਸ਼ਿਕਾਇਤ ’ਤੇ ਗੁੱਸੇ ਵਿੱਚ ਆ ਜਾਵੇ ਅਤੇ ਉਸ ਦੀ ਬੁਨਿਆਦ ’ਤੇ ਆਖ਼ਰੀ ਫ਼ੈਸਲਾ ਲੈਣ ਲੱਗੇ।

ਇਸੇ ਤਰ੍ਹਾਂ ਦਾ ਇੱਕ ਮਸ਼ਹੂਰ ਵਾਕਿਆ ਉਹ ਹੈ ਜੋ ‘ਸੰਡੇ ਟਾਈਮਜ਼’, ਲੰਡਨ ਦੇ ਹਵਾਲੇ ਨਾਲ ਨਵੀਂ ਦਿੱਲੀ ਦੇ ਅੰਗਰੇਜ਼ੀ ਅਖ਼ਬਾਰ ‘ਟਾਈਮਜ਼ ਆਫ਼ ਇੰਡੀਆ’ (17 ਅਗਸਤ 2009) ਵਿੱਚ ਪ੍ਰਕਾਸ਼ਿਤ ਹੋਇਆ ਹੈ।

ਲੀਬੀਆ ਦੇ ਹਾਕਮ ਮੁਅੰਮਰ ਗੱਦਾਫ਼ੀ ਦੇ 33 ਸਾਲਾ ਬੇਟੇ ਹਨੀਬਾਲ (Hannibal) ਜਨੇਵਾ (ਸਵਿਟਜ਼ਰਲੈਂਡ) ਗਏ। ਉੱਥੇ ਉਹ ਇੱਕ ਹੋਟਲ ਵਿੱਚ ਠਹਿਰੇ। ਉਹਨਾਂ ਦੇ ਨਾਲ ਉਹਨਾਂ ਦੀ ਪਤਨੀ ਅਲੀਨ (Alaine) ਵੀ ਸੀ। ਇੱਕ ਵਾਰ ਅਜਿਹਾ ਹੋਇਆ ਕਿ ਹੋਟਲ ਦੀ ਇੱਕ ਟਿਊਨੀਸ਼ੀਆਈ ਮੁਲਾਜ਼ਮਾ ਮੋਨਾ (Mona) ਦੀ ਕਿਸੇ ਗੱਲ ’ਤੇ ਅਲੀਨ ਨੂੰ ਗੁੱਸਾ ਆ ਗਿਆ। ਅਲੀਨ ਨੇ ਉਸ ਨੂੰ ਮਾਰਿਆ ਅਤੇ ਧਮਕੀ ਦਿੱਤੀ ਕਿ ਮੈਂ ਤੈਨੂੰ ਹੋਟਲ ਦੀ ਖਿੜਕੀ ਤੋਂ ਬਾਹਰ ਸੁੱਟ ਦਿਆਂਗੀ।

ਇਸ ਵਾਕਿਆ ਦੀ ਖ਼ਬਰ ਸਥਾਨਕ ਪੁਲਿਸ ਨੂੰ ਹੋਈ। ਪੁਲਿਸ ਨੇ ਹਨੀਬਾਲ ਅਤੇ ਅਲੀਨ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਜਲਦੀ ਹੀ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ, ਲੇਕਿਨ ਜਦੋਂ ਇਸ ਵਾਕਿਆ ਦੀ ਖ਼ਬਰ ਹਨੀਬਾਲ ਦੇ ਪਿਤਾ ਮੁਅੰਮਰ ਗੱਦਾਫ਼ੀ ਨੂੰ ਪਹੁੰਚੀ ਤਾਂ ਉਹਨਾਂ ਨੇ ਇਸ ਨੂੰ ਆਪਣੀ ਬੇਇੱਜ਼ਤੀ (humiliation) ਸਮਝਿਆ, ਉਹ ਸਖ਼ਤ ਗੁੱਸੇ ਵਿੱਚ ਆ ਗਏ। ਉਹਨਾਂ ਨੇ ਸਵਿਟਜ਼ਰਲੈਂਡ ਦੇ ਖ਼ਿਲਾਫ਼ ਕਈ ਸਖ਼ਤ ਕਦਮ ਚੁੱਕੇ— ਸਵਿਟਜ਼ਰਲੈਂਡ ਨਾਲ ਹਵਾਈ ਸੇਵਾਵਾਂ ਬੰਦ ਕਰਨਾ, ਸਵਿਟਜ਼ਰਲੈਂਡ ਦੀਆਂ

ਕਈ ਕੰਪਨੀਆਂ ਦੇ ਲੀਬੀਆ ਵਿੱਚ ਮੌਜੂਦ ਦਫ਼ਤਰਾਂ ਨੂੰ ਬੰਦ ਕਰ ਦੇਣਾ ਆਦਿ। ਇੱਥੋਂ ਤੱਕ ਕਿ ਉਹਨਾਂ ਨੇ ਕਿਹਾ:

> If I had an atomic bomb, I would wipe Switzerland off the map!
>
> (ਜੇਕਰ ਮੇਰੇ ਕੋਲ ਐਟਮ ਬੰਬ ਹੁੰਦਾ, ਤਾਂ ਮੈਂ ਸਵਿਟਜ਼ਰਲੈਂਡ ਨੂੰ ਨਕਸ਼ੇ ਤੋਂ ਮਿਟਾ ਦਿੰਦਾ!)

ਇਹ ਵਾਕਿਆ ਛੋਟੀ ਸ਼ਿਕਾਇਤ ’ਤੇ ਬਹੁਤ ਸਖ਼ਤ ਕਦਮ ਚੁੱਕਣ ਦੀ ਇੱਕ ਮਿਸਾਲ ਹੈ। ਇਸ ਕਿਸਮ ਦਾ ਕਦਮ ਹਮੇਸ਼ਾ ਉਲਟਾ ਨਤੀਜਾ ਪੈਦਾ ਕਰਦਾ ਹੈ। ਚਾਹੇ ਕੋਈ ਆਮ ਆਦਮੀ ਹੋਵੇ ਜਾਂ ਕੋਈ ਵੱਡਾ ਆਦਮੀ, ਕੋਈ ਵੀ ਇਸ ਕਿਸਮ ਦੇ ਸਖ਼ਤ ਕਦਮਾਂ ਦੇ ਮਾੜੇ ਨਤੀਜਿਆਂ ਤੋਂ ਬਚ ਨਹੀਂ ਸਕਦਾ। ਜਲਦੀ ਜਾਂ ਦੇਰ ਨਾਲ ਬੰਦੇ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਜਾਂਦਾ ਹੈ, ਲੇਕਿਨ ਬਾਅਦ ਵਿੱਚ ਉਸ ਦੀ ਭਰਪਾਈ (ਤਲਾਫ਼ੀ) ਮੁਮਕਿਨ ਨਹੀਂ ਹੁੰਦੀ। ਤਲਾਕ ਦੇ ਵਾਕਿਆ ਤੋਂ ਲੈ ਕੇ ਕੌਮੀ ਜੰਗ ਤੱਕ, ਹਰ ਮਾਮਲੇ ਵਿੱਚ ਇਸ ਦੀਆਂ ਮਿਸਾਲਾਂ ਮੌਜੂਦ ਹਨ।

# ਔਲਾਦ ਪ੍ਰਸਤੀ ਦਾ ਫ਼ਿਤਨਾ

ਇੱਕ ਹਦੀਸ-ਏ-ਰਸੂਲ ਵਿੱਚ ਦੱਸਿਆ ਗਿਆ ਹੈ ਕਿ ਕਿਆਮਤ ਦੇ ਦਿਨ ਸਭ ਤੋਂ ਜ਼ਿਆਦਾ ਸ਼ਰਮਿੰਦਾ ਉਹ ਸ਼ਖ਼ਸ ਹੋਵੇਗਾ ਜੋ ਦੂਜੇ ਦੀ ਦੁਨੀਆ ਲਈ ਆਪਣੀ ਆਖਿਰਤ ਗੁਆ ਦੇਵੇ (ਇੰਨ ਅਸ਼ੱਦਨ ਨਾਸੇ ਨਦਾਮਤੰ ਯੌਮਲ ਕਿਆਮਤੇ ਰਜੁਲੁਨ ਬਾਅ ਆਖਿਰਤਹੂ ਬਿਦੁਨਿਆ ਗੈਰਹੂ) ਅਲ-ਤਾਰੀਖ਼ ਅਲ-ਕਬੀਰ ਲਿਲ-ਬੁਖ਼ਾਰੀ, ਹਦੀਸ ਨੰਬਰ 1927।

ਇਹ ਹਦੀਸ ਮੌਜੂਦਾ ਜ਼ਮਾਨੇ ਵਿੱਚ ਸਭ ਤੋਂ ਜ਼ਿਆਦਾ ਉਹਨਾਂ ਲੋਕਾਂ ’ਤੇ ਲਾਗੂ (apply) ਹੁੰਦੀ ਹੈ ਜੋ ਔਲਾਦ ਵਾਲੇ ਹਨ। ਮੌਜੂਦਾ ਜ਼ਮਾਨੇ ਵਿੱਚ ਔਲਾਦ ਵਾਲੇ ਲੋਕਾਂ ਦਾ ਹਾਲ ਇਹ ਹੈ ਕਿ ਹਰ ਇੱਕ ਲਈ ਉਸ ਦੀ ਔਲਾਦ ਉਸ ਦਾ ਸਭ ਤੋਂ ਵੱਡਾ ਫ਼ਿਕਰ (Supreme Concern) ਬਣੀ ਹੋਈ ਹੈ। ਹਰ ਇੱਕ ਦਾ

ਇਹ ਹਾਲ ਹੈ ਕਿ ਉਹ ਆਪਣੀ ਔਲਾਦ ਲਈ ਜ਼ਿਆਦਾ ਤੋਂ ਜ਼ਿਆਦਾ ਦੁਨੀਆ ਕਮਾਉਣ ਵਿੱਚ ਰੁੱਝਿਆ ਹੋਇਆ ਹੈ, ਅਤੇ ਖੁਦ ਆਪਣੀ ਆਖਿਰਤ ਦੀ ਖ਼ਾਤਰ ਕੋਈ ਅਸਲੀ ਕੰਮ ਕਰਨ ਲਈ ਬੰਦੇ ਕੋਲ ਸਮਾਂ ਹੀ ਨਹੀਂ ਹੈ।

ਮੌਜੂਦਾ ਜ਼ਮਾਨੇ ਵਿੱਚ ਹਰ ਆਦਮੀ ਇਸ ਹਕੀਕਤ ਨੂੰ ਭੁੱਲ ਗਿਆ ਹੈ ਕਿ ਉਸ ਦੀ ਔਲਾਦ ਉਸ ਦੇ ਲਈ ਸਿਰਫ਼ ਇਮਤਿਹਾਨ ਦਾ ਪਰਚਾ (ਅਲ-ਅਨਫ਼ਾਲ, 8:28) ਹੈ। ਔਲਾਦ ਉਸ ਨੂੰ ਇਸ ਲਈ ਨਹੀਂ ਮਿਲੀ ਕਿ ਉਹ ਬਸ ਆਪਣੀ ਔਲਾਦ ਨੂੰ ਖੁਸ਼ ਕਰਦਾ ਰਹੇ, ਉਹ ਆਪਣੀ ਔਲਾਦ ਦੀ ਦੁਨਿਆਵੀ ਕਾਮਯਾਬੀ ਲਈ ਆਪਣੀ ਸਾਰੀ ਊਰਜਾ ਲਗਾ ਦੇਵੇ।

ਮੌਜੂਦਾ ਜ਼ਮਾਨੇ ਵਿੱਚ ਬਹੁਤ ਸਾਰੇ ਲੋਕ ਹਨ ਜੋ ਦਿਖਾਵੇ ਦੇ ਤੌਰ ’ਤੇ ਧਾਰਮਿਕ ਸਰੂਪ ਬਣਾਈ ਰੱਖਦੇ ਹਨ ਅਤੇ ਰਸਮੀ ਅਰਥਾਂ ਵਿੱਚ ਨਮਾਜ਼-ਰੋਜ਼ੇ ਦੀ ਪਾਬੰਦੀ ਵੀ ਕਰਦੇ ਹਨ, ਲੇਕਿਨ ਅਮਲੀ ਤੌਰ ’ਤੇ ਉਹ ਆਪਣਾ ਸਾਰਾ ਸਮਾਂ ਅਤੇ ਆਪਣੀ ਬਿਹਤਰੀਨ ਕਾਬਲੀਅਤ ਸਿਰਫ਼ ਦੁਨੀਆ ਕਮਾਉਣ ਵਿੱਚ ਲਗਾਈ ਰੱਖਦੇ ਹਨ, ਸਿਰਫ਼ ਇਸ ਲਈ ਕਿ ਜਦੋਂ ਉਹ ਮਰਨ ਤਾਂ ਆਪਣੀ ਔਲਾਦ ਲਈ ਜ਼ਿਆਦਾ ਤੋਂ ਜ਼ਿਆਦਾ ਦੁਨੀਆਵੀ ਪਦਾਰਥ ਛੱਡ ਕੇ ਜਾਣ।

ਮਗਰ ਅਜਿਹੇ ਲੋਕ ਸਿਰਫ਼ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ। ਰੱਬ ਨੂੰ ਦੇਣ ਲਈ ਉਹਨਾਂ ਕੋਲ ਸਿਰਫ਼ ਕੁਝ ਦਿਖਾਵੇ ਦੀਆਂ ਰਸਮਾਂ ਹਨ ਅਤੇ ਜਿੱਥੋਂ ਤੱਕ ਅਸਲੀ ਜ਼ਿੰਦਗੀ ਦਾ ਸਬੰਧ ਹੈ, ਉਸ ਨੂੰ ਉਹਨਾਂ ਨੇ ਸਿਰਫ਼ ਆਪਣੀ ਔਲਾਦ ਲਈ ਵਕਫ਼ ਕਰ ਰੱਖਿਆ ਹੈ। ਇਹ ਰੱਬ ਦੀ ਬੰਦਗੀ (ਖੁਦਾ ਪ੍ਰਸਤੀ) ਨਹੀਂ ਹੈ ਸਗੋਂ ਇਹ ਔਲਾਦ ਦੀ ਬੰਦਗੀ (ਔਲਾਦ ਪ੍ਰਸਤੀ) ਹੈ, ਅਤੇ ਇਹ ਇੱਕ ਹਕੀਕਤ ਹੈ ਕਿ ਔਲਾਦ ਪ੍ਰਸਤੀ ਦਾ ਤਰੀਕਾ ਕਿਸੇ ਨੂੰ ਰੱਬ ਦੀ ਬੰਦਗੀ ਦਾ ਸਿਹਰਾ (Credit) ਨਹੀਂ ਦੇ ਸਕਦਾ।

ਖੁਦਾ ਪ੍ਰਸਤੀ, ਜ਼ਿੰਦਗੀ ਦਾ ਕੋਈ ਵਾਧੂ ਹਿੱਸਾ (appendix) ਨਹੀਂ, ਹਕੀਕੀ ਖੁਦਾ ਪ੍ਰਸਤੀ ਉਹ ਹੈ ਜੋ ਇਨਸਾਨ ਦੀ ਪੂਰੀ ਜ਼ਿੰਦਗੀ ਨੂੰ ਆਪਣੇ ਘੇਰੇ ਵਿੱਚ ਲਏ ਹੋਏ ਹੋਵੇ।

# ਖੁਸ਼-ਫ਼ਹਿਮੀ ਜਾਂ ਹਕੀਕਤ ਪਸੰਦੀ

ਇੱਕ ਪਿਓ ਨੂੰ ਆਪਣੇ ਬੇਟੇ ਨਾਲ ਬਹੁਤ ਲਗਾਵ ਸੀ। ਪਿਓ ਦੇ ਜ਼ਿਹਨ ਵਿੱਚ ਕੰਮ ਦਾ ਇੱਕ ਆਦਰਸ਼ਕ (Ideal) ਖਿਆਲ ਸੀ। ਉਹ ਚਾਹੁੰਦਾ ਸੀ ਕਿ ਉਹ ਆਪਣੇ ਬੇਟੇ ਨੂੰ ਉਸ ਆਦਰਸ਼ਕ ਕੰਮ ਲਈ ਤਿਆਰ ਕਰੇ। ਇਸ ਮਕਸਦ ਲਈ ਉਸ ਨੇ ਆਪਣੇ ਬੇਟੇ ਨੂੰ ਉੱਚ-ਵਿੱਦਿਆ ਦਵਾਈ। ਉਸ ਦੀਆਂ ਉਮੀਦਾਂ ਪੂਰੀ ਤਰ੍ਹਾਂ ਆਪਣੇ ਬੇਟੇ ਨਾਲ ਜੁੜ ਗਈਆਂ। ਜਦੋਂ ਬੇਟਾ ਵੱਡਾ ਹੋ ਗਿਆ ਅਤੇ ਉਸ ਦੀ ਪੜ੍ਹਾਈ ਮੁਕੰਮਲ ਹੋ ਗਈ ਤਾਂ ਪਿਓ ਨੇ ਚਾਹਿਆ ਕਿ ਉਸ ਦਾ ਬੇਟਾ ਉਸ ਦੇ ਪਸੰਦੀਦਾ ਕੰਮ ਵਿੱਚ ਲੱਗ ਜਾਵੇ। ਪਰ ਬੇਟੇ ਨੇ ਇਨਕਾਰ ਕਰ ਦਿੱਤਾ। ਪਿਓ ਨੇ ਬਹੁਤ ਕੁਝ ਕਿਹਾ, ਪਰ ਬੇਟੇ ਦੀ ਸਮਝ ਵਿੱਚ ਨਾ ਆਇਆ। ਬੇਟੇ ਨੇ ਆਖ਼ਰੀ ਤੌਰ 'ਤੇ ਆਪਣੇ ਪਿਓ ਨੂੰ ਕਹਿ ਦਿੱਤਾ— "ਬੱਚਾ ਜਦੋਂ ਵੱਡਾ ਹੋ ਜਾਂਦਾ ਹੈ ਤਾਂ ਉਹ ਖੁਦ ਆਪਣੀ ਅਕਲ ਨਾਲ ਕੰਮ ਕਰਦਾ ਹੈ।"

ਬੇਟੇ ਦਾ ਇਹ ਜਵਾਬ ਸੁਣ ਕੇ ਪਿਓ ਨੂੰ ਇੰਨੀ ਨਿਰਾਸ਼ਾ ਹੋਈ ਕਿ ਉਹ ਮਾਨਸਿਕ ਰੋਗੀ ਬਣ ਗਿਆ। ਉਸ ਦਾ ਬਲੱਡ ਪ੍ਰੈਸ਼ਰ ਵਧ ਗਿਆ। ਮਗਰ ਹਕੀਕਤ ਇਹ ਹੈ ਕਿ ਇਸ ਮਾਮਲੇ ਵਿੱਚ ਪਿਓ ਦੀ ਗ਼ਲਤੀ ਸੀ, ਨਾ ਕਿ ਬੇਟੇ ਦੀ। ਇਹ ਇੱਕ ਕੁਦਰਤੀ ਹਕੀਕਤ ਹੈ ਕਿ ਹਰ ਬੱਚਾ ਅਕਲ ਅਤੇ ਚੇਤਨਾ ਲੈ ਕੇ ਪੈਦਾ ਹੁੰਦਾ ਹੈ। ਛੋਟੀ ਉਮਰ ਵਿੱਚ ਜਦੋਂ ਉਹ ਨਾ-ਸਮਝ (immature) ਹੁੰਦਾ ਹੈ, ਉਸ ਵੇਲੇ ਉਹ ਮਾਂ-ਪਿਓ ਦੀ ਗੱਲ ਸੁਣਦਾ ਹੈ। ਪਰ ਜਦੋਂ ਉਹ ਵੱਡਾ ਹੁੰਦਾ ਹੈ ਤਾਂ ਉਸ ਦੀ ਸਮਝ ਪੱਕੀ ਹੋ ਚੁੱਕੀ ਹੁੰਦੀ ਹੈ। ਉਸ ਦੇ ਅੰਦਰ ਖੁਦ ਸੋਚਣ (self-thinking) ਦੀ ਕਾਬਲੀਅਤ ਪੈਦਾ ਹੋ ਜਾਂਦੀ ਹੈ। ਉਹ ਆਪਣੀ ਅਕਲ ਨਾਲ ਆਜ਼ਾਦਾਨਾ ਫ਼ੈਸਲਾ ਕਰਨ ਲੱਗਦਾ ਹੈ। ਅਜਿਹੀ ਹਾਲਤ ਵਿੱਚ ਉਪਰੋਕਤ ਕਿਸਮ ਦੇ ਮਾਂ-ਪਿਓ ਦੀ ਸੋਚ ਗ਼ੈਰ-ਕੁਦਰਤੀ ਹੈ, ਉਹ ਕਦੇ ਵੀ ਪੂਰੀ ਹੋਣ ਵਾਲੀ ਨਹੀਂ।

ਮਾਂ-ਪਿਓ ਨੂੰ ਬੱਚਿਆਂ ਵਿੱਚੋਂ ਆਪਣੇ ਬੇਟੇ ਨਾਲ ਸਭ ਤੋਂ ਜ਼ਿਆਦਾ ਮੁਹੱਬਤ ਹੁੰਦੀ ਹੈ। ਮੁਹੱਬਤ ਦੇ ਜਜ਼ਬੇ ਅਧੀਨ, ਉਹ ਆਪਣੇ ਬੇਟੇ ਬਾਰੇ ਖੁਸ਼-ਫ਼ਹਿਮੀ

(wishful) ਦਾ ਸ਼ਿਕਾਰ ਹੋ ਜਾਂਦੇ ਹਨ। ਉਹ ਆਪਣੇ ਬੇਟੇ ਤੋਂ ਅਜਿਹੀਆਂ ਉਮੀਦਾਂ ਲਗਾ ਲੈਂਦੇ ਹਨ ਜੋ ਕੁਦਰਤ ਦੇ ਨਿਯਮਾਂ ਦੇ ਉਲਟ ਹੁੰਦੀਆਂ ਹਨ। ਇਸ ਖ਼ੁਸ਼-ਫ਼ਹਿਮੀ (wishful thinking) ਵਿੱਚ ਲਗਭਗ ਹਰ ਪਿਓ ਫਸਿਆ ਰਹਿੰਦਾ ਹੈ। ਇਸ ਤਰ੍ਹਾਂ ਦੀ ਖ਼ੁਸ਼ਫ਼ਹਿਮੀ ਇਸ ਦੁਨੀਆ ਵਿੱਚ ਕਦੇ ਵੀ ਸੱਚ ਹੋਣ ਵਾਲੀ ਘਟਨਾ ਨਹੀਂ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਸਲੀਅਤ ਨੂੰ ਪਛਾਣਨ, ਤਾਂ ਜੋ ਉਹ ਆਪਣੀ ਔਲਾਦ ਬਾਰੇ ਨਿਰਾਸ਼ਾ ਦਾ ਸ਼ਿਕਾਰ ਨਾ ਹੋਣ।

## ਬੱਚਿਆਂ ਦਾ ਦੁੱਖ ਝੱਲ ਰਹੇ ਹਨ

ਇੱਕ ਬਜ਼ੁਰਗ ਮੁਸਲਮਾਨ ਵਪਾਰੀ ਨੂੰ ਕਿਸੇ ਨੇ ਪੁੱਛਿਆ ਕਿ ਰੱਬ ਨੇ ਤੁਹਾਨੂੰ 95 ਸਾਲ ਦੀ ਉਮਰ ਦਿੱਤੀ, ਯਾਨੀ ਤਕਰੀਬਨ ਇੱਕ ਸਦੀ। ਇਸ ਲੰਮੀ ਜ਼ਿੰਦਗੀ ਵਿੱਚ ਤੁਸੀਂ ਕੀ ਸਿੱਖਿਆ ਅਤੇ ਕੀ ਤਜ਼ਰਬਾ ਕੀਤਾ? ਇਸ ਸਵਾਲ ਤੋਂ ਬਾਅਦ ਉਹ ਦੋ ਮਿੰਟ ਚੁੱਪ ਰਹੇ। ਇਸ ਤੋਂ ਬਾਅਦ ਉਨ੍ਹਾਂ ਨੇ ਬੜੇ ਗੰਭੀਰ ਅੰਦਾਜ਼ ਵਿੱਚ ਕਿਹਾ— ਕੋਈ ਤਜ਼ਰਬਾ ਨਹੀਂ। ਬੱਸ ਪੈਦਾ ਹੋਏ। ਵੱਡੇ ਹੋਏ ਤਾਂ ਕਾਰੋਬਾਰ ਵਿੱਚ ਲੱਗ ਗਏ। ਵਿਆਹ ਕੀਤਾ ਅਤੇ ਬੱਚੇ ਪੈਦਾ ਕੀਤੇ। ਬੱਚਿਆਂ ਨੂੰ ਸੈਟਲ (settle) ਕੀਤਾ। ਹੁਣ ਆਖਰੀ ਉਮਰ ਵਿੱਚ ਬੱਚਿਆਂ ਦਾ ਦੁੱਖ ਝੱਲ ਰਹੇ ਹਾਂ, ਅਤੇ ਮੌਤ ਦਾ ਇੰਤਜ਼ਾਰ ਕਰ ਰਹੇ ਹਾਂ।

ਅਜੋਕੇ ਸਮੇਂ ਵਿੱਚ ਇਹ ਹਰ ਘਰ ਦੀ ਕਹਾਣੀ ਹੈ। ਮੌਜੂਦਾ ਸਮੇਂ ਵਿੱਚ ਤਕਰੀਬਨ ਹਰ ਮਾਂ-ਬਾਪ ਦਾ ਇਹ ਹਾਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਆਪਣੀਆਂ ਸਾਰੀਆਂ ਮੁਹੱਬਤਾਂ ਦਾ ਕੇਂਦਰ ਬਣਾਉਂਦੇ ਹਨ। ਬੱਚਿਆਂ ਦੀ ਜ਼ਿੰਦਗੀ ਸੰਵਾਰਨ ਲਈ ਉਹ ਸਭ ਕੁਝ ਕੁਰਬਾਨ ਕਰ ਦਿੰਦੇ ਹਨ, ਪਰ ਆਖਿਰ ਵਿੱਚ ਹਰ ਇੱਕ ਦਾ ਇਹ ਹਾਲ ਹੁੰਦਾ ਹੈ ਕਿ ਬੱਚੇ ਗ਼ੈਰ-ਵਫ਼ਾਦਾਰ ਨਿਕਲਦੇ ਹਨ। ਉਹ ਆਪਣੇ ਮਾਂ-ਬਾਪ ਨੂੰ ਛੱਡ ਕੇ ਆਪਣੀ ਆਜ਼ਾਦ ਜ਼ਿੰਦਗੀ ਬਣਾ ਲੈਂਦੇ ਹਨ। ਅਜੋਕੇ ਸਮੇਂ ਵਿੱਚ ਮਾਂ-ਬਾਪ ਦੀ ਸੇਵਾ ਇੱਕ ਪੁਰਾਣਾ ਖ਼ਿਆਲ ਬਣ ਚੁੱਕੀ ਹੈ। ਬੱਚਿਆਂ ਦੀ ਤਰੱਕੀ ਨੂੰ ਮਾਂ-ਬਾਪ ਇਸ ਹਸਰਤ ਨਾਲ ਦੇਖਦੇ ਰਹਿੰਦੇ ਹਨ ਕਿ ਜਿਸ ਰੁੱਖ

ਨੂੰ ਅਸੀਂ ਮਿਹਨਤ ਕਰਕੇ ਉਗਾਇਆ ਸੀ, ਉਸ ਰੁੱਖ ਦੀ ਛਾਂ ਸਾਨੂੰ ਹਾਸਲ ਨਹੀਂ ਹੋਈ।

ਹਦੀਸ ਵਿੱਚ ਆਇਆ ਹੈ ਕਿ ਇੱਕ ਅਜਿਹਾ ਸਮਾਂ ਆਵੇਗਾ, ਜਦੋਂ ਬੱਚੇ ਆਪਣੇ ਦੋਸਤ ਨਾਲ ਚੰਗਾ ਸਲੂਕ ਕਰਨਗੇ, ਅਤੇ ਆਪਣੇ ਮਾਂ-ਬਾਪ ਨਾਲ ਬੁਰਾ ਸਲੂਕ ਕਰਨਗੇ (ਬੱਰ ਸਦੀਕ਼ਹੂ, ਵਾ ਜਫ਼ਾ ਅਬਾਹੂ) - ਸੁਨਨ ਅਲ-ਤਿਰਮਿਜ਼ੀ, ਹਦੀਸ ਨੰਬਰ 2210। ਇਹ ਹਦੀਸ-ਏ-ਰਸੂਲ, ਮੌਜੂਦਾ ਸਮੇਂ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਅੱਜ ਸਾਰੀ ਦੁਨੀਆ ਵਿੱਚ ਆਮ ਤੌਰ 'ਤੇ ਅਜਿਹਾ ਹੀ ਹੋ ਰਿਹਾ ਹੈ। ਇਸ ਘਟਨਾ ਦਾ ਸਭ ਤੋਂ ਵੱਧ ਮਾੜਾ ਹਿੱਸਾ ਉਨ੍ਹਾਂ ਲੋਕਾਂ ਨੂੰ ਮਿਲ ਰਿਹਾ ਹੈ ਜੋ ਸਾਰੀ ਉਮਰ ਬੱਚਿਆਂ ਨੂੰ ਖ਼ੁਸ਼ ਕਰਨ ਵਿੱਚ ਲੱਗੇ ਰਹਿੰਦੇ ਹਨ, ਅਤੇ ਆਖਿਰ ਵਿੱਚ ਉਨ੍ਹਾਂ ਦੇ ਹਿੱਸੇ ਵਿੱਚ ਗ਼ਮ ਤੋਂ ਬਿਨਾਂ ਹੋਰ ਕੁਝ ਨਹੀਂ ਆਉਂਦਾ।

ਅਜਿਹੇ ਮਾਂ-ਪਿਓ ਹਦੀਸ ਦਾ ਮਿਸਦਾਕ਼ ਹਨ ਜਿਸ ਵਿੱਚ ਕਿਹਾ ਗਿਆ ਹੈ ਕਿ ਸਭ ਤੋਂ ਵੱਧ ਘਾਟੇ ਵਿੱਚ ਉਹ ਵਿਅਕਤੀ ਹੈ ਜੋ ਦੂਜਿਆਂ ਦੀ ਦੁਨੀਆ ਬਣਾਉਣ ਲਈ ਆਪਣੀ ਆਖਿਰਤ ਗੁਆ ਲਵੇ (ਅਜ਼ਹਬਾ ਆਖਿਰਤਹੂ ਬਿਦੁਨੀਆ ਗ਼ੈਰਹੂ) ਸੁਨਨ ਇਬਨ ਮਾਜਾ, ਹਦੀਸ ਨੰਬਰ 3966।

## ਅਹਲ-ਓ-ਇਆਲ ਦਾ ਫ਼ਿਤਨਾ

ਹਦੀਸ ਦੀਆਂ ਕਿਤਾਬਾਂ ਵਿੱਚ ਅਹਿਲ-ਓ-ਇਆਲ (ਪਰਿਵਾਰ ਅਤੇ ਬੱਚਿਆਂ) ਬਾਰੇ ਬਹੁਤ ਸਾਰੀਆਂ ਰਵਾਇਤਾਂ ਆਈਆਂ ਹਨ। ਉਨ੍ਹਾਂ ਵਿੱਚੋਂ ਦੋ ਰਵਾਇਤਾਂ ਇੱਥੇ ਪੇਸ਼ ਕੀਤੀਆਂ ਜਾਂਦੀਆਂ ਹਨ:

> ਹਜ਼ਰਤ ਅਬਦੁੱਲਾ ਬਿਨ ਉਮਰ ਤੋਂ ਰਵਾਇਤ ਹੈ ਕਿ ਰਸੂਲ ਅੱਲ੍ਹਾ ਨੇ ਫ਼ਰਮਾਇਆ: ਅਲ-ਵੈਲੁ ਕੁੱਲੁਲ ਵੈਲਿ ਲਿਮਨ ਤਰਕਾ ਇਆਲਹੂ ਬਿਖ਼ੈਰਿਨ ਵਾ ਕ਼ਦਮਾ ਅਲਾ ਰੱਬਿਹੂ ਬਿਸ਼ਰਿਨ (ਮੁਸਨਦ ਅਲ-ਸ਼ਹਾਬ ਅਲ-ਕ਼ਜ਼ਾਈ, ਹਦੀਸ ਨੰਬਰ 314) - ਯਾਨੀ ਪੂਰੀ ਤਬਾਹੀ ਅਤੇ ਬਰਬਾਦੀ ਹੈ ਉਸ ਸ਼ਖ਼ਸ ਲਈ ਜਿਸ ਨੇ ਆਪਣੇ ਪਰਿਵਾਰ ਨੂੰ ਚੰਗੀ

ਹਾਲਤ ਵਿੱਚ ਛੱਡਿਆ, ਅਤੇ ਖ਼ੁਦ ਬੁਰੇ ਹਾਲ ਵਿੱਚ ਆਪਣੇ ਰੱਬ ਦੇ ਕੋਲ ਪਹੁੰਚਿਆ।

ਦੂਸਰੀ ਰਵਾਇਤ ਦੇ ਸ਼ਬਦ ਇਹ ਹਨ: ਕਿਆਮਤ ਦੇ ਦਿਨ ਇੱਕ ਸ਼ਖ਼ਸ ਲਿਆਂਦਾ ਜਾਵੇਗਾ ਅਤੇ ਕਿਹਾ ਜਾਵੇਗਾ ਕਿ ਇਸ ਦੇ ਪਰਿਵਾਰ ਵਾਲੇ ਇਸ ਦੀਆਂ ਨੇਕੀਆਂ ਖਾ ਗਏ।

ਪੁਰਾਣੇ ਸਮੇਂ ਵਿੱਚ ਸਿਰਫ਼ ਕੁਝ ਵਿਅਕਤੀ ਇਸ ਕਿਸਮ ਦੇ ਹੁੰਦੇ ਸਨ, ਲੇਕਿਨ ਮੌਜੂਦਾ ਸਮੇਂ ਵਿੱਚ ਇਸ ਪਹਿਲੂ ਤੋਂ ਵਿਗਾੜ ਦਾ ਇਹ ਹਾਲ ਹੈ ਕਿ ਜਾਹਿਰੀ ਤੌਰ ’ਤੇ ਅਜਿਹਾ ਲੱਗਦਾ ਹੈ ਜਿਵੇਂ ਸਾਰੇ ਲੋਕ ਇਸ ਤਬਾਹਕੁੰਨ ਕਮਜ਼ੋਰੀ ਦਾ ਸ਼ਿਕਾਰ ਹੋ ਗਏ ਹਨ। ਇਸ ਕਮਜ਼ੋਰੀ ਦਾ ਕਾਰਨ ਪਰਿਵਾਰ ਦਾ ਮੋਹ ਹੈ। ਜਾਹਿਰੀ ਤੌਰ ’ਤੇ ਲੋਕ ਰੱਬ ਅਤੇ ਇਸਲਾਮ ਦਾ ਨਾਮ ਲੈਂਦੇ ਹਨ, ਲੇਕਿਨ ਉਨ੍ਹਾਂ ਦੀਆਂ ਮੁਹੱਬਤਾਂ ਸਿਰਫ਼ ਆਪਣੇ ਪਰਿਵਾਰ ਨਾਲ ਹੁੰਦੀਆਂ ਹਨ। ਲੋਕਾਂ ਦਾ ਹਾਲ ਇਹ ਹੈ ਕਿ ਉਨ੍ਹਾਂ ਦਾ ਸਭ ਤੋਂ ਵੱਡਾ ਫ਼ਿਕਰ (concern) ਉਨ੍ਹਾਂ ਦੇ ਬਾਲ-ਬੱਚੇ ਹੁੰਦੇ ਹਨ। ਉਹ ਆਪਣੇ ਆਪ ਨੂੰ ਅਤੇ ਆਪਣੇ ਮਾਲ-ਅਸਬਾਬ ਨੂੰ ਆਪਣੇ ਪਰਿਵਾਰ ਲਈ ਸਮਰਪਿਤ (ਵਕਫ਼) ਕੀਤੇ ਹੋਏ ਹਨ। ਮੌਤ ਅਜਿਹੇ ਲੋਕਾਂ ਲਈ ਇੱਕ ਜ਼ਬਰਦਸਤੀ ਵਿਛੋੜੇ (compulsive detachment) ਦੇ ਤੌਰ ’ਤੇ ਆਉਂਦੀ ਹੈ। ਅਜਿਹੇ ਲੋਕ ਜਦੋਂ ਮੌਤ ਤੋਂ ਬਾਅਦ ਰੱਬ ਕੋਲ ਪਹੁੰਚਦੇ ਹਨ ਤਾਂ ਉੱਥੇ ਉਨ੍ਹਾਂ ਦੇ ਪਾਸ ਕੁਝ ਨਹੀਂ ਹੁੰਦਾ।

ਇਹ ਬਿਨਾਂ ਸ਼ੱਕ ਸਭ ਤੋਂ ਵੱਡੀ ਵਾਂਝੇ ਰਹਿਣ ਵਾਲੀ ਗੱਲ ਹੈ। ਹਦੀਸ ਮੁਤਾਬਕ, ਇਹ ਦੂਜਿਆਂ ਦੀ ਦੁਨੀਆ ਬਣਾਉਣ ਲਈ ਆਪਣੀ ਆਖਿਰਤ ਨੂੰ ਤਬਾਹ ਕਰਨਾ ਹੈ (ਸੁਨਨ ਇਬਨ ਮਾਜਾ, ਹਦੀਸ ਨੰਬਰ 3966)। ਹੋਰ ਇਹ ਕਿ ਇਹ ਪਰਿਵਾਰ ਜਿਨ੍ਹਾਂ ਨੂੰ ਆਦਮੀ ਆਪਣਾ ਸਭ ਕੁਝ ਦੇ ਦਿੰਦਾ ਹੈ, ਉਹ ਮੌਤ ਤੋਂ ਬਾਅਦ ਉਸ ਤੋਂ ਇਸ ਤਰ੍ਹਾਂ ਵੱਖ ਹੋ ਜਾਂਦੇ ਹਨ ਕਿ ਦੁਬਾਰਾ ਉਹ ਉਸ ਨੂੰ ਕਦੇ ਨਹੀਂ ਮਿਲਦੇ।

# ਪ੍ਰੀਖਿਆ ਦਾ ਪਰਚਾ

ਯੂ.ਪੀ. ਦੇ ਇੱਕ ਮੁਸਲਮਾਨ ਦਿੱਲੀ ਵਿੱਚ ਆ ਕੇ ਵਸ ਗਏ। ਉਹਨਾਂ ਨੇ ਜਾਇਦਾਦ (ਪ੍ਰਾਪਰਟੀ) ਦਾ ਕੰਮ ਕੀਤਾ। ਉਹਨਾਂ ਨੇ ਇਸ ਕੰਮ ਵਿੱਚ ਕਾਫੀ ਦੌਲਤ ਕਮਾਈ। ਪਰ ਉਹਨਾਂ ਦੇ ਘਰ ਕੋਈ ਔਲਾਦ ਨਹੀਂ ਹੋਈ ਸੀ। ਇੱਕ ਵਾਰ ਉਹਨਾਂ ਦੀ ਮਾਂ ਦਿੱਲੀ ਆਈ। ਉਹਨਾਂ ਨੇ ਵੇਖਿਆ ਕਿ ਉਹਨਾਂ ਦਾ ਪੁੱਤਰ ਦਿੱਲੀ ਵਿੱਚ ਇੱਕ ਵੱਡੇ ਘਰ ਵਿੱਚ ਰਹਿੰਦਾ ਹੈ। ਦੁਨੀਆ ਦੀ ਹਰ ਚੀਜ਼ ਉਸਦੇ ਕੋਲ ਹੈ, ਪਰ ਵਿਆਹ ਨੂੰ ਕਾਫੀ ਸਮਾਂ ਬੀਤ ਜਾਣ ਦੇ ਬਾਵਜੂਦ ਉਹਨਾਂ ਦੇ ਘਰ ਔਲਾਦ ਨਹੀਂ ਹੋਈ। ਉਹਨਾਂ ਦੀ ਮਾਂ ਇਸ ਗੱਲ ’ਤੇ ਕਾਫੀ ਪਰੇਸ਼ਾਨ ਹੋਈ। ਉਹ ਅਕਸਰ ਕਹਿੰਦੀ ਸੀ— ਹਾਏ ਮੇਰੇ ਪੁੱਤਰ ਦੀ ਦੌਲਤ ਕੌਣ ਲਵੇਗਾ।

ਇਸ ਵਾਕਿਆ ਤੋਂ ਅੰਦਾਜ਼ਾ ਹੁੰਦਾ ਹੈ ਕਿ ਕੁਰਆਨ ਵਿੱਚ ਔਲਾਦ ਨੂੰ ਫ਼ਿਤਨਾ (64:15) ਕਿਉਂ ਕਿਹਾ ਗਿਆ ਹੈ। ਇਸਦਾ ਕਾਰਨ ਇਹ ਹੈ ਕਿ ਲੋਕ ਆਪਣੇ ਪੁੱਤਰ ਨੂੰ ਆਪਣੀ ਹੋਂਦ ਦਾ ਵਾਧਾ (extension) ਸਮਝਦੇ ਹਨ। ਉਹਨਾਂ ਨੂੰ ਯਕੀਨ ਹੁੰਦਾ ਹੈ ਕਿ ਉਹਨਾਂ ਦੀ ਕਮਾਈ ਉਹਨਾਂ ਤੋਂ ਬਾਅਦ ਜ਼ਾਇਆ ਨਹੀਂ ਹੋਵੇਗੀ, ਸਗੋਂ ਆਪਣੇ ਪੁੱਤਰ ਦੇ ਰੂਪ ਵਿੱਚ ਅਸਿੱਧੇ ਤੌਰ ’ਤੇ ਉਹਨਾਂ ਨੂੰ ਹੀ ਮਿਲਦੀ ਰਹੇਗੀ।

ਔਲਾਦ ਬਾਰੇ ਇਸੇ ਸੋਚ ਕਰਕੇ ਅਜਿਹੇ ਲੋਕਾਂ ਲਈ ਔਲਾਦ ਇੱਕ ਅਜ਼ਮਾਇਸ਼ ਬਣ ਜਾਂਦੀ ਹੈ। ਇਸ ਸੋਚ ਦੇ ਹੇਠਾਂ ਜੋ ਮਨ ਬਣਦਾ ਹੈ, ਉਸਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਆਦਮੀ ਮੌਤ ਦੀ ਗੰਭੀਰਤਾ ਤੋਂ ਬੇਪਰਵਾਹ ਹੋ ਜਾਂਦਾ ਹੈ। ਮੌਤ ਤੋਂ ਬਾਅਦ ਦੇ ਹਾਲਾਤ ਬਾਰੇ ਉਹ ਜ਼ਿਆਦਾ ਸੰਜੀਦਗੀ ਨਾਲ ਨਹੀਂ ਸੋਚਦਾ। ਜਾਣੇ-ਅਣਜਾਣੇ ਵਿੱਚ ਉਹ ਮੌਤ ਅਤੇ ਮੌਤ ਤੋਂ ਬਾਅਦ ਦੀਆਂ ਹਕੀਕਤਾਂ ਦੇ ਮਾਮਲੇ ਵਿੱਚ ਬੇਖ਼ਬਰ ਹੋ ਜਾਂਦਾ ਹੈ।

ਔਲਾਦ ਦੀ ਅਸਲ ਅਹਿਮੀਅਤ ਇਹ ਹੈ ਕਿ ਉਸਦੇ ਰਾਹੀਂ ਇਨਸਾਨੀ ਨਸਲ ਦਾ ਬਚਾਅ ਅਤੇ ਸਿਲਸਿਲਾ ਜਾਰੀ ਰਹਿੰਦਾ ਹੈ।

ਜਿੱਥੋਂ ਤੱਕ ਦੌਲਤ ਦੀ ਗੱਲ ਹੈ, ਉਹ ਪਿਤਾ ਲਈ ਵੀ ਪ੍ਰੀਖਿਆ ਦਾ ਇੱਕ ਪਰਚਾ ਹੈ ਅਤੇ ਪੁੱਤਰ ਲਈ ਵੀ ਪ੍ਰੀਖਿਆ ਦਾ ਇੱਕ ਪਰਚਾ। ਜੇਕਰ ਦੌਲਤ ਨੂੰ ਇਸ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਦੌਲਤ ਕਦੇ ਸਮੱਸਿਆ ਨਹੀਂ ਬਣਦੀ। ਇਸ ਹਕੀਕਤ ਨੂੰ ਇੱਕ ਹਦੀਸ-ਏ-ਰਸੂਲ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਕਿਸੇ ਮਾਪਿਆਂ ਵੱਲੋਂ ਆਪਣੀ ਔਲਾਦ ਲਈ ਸਭ ਤੋਂ ਵਧੀਆ ਤੋਹਫ਼ਾ ਇਹ ਹੈ ਕਿ ਉਹ ਸਿੱਖਿਆ ਅਤੇ ਸਿਖਲਾਈ (ਤਾਲੀਮ-ਓ-ਤਰਬੀਅਤ) ਦੇ ਜ਼ਰੀਏ ਉਸਨੂੰ ਇੱਕ ਚੰਗਾ ਇਨਸਾਨ ਬਣਾਉਣ। (ਸੁਨਨ ਅਲ-ਤਿਰਮਿਜ਼ੀ, ਹਦੀਸ ਨੰਬਰ 1952)

# ਹਾਥੀ ਦੀ ਪੂਛ ਵਿੱਚ ਪਤੰਗ

ਅਕਸਰ ਮਾਪੇ ਮੈਨੂੰ ਪੁੱਛਦੇ ਹਨ ਕਿ ਮੌਜੂਦਾ ਸਮੇਂ ਵਿੱਚ ਬੱਚਿਆਂ ਦੀ ਧਾਰਮਿਕ ਸਿਖਲਾਈ ਲਈ ਕੀ ਕੀਤਾ ਜਾਵੇ। ਮੇਰਾ ਜਵਾਬ ਹਮੇਸ਼ਾ ਇੱਕੋ ਰਹਿੰਦਾ ਹੈ—ਬੱਚਿਆਂ ਦੀ ਸਿਖਲਾਈ ਤੋਂ ਪਹਿਲਾਂ ਆਪਣੀ ਖੁਦ ਦੀ ਸਿਖਲਾਈ ਕਰੋ। ਮੌਜੂਦਾ ਸਮੇਂ ਵਿੱਚ ਬੱਚਿਆਂ ਦੇ ਵਿਗੜਨ ਦਾ ਅਸਲ ਕਾਰਨ ਕੋਈ ਬਾਹਰੀ ਕਾਰਨ ਨਹੀਂ ਹੈ, ਸਗੋਂ ਘਰ ਦਾ ਅੰਦਰੂਨੀ ਮਾਹੌਲ ਹੈ। ਘਰ ਦਾ ਅੰਦਰੂਨੀ ਮਾਹੌਲ ਕੌਣ ਬਣਾਉਂਦਾ ਹੈ, ਇਹ ਮਾਪੇ ਹਨ ਜੋ ਘਰ ਦਾ ਅੰਦਰੂਨੀ ਮਾਹੌਲ ਬਣਾਉਂਦੇ ਹਨ। ਜਦੋਂ ਤੱਕ ਘਰ ਦੇ ਅੰਦਰੂਨੀ ਮਾਹੌਲ ਨੂੰ ਅਸਲ ਅਰਥਾਂ ਵਿੱਚ ਧਾਰਮਿਕ, ਯਾਨੀ ਆਖਿਰਤ ਪਸੰਦ ਨਹੀਂ ਬਣਾਇਆ ਜਾਂਦਾ, ਬੱਚਿਆਂ ਦੇ ਅੰਦਰ ਕੋਈ ਸੁਧਾਰ ਨਹੀਂ ਹੋ ਸਕਦਾ।

ਮੌਜੂਦਾ ਦੌਰ ਦਾ ਅਸਲ ਫ਼ਿਤਨਾ (ਅਜ਼ਮਾਇਸ਼) ਮਾਲ ਹੈ। ਅੱਜ ਕੱਲ੍ਹ ਹਰ ਆਦਮੀ ਵੱਧ ਤੋਂ ਵੱਧ ਪੈਸਾ ਕਮਾ ਰਿਹਾ ਹੈ। ਮਾਪਿਆਂ ਦੇ ਨਜ਼ਦੀਕ ਇਸ ਮਾਲ ਦੀ ਵਰਤੋਂ ਸਿਰਫ਼ ਇੱਕ ਹੈ, ਅਤੇ ਉਹ ਹੈ ਘਰ ਦੇ ਅੰਦਰ ਹਰ ਕਿਸਮ ਦੇ ਆਰਾਮ ਦਾ ਸਾਮਾਨ ਇਕੱਠਾ ਕਰਨਾ ਅਤੇ ਬੱਚਿਆਂ ਦੀਆਂ ਸਾਰੀਆਂ ਪਦਾਰਥਕ ਇੱਛਾਵਾਂ ਨੂੰ ਪੂਰਾ ਕਰਨਾ। ਮੌਜੂਦਾ ਦੌਰ ਵਿੱਚ ਇਹ ਸੱਭਿਆਚਾਰ

ਇੰਨਾ ਜ਼ਿਆਦਾ ਆਮ ਹੈ ਕਿ ਸ਼ਾਇਦ ਹੀ ਕਿਸੇ ਘਰ ਵਿੱਚ ਕੋਈ ਅਪਵਾਦ (ਛੋਟ) ਹੋਵੇ, ਚਾਹੇ ਉਹ ਦਾੜ੍ਹੀ ਵਾਲਿਆਂ ਦਾ ਘਰ ਹੋਵੇ ਜਾਂ ਬਿਨਾਂ ਦਾੜ੍ਹੀ ਵਾਲਿਆਂ ਦਾ। ਮਾਪਿਆਂ ਦੇ ਇਸ ਸੁਭਾਅ ਨੇ ਹਰ ਘਰ ਨੂੰ ਪਦਾਰਥਵਾਦ ਦੀ ਫੈਕਟਰੀ ਬਣਾ ਦਿੱਤਾ ਹੈ। ਸਾਰੇ ਮਾਪੇ ਆਪਣੇ ਬੱਚਿਆਂ ਦੇ ਅੰਦਰ ਚੇਤੰਨ ਜਾਂ ਅਚੇਤ ਤੌਰ 'ਤੇ ਪਦਾਰਥਵਾਦੀ ਸੋਚ ਦੇ ਇਮਾਮ ਬਣੇ ਹੋਏ ਹਨ। ਇਸ ਦੇ ਨਾਲ ਹੀ ਸਾਰੇ ਮਾਪੇ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਆਖਿਰਤ ਦੀ ਜੰਨਤ ਤੋਂ ਵੀ ਵਾਂਝੇ ਨਾ ਰਹਿਣ। ਇਸੇ ਮਿਜ਼ਾਜ ਬਾਰੇ ਇੱਕ ਉਰਦੂ ਸ਼ਾਇਰ ਨੇ ਕਿਹਾ ਸੀ— "ਰਿੰਦ ਕੇ ਰਿੰਦ ਰਹੇ, ਹਾਥ ਸੇ ਜੰਨਤ ਨਾ ਗਈ।"

ਪਰ ਇਹ ਸਿਰਫ਼ ਇੱਕ ਖੁਸ਼ਫ਼ਹਿਮੀ ਹੈ ਜੋ ਕਦੇ ਵੀ ਹਕੀਕਤ ਨਹੀਂ ਬਣ ਸਕਦੀ। ਮਿਸਾਲ ਵਜੋਂ ਇਹ "ਹਾਥੀ ਦੀ ਪੂਛ ਵਿੱਚ ਪਤੰਗ ਬੰਨ੍ਹਣਾ" ਹੈ। ਮੌਜੂਦਾ ਦੌਰ ਦੇ ਮਾਪੇ ਇੱਕ ਪਾਸੇ ਆਪਣੇ ਬੱਚਿਆਂ ਨੂੰ 'ਪਦਾਰਥਕ ਹਾਥੀ' ਬਣਾਉਂਦੇ ਹਨ, ਦੂਜੇ ਪਾਸੇ ਉਹ ਚਾਹੁੰਦੇ ਹਨ ਕਿ ਇਸ ਹਾਥੀ ਦੀ ਪੂਛ ਵਿੱਚ ਧਰਮ ਦੀ ਪਤੰਗ ਬੰਨ੍ਹ ਦਿੱਤੀ ਜਾਵੇ। ਪਰ ਅਜਿਹੀ ਪਤੰਗ ਦਾ ਹਾਲ ਸਿਰਫ਼ ਇਹ ਹੋਣ ਵਾਲਾ ਹੈ ਕਿ ਹਾਥੀ ਇੱਕ ਵਾਰ ਆਪਣੀ ਪੂਛ ਨੂੰ ਝਟਕਾ ਦੇਵੇਗਾ ਅਤੇ ਇਹ ਪਤੰਗ ਉੱਡ ਕੇ ਬਹੁਤ ਦੂਰ ਚਲੀ ਜਾਵੇਗੀ। ਮਾਪਿਆਂ ਨੂੰ ਚਾਹੀਦਾ ਹੈ ਕਿ ਜੇਕਰ ਉਹ ਆਪਣੇ ਬੱਚਿਆਂ ਨੂੰ ਦੀਨਦਾਰ (ਧਾਰਮਿਕ), ਯਾਨੀ ਆਖਿਰਤ ਪਸੰਦ ਬਣਾਉਣਾ ਚਾਹੁੰਦੇ ਹਨ, ਤਾਂ ਉਹ ਇਸ ਦੀ ਕੀਮਤ ਅਦਾ ਕਰਨ, ਨਹੀਂ ਤਾਂ ਉਹ ਅਟਕਲਪਚੂ ਤੌਰ 'ਤੇ ਇਸ ਕਿਸਮ ਦੀਆਂ ਦੋਗਲੀਆਂ ਗੱਲਾਂ ਕਰਨੀਆਂ ਛੱਡ ਦੇਣ।

## ਹਰ ਘਰ ਵਿਗਾੜ ਦਾ ਕਾਰਖ਼ਾਨਾ

ਅੱਜ ਕੱਲ੍ਹ ਆਮ ਤੌਰ 'ਤੇ ਇਹ ਹਾਲ ਹੈ ਕਿ ਹਰ ਘਰ ਵਿੱਚ ਇੱਕ ਪਾਸੇ ਆਪਣੇ ਬੱਚਿਆਂ ਅਤੇ ਆਪਣੇ ਖ਼ਾਨਦਾਨ ਵਾਲਿਆਂ ਦੀ ਤਾਰੀਫ਼ ਕੀਤੀ ਜਾਂਦੀ ਹੈ, ਉਹਨਾਂ ਦਾ ਜ਼ਿਕਰ ਹਮੇਸ਼ਾ ਹਾਂ-ਪੱਖੀ ਅੰਦਾਜ਼ ਵਿੱਚ ਕੀਤਾ ਜਾਂਦਾ ਹੈ। ਇਸਦੇ ਉਲਟ,

ਜਦੋਂ ਵੀ ਦੂਜਿਆਂ ਦਾ ਚਰਚਾ ਕੀਤਾ ਜਾਂਦਾ ਹੈ ਤਾਂ ਉਹ ਨਿੰਦਿਆ (ਨੁਕਸ ਕੱਢਣ) ਦੇ ਅੰਦਾਜ਼ ਵਿੱਚ ਹੁੰਦਾ ਹੈ।

ਆਪਣਿਆਂ ਬਾਰੇ ਹਾਂ-ਪੱਖੀ ਗੱਲਾਂ ਦਾ ਚਰਚਾ ਅਤੇ ਦੂਜਿਆਂ ਬਾਰੇ ਨਾਂਹ-ਪੱਖੀ ਗੱਲਾਂ ਦਾ ਚਰਚਾ, ਇਹ ਸੱਭਿਆਚਾਰ ਇੰਨਾ ਜ਼ਿਆਦਾ ਆਮ ਹੈ ਕਿ ਸ਼ਾਇਦ ਹੀ ਕੋਈ ਘਰ ਇਸ ਤੋਂ ਖ਼ਾਲੀ ਹੋਵੇ। ਘਰ ਦੇ ਅੰਦਰ ਸਮਾਜ ਦੇ ਨਾਗਰਿਕ ਬਣਦੇ ਹਨ, ਪਰ ਉਪਰੋਕਤ ਸੱਭਿਆਚਾਰ ਨੇ ਘਰ ਨੂੰ ਇਸ ਕਾਬਲ ਨਹੀਂ ਰਹਿਣ ਦਿੱਤਾ ਕਿ ਉਹ ਆਪਣੇ ਸਮਾਜ ਲਈ ਚੰਗੇ ਨਾਗਰਿਕ ਪੈਦਾ ਕਰ ਸਕੇ। ਹਰ ਘਰ ਵਿੱਚ ਅਜਿਹੀਆਂ ਔਰਤਾਂ ਅਤੇ ਅਜਿਹੇ ਮਰਦ ਤਿਆਰ ਹੋ ਰਹੇ ਹਨ ਜੋ ਆਪਣਿਆਂ ਬਾਰੇ ਹਾਂ-ਪੱਖੀ ਰਾਏ ਅਤੇ ਦੂਜਿਆਂ ਬਾਰੇ ਨਾਂਹ-ਪੱਖੀ ਰਾਏ ਰੱਖਦੇ ਹਨ, ਜਿਨ੍ਹਾਂ ਨੂੰ ਆਪਣਿਆਂ ਨਾਲ ਮੁਹੱਬਤ ਹੈ ਅਤੇ ਦੂਜਿਆਂ ਨਾਲ ਨਫ਼ਰਤ, ਜੋ ਆਪਣਿਆਂ ਬਾਰੇ ਸਹਿਣਸ਼ੀਲ (tolerant) ਹਨ ਅਤੇ ਦੂਜਿਆਂ ਬਾਰੇ ਅਸਹਿਣਸ਼ੀਲ (intolerant) ਬਣੇ ਹੋਏ ਹਨ, ਜਿਨ੍ਹਾਂ ਦੇ ਅੰਦਰ ਆਪਣਿਆਂ ਨੂੰ ਦੇਣ ਦਾ ਮਨ ਹੈ ਅਤੇ ਦੂਜਿਆਂ ਤੋਂ ਸਿਰਫ਼ ਲੈਣ ਦਾ ਮਨ, ਜੋ ਆਪਣਿਆਂ ਨੂੰ ਉੱਤਮ ਸਮਝਦੇ ਹਨ ਅਤੇ ਦੂਜਿਆਂ ਨੂੰ ਘਟੀਆ, ਜੋ ਆਪਣਿਆਂ ਦੀ ਤਰੱਕੀ ’ਤੇ ਖੁਸ਼ ਹੁੰਦੇ ਹਨ ਅਤੇ ਦੂਜਿਆਂ ਦੀ ਤਰੱਕੀ ਦੇਖ ਕੇ ਉਹਨਾਂ ਨੂੰ ਕੋਈ ਖੁਸ਼ੀ ਨਹੀਂ ਹੁੰਦੀ, ਜੋ ਆਪਣਿਆਂ ਦੀ ਤਕਲੀਫ਼ ਤੋਂ ਫ਼ਿਕਰਮੰਦ ਹੁੰਦੇ ਹਨ ਅਤੇ ਦੂਸਰਿਆਂ ਦੀ ਤਕਲੀਫ਼ ਨੂੰ ਦੇਖ ਕੇ ਉਨ੍ਹਾਂ ਨੂੰ ਕੋਈ ਫ਼ਿਕਰਮੰਦੀ ਲਾਹਕ ਨਹੀਂ ਹੁੰਦੀ, ਵਗੈਰਾ-ਵਗੈਰਾ।

ਇਸ ਸੂਰਤ-ਏ-ਹਾਲ ਦਾ ਇਹ ਨਤੀਜਾ ਹੈ ਕਿ ਹੁਣ ਸਮਾਜਿਕ ਕਦਰਾਂ-ਕੀਮਤਾਂ (social values) ਦਾ ਸੰਕਲਪ ਖ਼ਤਮ ਹੋ ਗਿਆ ਹੈ। ਹੁਣ ਇੱਕ ਹੀ ਚੀਜ਼ ਹੈ ਜੋ ਹਰ ਇੱਕ ਦਾ ਮੁੱਖ ਸਰੋਕਾਰ (sole concern) ਬਣੀ ਹੋਈ ਹੈ, ਅਤੇ ਉਹ ਹੈ ਨਿੱਜੀ ਹਿੱਤ (self-interest)। ਇਸ ਸਥਿਤੀ ਨੇ ਹਰ ਇੱਕ ਨੂੰ ਸੁਆਰਥੀ ਅਤੇ ਸ਼ੋਸ਼ਣ ਪਸੰਦ ਬਣਾ ਦਿੱਤਾ ਹੈ, ਕਿਸੇ ਨੂੰ ਘੱਟ ਅਤੇ ਕਿਸੇ ਨੂੰ ਜ਼ਿਆਦਾ। ਇਹ ਸੂਰਤ-ਏ-ਹਾਲ ਬਹੁਤ ਗੰਭੀਰ ਹੈ। ਇਸ ਦਾ ਸੁਧਾਰ ਜਲਸਿਆਂ ਅਤੇ ਤਕਰੀਰਾਂ ਰਾਹੀਂ ਨਹੀਂ ਹੋ ਸਕਦਾ, ਇਸ ਦੇ ਸੁਧਾਰ ਦਾ ਤਰੀਕਾ ਸਿਰਫ਼ ਇਹ ਹੈ ਕਿ ਘਰ ਵਾਲੇ ਆਪਣੇ ਘਰ ਦੇ ਮਾਹੌਲ ਨੂੰ ਦਰੁਸਤ ਕਰਨ। ਘਰ ਦੇ ਮਾਹੌਲ ਨੂੰ ਸੁਧਾਰੇ ਬਿਨਾਂ ਇਸ ਗੰਭੀਰ ਸਥਿਤੀ ਦਾ ਸੁਧਾਰ ਸੰਭਵ ਨਹੀਂ ਹੈ।

# ਬੱਚਿਆਂ ਦਾ ਕਬਰਿਸਤਾਨ

ਇੱਕ ਪੜ੍ਹੇ-ਲਿਖੇ ਮੁਸਲਮਾਨ ਸਾਡੇ ਮਿਸ਼ਨ ਨਾਲ ਜੁੜੇ ਹੋਏ ਸਨ। ਉਸ ਸਮੇਂ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ, ਫਿਰ ਉਨ੍ਹਾਂ ਦੇ ਘਰ ਬੱਚੇ ਪੈਦਾ ਹੋਏ। ਇਸ ਤੋਂ ਬਾਅਦ ਉਹ ਹੌਲੀ-ਹੌਲੀ ਮਿਸ਼ਨ ਤੋਂ ਦੂਰ ਹੋ ਗਏ। ਇੱਕ ਲੰਬੇ ਸਮੇਂ ਬਾਅਦ ਉਨ੍ਹਾਂ ਨਾਲ ਮੁਲਾਕਾਤ ਹੋਈ। ਮੈਂ ਪੁੱਛਿਆ ਕਿ ਤੁਸੀਂ ਦਾਅਵਤ ਦਾ ਕੰਮ ਕਿਉਂ ਛੱਡ ਦਿੱਤਾ? ਉਨ੍ਹਾਂ ਨੇ ਕਿਹਾ— ਬੱਚਿਆਂ ਦੀਆਂ ਜ਼ਿੰਮੇਵਾਰੀਆਂ ਇੰਨੀਆਂ ਵੱਧ ਗਈਆਂ ਹਨ ਕਿ ਹੁਣ ਸਮਾਂ ਨਹੀਂ ਮਿਲਦਾ।

ਮੌਜੂਦਾ ਦੌਰ ਵਿੱਚ ਲਗਭਗ ਹਰ ਆਦਮੀ ਦਾ ਇਹੀ ਹਾਲ ਹੈ। ਲੋਕਾਂ ਲਈ ਉਨ੍ਹਾਂ ਦੇ ਬੱਚੇ ਉਨ੍ਹਾਂ ਦਾ ਕਬਰਿਸਤਾਨ ਬਣੇ ਹੋਏ ਹਨ। ਹਰ ਆਦਮੀ ਲਈ ਉਸ ਦੇ ਬੱਚੇ ਹੀ ਉਸ ਦਾ ਇਕੋ-ਇੱਕ ਮੁੱਖ ਸਰੋਕਾਰ ਹਨ। ਹਰ ਆਦਮੀ ਆਪਣਾ ਪੈਸਾ, ਆਪਣਾ ਸਮਾਂ, ਆਪਣੀ ਊਰਜਾ, ਭਾਵ ਜੋ ਕੁਝ ਵੀ ਉਸ ਕੋਲ ਹੈ, ਉਹ ਉਸ ਨੂੰ ਆਪਣੇ ਬੱਚਿਆਂ ਲਈ ਵਾਰ ਚੁੱਕਿਆ ਹੈ। ਦੂਜਿਆਂ ਲਈ ਉਸ ਕੋਲ ਸਿਰਫ਼ ਜ਼ਬਾਨੀ ਹਮਦਰਦੀ (lip service) ਹੁੰਦੀ ਹੈ, ਅਤੇ ਆਪਣੀ ਔਲਾਦ ਲਈ ਅਸਲ ਅਮਲ; ਇੱਥੋਂ ਤੱਕ ਕਿ ਰੱਬ ਦੇ ਲਈ ਜਾਂ ਖ਼ੁਦਾਈ ਕੰਮ ਦੇ ਲਈ ਵੀ ਉਸ ਕੋਲ ਸਿਰਫ਼ ਖ਼ਾਲੀ ਸ਼ਬਦ ਹੁੰਦੇ ਹਨ, ਇਸ ਤੋਂ ਵੱਧ ਕੁਝ ਨਹੀਂ।

ਅੱਜ ਜਿਸ ਵਿਅਕਤੀ ਨਾਲ ਵੀ ਮੁਲਾਕਾਤ ਕਰੋ, ਉਹ ਆਪਣੇ ਬੱਚਿਆਂ ਲਈ ਫ਼ਿਕਰਮੰਦ ਹੋਵੇਗਾ, ਪਰ ਉਹ ਖ਼ੁਦ ਆਪਣੇ ਭਵਿੱਖ ਲਈ ਫ਼ਿਕਰਮੰਦ ਦਿਖਾਈ ਨਹੀਂ ਦੇਵੇਗਾ।

ਇਹ ਬਿਲਕੁਲ ਉਹੀ ਸੂਰਤ-ਏ-ਹਾਲ ਹੈ ਜਿਸ ਨੂੰ ਹਦੀਸ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਦੂਜੇ ਦੀ ਦੁਨੀਆ ਬਣਾਉਣ ਲਈ ਆਪਣੀ ਆਖਿਰਤ ਨੂੰ ਖੋਹ ਦੇਣਾ (ਸੁਨਨ ਇਬਨ ਮਾਜਾ, ਹਦੀਸ ਨੰਬਰ 3966)। ਇਸ ਮਾਮਲੇ ਦਾ ਸਭ ਤੋਂ ਵੱਧ ਦੁਖਦਾਈ ਪਹਿਲੂ ਇਹ ਹੈ ਕਿ ਲੋਕ ਔਲਾਦ ਦੀ ਮੁਹੱਬਤ ਵਿੱਚ ਇੰਨਾ ਜ਼ਿਆਦਾ ਡੁੱਬ ਗਏ ਹਨ ਕਿ ਉਹ ਇਸ ਹਦੀਸ-ਏ-ਰਸੂਲ ਦਾ ਪ੍ਰਤੀਕ ਬਣ ਗਏ ਹਨ: "ਤੇਰੀ ਕਿਸੇ ਚੀਜ਼ ਨਾਲ ਮੁਹੱਬਤ ਤੈਨੂੰ ਅੰਨ੍ਹਾ ਅਤੇ ਬੋਲਾ

ਬਣਾ ਦਿੰਦੀ ਹੈ" (ਸੁਨਨ ਅਬੂ ਦਾਊਦ, ਹਦੀਸ ਨੰਬਰ 5130)। ਯਾਨੀ ਕਿਸੇ ਚੀਜ਼ ਨਾਲ ਤੁਹਾਡੀ ਮੁਹੱਬਤ ਤੁਹਾਨੂੰ ਅੰਨ੍ਹਾ ਅਤੇ ਬੋਲਾ ਬਣਾ ਦਿੰਦੀ ਹੈ। ਔਲਾਦ ਦੀ ਮੁਹੱਬਤ ਉਨ੍ਹਾਂ 'ਤੇ ਇੰਨੀ ਜ਼ਿਆਦਾ ਹਾਵੀ ਹੈ ਕਿ ਉਹ ਇਹ ਵੀ ਸੋਚ ਨਹੀਂ ਪਾਉਂਦੇ ਕਿ ਅਸੀਂ ਔਲਾਦ ਦੇ ਭਵਿੱਖ ਨੂੰ ਬਣਾਉਣ ਦੀ ਫ਼ਿਕਰ ਵਿੱਚ ਖ਼ੁਦ ਆਪਣੇ ਭਵਿੱਖ ਨੂੰ ਤਬਾਹ ਕਰ ਰਹੇ ਹਾਂ। ਇਸ ਕਾਰਨ ਲੋਕਾਂ ਦਾ ਹਾਲ ਇਹ ਹੈ ਕਿ ਉਨ੍ਹਾਂ ਕੋਲ ਜ਼ਿਆਦਾ ਅਹਿਮ ਕੰਮਾਂ ਲਈ ਸਮਾਂ ਨਹੀਂ ਹੈ— ਜਿਵੇਂ ਕਿ ਧਾਰਮਿਕ ਅਧਿਐਨ (ਦੀਨੀ ਮੁਤਾਲਿਆ), ਦਾਅਵਤ ਦਾ ਕੰਮ (ਦਅਵਾ ਵਰਕ), ਆਖਿਰਤ ਨੂੰ ਸਾਹਮਣੇ ਰੱਖ ਕੇ ਆਪਣੇ ਮਾਮਲਿਆਂ ਦੀ ਯੋਜਨਾਬੰਦੀ, ਵਗੈਰਾ-ਵਗੈਰਾ।

## ਨਜ਼ਰ ਦੀ ਖ਼ਰੀਦਦਾਰੀ

ਇੱਕ ਸਾਹਿਬ ਮੈਨੂੰ ਆਪਣੇ ਘਰ ਲੈ ਗਏ। ਮੈਂ ਦੇਖਿਆ ਕਿ ਉਨ੍ਹਾਂ ਦਾ ਘਰ ਵੱਖ-ਵੱਖ ਕਿਸਮ ਦੇ ਸਾਮਾਨਾਂ ਨਾਲ ਭਰਿਆ ਹੋਇਆ ਹੈ। ਪੂਰਾ ਘਰ ਇੱਕ ਡਿਪਾਰਟਮੈਂਟਲ ਸਟੋਰ (departmental store) ਜਾਪਦਾ ਸੀ। ਮੈਂ ਪੁੱਛਿਆ ਕਿ ਤੁਹਾਡੇ ਘਰ ਵਿੱਚ ਇੰਨਾ ਜ਼ਿਆਦਾ ਸਾਮਾਨ ਕਿਉਂ ਹੈ? ਉਨ੍ਹਾਂ ਨੇ ਕਿਹਾ ਕਿ ਜਦੋਂ ਮੈਂ ਬਾਜ਼ਾਰ ਜਾਂਦਾ ਹਾਂ ਅਤੇ ਉੱਥੇ ਮੈਂ ਕਿਸੇ ਚੀਜ਼ ਨੂੰ ਦੇਖਦਾ ਹਾਂ, ਉਹ ਮੈਨੂੰ ਪਸੰਦ ਆ ਜਾਂਦੀ ਹੈ ਤਾਂ ਮੈਂ ਉਸ ਨੂੰ ਖਰੀਦ ਲੈਂਦਾ ਹਾਂ। ਇਹ 'ਨਜ਼ਰ ਦੀ ਖਰੀਦਦਾਰੀ' ਹੈ। ਅਕਸਰ ਲੋਕਾਂ ਦਾ ਹਾਲ ਇਹੀ ਹੈ ਕਿ ਉਹ ਚੀਜ਼ਾਂ ਨੂੰ ਦੇਖ ਕੇ ਖਰੀਦਦੇ ਹਨ, ਚਾਹੇ ਉਹ ਉਨ੍ਹਾਂ ਦੇ ਕੰਮ ਆਉਣ ਵਾਲੀਆਂ ਹੋਣ ਜਾਂ ਨਾ।

ਖਰੀਦਦਾਰੀ ਦੀਆਂ ਦੋ ਕਿਸਮਾਂ ਹਨ— ਨਜ਼ਰ ਦੀ ਖਰੀਦਦਾਰੀ ਅਤੇ ਜ਼ਰੂਰਤ ਦੀ ਖਰੀਦਦਾਰੀ। ਨਜ਼ਰ ਦੀ ਖਰੀਦਦਾਰੀ ਉਹ ਹੈ ਜੋ ਦੇਖ ਕੇ ਕੀਤੀ ਜਾਵੇ। ਇਸ ਦੇ ਉਲਟ, ਜ਼ਰੂਰਤ ਦੀ ਖਰੀਦਦਾਰੀ ਇਹ ਹੈ ਕਿ ਤੁਹਾਨੂੰ ਇੱਕ ਚੀਜ਼ ਦੀ ਜ਼ਰੂਰਤ ਹੋਵੇ, ਉਸ ਨੂੰ ਹਾਸਲ ਕਰਨ ਦੇ ਇਰਾਦੇ ਨਾਲ ਤੁਸੀਂ ਘਰੋਂ ਨਿਕਲੋ ਅਤੇ ਜਿੱਥੇ ਉਹ ਚੀਜ਼ ਮਿਲਦੀ ਹੋਵੇ, ਉੱਥੇ ਜਾ ਕੇ ਉਸ ਨੂੰ ਖਰੀਦ ਲਵੋ।

ਨਜ਼ਰ ਦੀ ਖ਼ਰੀਦਦਾਰੀ ਦੂਜੇ ਲਫ਼ਜ਼ਾਂ ਵਿੱਚ ਬਿਨਾਂ ਮਤਲਬ ਦੀ ਖ਼ਰੀਦਦਾਰੀ

ਹੈ। ਉਹ ਆਪਣੇ ਵਕਤ ਅਤੇ ਆਪਣੇ ਮਾਲ ਨੂੰ ਬਰਬਾਦ ਕਰਨ ਦੇ ਬਰਾਬਰ ਹੈ। ਇਹ ਉਹੀ ਚੀਜ਼ ਹੈ ਜਿਸ ਨੂੰ ਕੁਰਆਨ ਵਿੱਚ ਮਾਲ ਦੀ ਫਾਲਤੂ ਖ਼ਰਚੀ (17:26) ਦੱਸਿਆ ਗਿਆ ਹੈ। ਯਾਨੀ ਮਾਲ ਨੂੰ ਬਿਨਾਂ ਜ਼ਰੂਰਤ ਖਿਲਾਰਨਾ। ਜ਼ਰੂਰਤ ਦੀ ਖ਼ਰੀਦਦਾਰੀ ਇੱਕ ਜ਼ਿੰਮੇਵਾਰਾਨਾ ਕੰਮ ਹੈ, ਅਤੇ ਨਜ਼ਰ ਦੀ ਖ਼ਰੀਦਦਾਰੀ ਇੱਕ ਗ਼ੈਰ-ਜ਼ਿੰਮੇਵਾਰਾਨਾ ਕੰਮ।

ਕਿਸੇ ਮਰਦ ਜਾਂ ਔਰਤ ਦੇ ਕੋਲ ਜੋ ਮਾਲ ਹੈ, ਉਹ ਰੱਬ ਦਾ ਦਿੱਤਾ ਹੋਇਆ ਹੈ, ਉਹ ਅੱਲ੍ਹਾ ਦੀ ਇੱਕ ਅਮਾਨਤ ਹੈ। ਜੋ ਔਰਤ ਜਾਂ ਮਰਦ ਮਾਲ ਨੂੰ ਫਾਲਤੂ ਤਰੀਕੇ ਨਾਲ ਖ਼ਰਚ ਕਰਦੇ ਹਨ, ਉਹ ਰੱਬ ਦੀ ਦਿੱਤੀ ਹੋਈ ਅਮਾਨਤ ਵਿੱਚ ਖ਼ਿਆਨਤ ਕਰਦੇ ਹਨ। ਉਹ ਇੱਕ ਅਜਿਹਾ ਕੰਮ ਕਰਦੇ ਹਨ, ਜਿਸ ਦੇ ਲਈ ਆਖ਼ਿਰਤ ਵਿੱਚ ਉਨ੍ਹਾਂ ਦੀ ਸਖ਼ਤ ਪੁੱਛਗਿੱਛ ਹੋਵੇਗੀ। ਮਾਲ ਨੂੰ ਜਾਇਜ਼ ਜ਼ਰੂਰਤ ਉੱਤੇ ਖ਼ਰਚ ਕਰਨਾ ਸਵਾਬ ਦਾ ਕੰਮ ਹੈ। ਇਸ ਦੇ ਉਲਟ, ਜੇ ਮਾਲ ਨੂੰ ਨਾਜਾਇਜ਼ ਕੰਮਾਂ ਵਿੱਚ ਖ਼ਰਚ ਕੀਤਾ ਜਾਵੇ ਤਾਂ ਉਹ ਖ਼ਰਚ ਕਰਨ ਵਾਲੇ ਦੇ ਲਈ ਇੱਕ ਗੁਨਾਹ ਬਣ ਜਾਂਦਾ ਹੈ। ਮਾਲ ਨੂੰ ਖ਼ਰਚ ਕਰਨ ਦੇ ਮਾਮਲੇ ਵਿੱਚ ਇਨਸਾਨ ਨੂੰ ਬਹੁਤ ਜ਼ਿਆਦਾ ਸਾਵਧਾਨ ਹੋਣਾ ਚਾਹੀਦਾ ਹੈ।

## ਲਾਡ-ਪਿਆਰ (ਪੈਂਪਰਿੰਗ) ਦਾ ਨੁਕਸਾਨ

ਮੇਰੇ ਪਿਤਾ ਫਰੀਦ ਉੱਦ ਦੀਨ ਖ਼ਾਨ ਦਾ ਅਕਾਲ ਚਲਾਣਾ ਦਸੰਬਰ 1929 ਵਿੱਚ ਹੋਇਆ। ਉਸ ਵਕਤ ਮੇਰੀ ਉਮਰ ਲਗਭਗ 6 ਸਾਲ ਸੀ। ਮੇਰੇ ਪਿਤਾ ਆਪਣੇ ਸਾਰੇ ਬੱਚਿਆਂ ਵਿੱਚ ਮੈਨੂੰ ਸਭ ਤੋਂ ਜ਼ਿਆਦਾ ਮੰਨਦੇ ਸਨ। ਉਹ ਮੇਰੇ ਨਾਲ ਬਹੁਤ ਲਾਡ-ਪਿਆਰ (pampernig) ਕਰਦੇ ਸਨ। ਇਸ ਕਰਕੇ ਮੈਂ ਬਹੁਤ ਸ਼ਰਾਰਤੀ ਹੋ ਗਿਆ ਸੀ ਅਤੇ ਅਕਸਰ ਬਾਲ-ਬੁੱਧੀ ਵਾਲੀਆਂ ਸ਼ਰਾਰਤਾਂ ਕਰਦਾ ਰਹਿੰਦਾ ਸੀ। ਸ਼ੇਖ਼ ਮੁਹੰਮਦ ਕਾਮਿਲ ਮੇਰੇ ਫੁੱਫੜ ਸਨ। ਉਹ ਇਸ ਨੂੰ ਦੇਖ ਕੇ ਗੁੱਸੇ ਹੁੰਦੇ ਸਨ। ਉਹ ਮੇਰੇ ਪਿਤਾ ਨੂੰ ਕਹਿੰਦੇ ਹੁੰਦੇ ਸਨ ਕਿ— ਤੁਸੀਂ ਆਪਣੇ ਪੁੱਤ ਨੂੰ ਵਿਗਾੜ ਦੇਵੋਗੇ।

ਲੇਕਿਨ ਬਚਪਨ ਵਿੱਚ ਹੀ ਮੇਰੇ ਪਿਤਾ ਦਾ ਦਿਹਾਂਤ ਹੋ ਗਿਆ। ਮੇਰੀ ਮਾਤਾ ਜ਼ੇਬ ਉੱਨ ਨਿਸਾ (ਮੌਤ 1985) ਦੱਸਦੀ ਸੀ ਕਿ ਪਿਤਾ ਜੀ ਦੇ ਜਿਊਂਦੇ ਸਮੇਂ ਮੈਂ ਬਹੁਤ ਬੋਲਦਾ ਸੀ, ਲੇਕਿਨ ਜਦੋਂ ਪਿਤਾ ਦਾ ਅਕਾਲ ਚਲਾਣਾ ਹੋ ਗਿਆ ਤਾਂ ਅਚਾਨਕ ਮੈਂ ਬਿਲਕੁਲ ਬਦਲ ਗਿਆ। ਮੇਰੀਆਂ ਸ਼ਰਾਰਤਾਂ ਖ਼ਤਮ ਹੋ ਗਈਆਂ। ਹੁਣ ਮੈਂ ਚੁੱਪ ਰਹਿਣ ਲੱਗ ਪਿਆ। ਇਹ ਮੇਰੀ ਜ਼ਿੰਦਗੀ ਦਾ ਬਹੁਤ ਵੱਡਾ ਵਾਕਿਆ ਸੀ। ਜੇਕਰ ਮੇਰੇ ਪਿਤਾ ਜ਼ਿਆਦਾ ਦਿਨ ਜਿਊਂਦੇ ਰਹਿੰਦੇ ਤਾਂ ਯਕੀਨੀ ਤੌਰ ’ਤੇ ਮੈਂ ਉਸੇ ਕਿਸਮ ਦਾ ਇੱਕ ਨੌਜਵਾਨ ਬਣ ਜਾਂਦਾ ਜਿਸ ਨੂੰ ਲਾਡ-ਪਿਆਰ ਨਾਲ ਵਿਗੜਿਆ ਹੋਇਆ ਬੱਚਾ (spoilt and pampered child) ਕਿਹਾ ਜਾਂਦਾ ਹੈ। ਬਾਅਦ ਵਿੱਚ ਮੇਰੀ ਜ਼ਿੰਦਗੀ ਵਿੱਚ ਜੋ ਹਕੀਕਤ ਪਸੰਦੀ ਅਤੇ ਸੰਜੀਦਗੀ ਆਈ, ਉਹ ਸਿੱਧੇ ਤੌਰ ’ਤੇ ਮੇਰੀ ਯਤੀਮੀ ਦਾ ਨਤੀਜਾ ਸੀ।

ਇੱਕ ਇਨਸਾਨ ਜਦੋਂ ਪੈਦਾ ਹੁੰਦਾ ਹੈ ਤਾਂ ਸ਼ੁਰੂਆਤੀ ਤੌਰ ’ਤੇ ਉਹ ਆਪਣੇ ਮਾਪਿਆਂ ਦੇ ਨਾਲ ਹੁੰਦਾ ਹੈ। ਲੇਕਿਨ ਇਹ ਸਮਾਂ ਆਰਜ਼ੀ ਹੁੰਦਾ ਹੈ। ਉਸ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਮਾਪਿਆਂ ਦੇ ਮਾਹੌਲ ਤੋਂ ਬਾਹਰ, ਦੂਜਿਆਂ ਦੇ ਦਰਮਿਆਨ ਗੁਜ਼ਾਰਨੀ ਪੈਂਦੀ ਹੈ। ਮਾਪੇ ਆਪਣੇ ਬੱਚਿਆਂ ਨਾਲ ਲਾਡ-ਪਿਆਰ ਵਾਲਾ ਵਤੀਰਾ ਰੱਖਦੇ ਹਨ।

ਇਸ ਲਾਡ-ਪਿਆਰ ਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਸੁਚੇਤ ਜਾਂ ਅਚੇਤ ਤੌਰ ’ਤੇ ਇਹ ਸਮਝ ਲੈਂਦਾ ਹੈ ਕਿ ਮੈਨੂੰ ਮੁਹੱਬਤ ਕਰਨ ਵਾਲਾ ਉਹੀ ਹੈ ਜੋ ਮੇਰੇ ਨਾਲ ਲਾਡ-ਪਿਆਰ (pampering) ਵਾਲਾ ਸਲੂਕ ਕਰੇ। ਲੇਕਿਨ ਇਹ ਬੱਚਾ ਜਦੋਂ ਆਪਣੇ ਘਰ ਤੋਂ ਬਾਹਰ ਆਉਂਦਾ ਹੈ ਤਾਂ ਦੂਜੇ ਲੋਕਾਂ ਤੋਂ ਉਸ ਨੂੰ ਮਾਪਿਆਂ ਵਾਲਾ ਲਾਡ-ਪਿਆਰ ਨਹੀਂ ਮਿਲਦਾ। ਹੁਣ ਉਹ ਸਾਰੀ ਦੁਨੀਆ ਤੋਂ ਬੇਜ਼ਾਰ ਹੋ ਜਾਂਦਾ ਹੈ। ਇਸ ਸਥਿਤੀ ਨੇ ਤਮਾਮ ਔਰਤਾਂ ਅਤੇ ਮਰਦਾਂ ਨੂੰ ਸ਼ਿਕਾਇਤ ਦੀ ਮਾਨਸਿਕਤਾ ਵਿੱਚ ਮੁਬਤਲਾ ਕਰ ਦਿੱਤਾ ਹੈ, ਜਦਕਿ ਸਹੀ ਇਹ ਸੀ ਕਿ ਲੋਕਾਂ ਦੇ ਅੰਦਰ ਦੂਜੇ ਇਨਸਾਨਾਂ ਦੇ ਲਈ ਮੁਹੱਬਤ ਦੀ ਮਾਨਸਿਕਤਾ ਪੈਦਾ ਹੋਵੇ।

# ਤਰਬੀਅਤ-ਏ-ਔਲਾਦ

ਹਦੀਸ ਦੀਆਂ ਵੱਖ-ਵੱਖ ਕਿਤਾਬਾਂ ਵਿੱਚ ਇੱਕ ਰਵਾਇਤ ਆਈ ਹੈ। ਉਸ ਰਵਾਇਤ ਦੇ ਸ਼ਬਦ ਇਹ ਹਨ: ਰਸੂਲ ਅੱਲ੍ਹਾ (ਸੱਲੱਲ੍ਹਾਹੁ ਅਲੈਹੀ ਵਸੱਲਮ) ਨੇ ਫ਼ਰਮਾਇਆ: ਪਿਤਾ ਵੱਲੋਂ ਆਪਣੇ ਪੁੱਤਰ ਦੇ ਲਈ ਇਸ ਤੋਂ ਬਿਹਤਰ ਕੋਈ ਤੋਹਫ਼ਾ ਨਹੀਂ ਕਿ ਉਹ ਉਸ ਨੂੰ ਚੰਗੇ ਅਦਬ-ਸਲੀਕੇ ਸਿਖਾਏ (ਸੁਨਨ ਅਲ-ਤਿਰਮਿਜ਼ੀ, ਹਦੀਸ ਨੰਬਰ 1952)। ਇਸ ਹਦੀਸ ਵਿੱਚ ਜ਼ਾਹਿਰੀ ਤੌਰ 'ਤੇ ਸਿਰਫ਼ ਪਿਤਾ ਦਾ ਜ਼ਿਕਰ ਹੈ, ਮਗਰ ਇੱਥੇ ਮਤਲਬ ਪਿਤਾ ਅਤੇ ਮਾਤਾ ਦੋਵੇਂ ਹਨ। ਨਾਲ ਹੀ 'ਅਦਬ' ਦਾ ਸ਼ਬਦ ਇੱਥੇ ਤਾਲੀਮ ਅਤੇ ਤਰਬੀਅਤ ਦੇ ਤਮਾਮ ਪਹਿਲੂਆਂ ਦੇ ਲਈ ਬਹੁਤ ਵਿਆਪਕ ਹੈ, ਭਾਵੇਂ ਉਹ ਧਾਰਮਿਕ ਕਿਸਮ ਦੀਆਂ ਚੀਜ਼ਾਂ ਹੋਣ ਜਾਂ ਦੁਨਿਆਵੀ ਕਿਸਮ ਦੀਆਂ।

ਔਰਤ ਅਤੇ ਮਰਦ ਨੂੰ ਕੁਦਰਤੀ ਤੌਰ 'ਤੇ ਆਪਣੀ ਔਲਾਦ ਨਾਲ ਬਹੁਤ ਜ਼ਿਆਦਾ ਮੁਹੱਬਤ ਹੁੰਦੀ ਹੈ। ਇਸ ਹਦੀਸ ਵਿੱਚ ਦੱਸਿਆ ਗਿਆ ਹੈ ਕਿ ਇਸ ਮੁਹੱਬਤ ਦਾ ਬਿਹਤਰੀਨ ਇਸਤੇਮਾਲ ਕੀ ਹੈ ਜਾਂ ਕੀ ਹੋਣਾ ਚਾਹੀਦਾ ਹੈ। ਉਹ ਇਸਤੇਮਾਲ ਇਹ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਜੀਵਨ ਦੇ ਅਦਬ-ਸਲੀਕੇ ਸਿਖਾਉਣ। ਉਹ ਆਪਣੇ ਬੱਚਿਆਂ ਨੂੰ ਬਿਹਤਰ ਇਨਸਾਨ ਬਣਾ ਕੇ ਦੁਨੀਆ ਦੇ ਅੱਗੇ ਪੇਸ਼ ਕਰਨ।

ਇਹ ਵੇਖਿਆ ਗਿਆ ਹੈ ਕਿ ਮਾਪੇ ਆਪਣੀ ਮੁਹੱਬਤ ਦੀ ਵਰਤੋਂ ਜ਼ਿਆਦਾਤਰ ਇਸ ਤਰ੍ਹਾਂ ਕਰਦੇ ਹਨ ਕਿ ਉਹ ਆਪਣੇ ਬੱਚਿਆਂ ਦੀ ਹਰ ਇੱਛਾ ਪੂਰੀ ਕਰਨ ਵਿੱਚ ਲੱਗੇ ਰਹਿੰਦੇ ਹਨ, ਉਹ ਸਮਝਦੇ ਹਨ ਕਿ ਬੱਚਾ ਜੋ ਚਾਹੇ ਉਹ ਉਸ ਲਈ ਹਾਜ਼ਰ ਕਰ ਦਿੱਤਾ ਜਾਵੇ, ਇਹੀ ਬੱਚੇ ਲਈ ਮੁਹੱਬਤ ਦਾ ਸਭ ਤੋਂ ਵੱਡਾ ਸਬੂਤ ਹੈ, ਪਰ ਇਹ ਬੱਚਿਆਂ ਦੇ ਹੱਕ ਵਿੱਚ ਭਲਾ ਨਹੀਂ ਹੈ।

ਛੋਟਾ ਬੱਚਾ ਆਪਣੀਆਂ ਇੱਛਾਵਾਂ ਤੋਂ ਇਲਾਵਾ ਹੋਰ ਕੁਝ ਨਹੀਂ ਜਾਣਦਾ। ਉਸ ਦੀ ਸੋਚ ਬਸ ਇਹ ਹੁੰਦੀ ਹੈ ਕਿ ਉਸ ਦੇ ਦਿਲ ਵਿੱਚ ਜੋ ਇੱਛਾ ਆਵੇ ਉਹ ਤੁਰੰਤ ਪੂਰੀ ਹੋ ਜਾਵੇ। ਪਰ ਇਹ ਬਚਪਨ ਵਾਲੀ ਸੋਚ ਹੈ। ਕਿਉਂਕਿ ਜ਼ਿਆਦਾ

ਅਹਿਮ ਗੱਲ ਇਹ ਹੈ ਕਿ ਬੱਚਾ ਇੱਕ ਦਿਨ ਵੱਡਾ ਹੋਵੇਗਾ। ਉਹ ਵੱਡਾ ਹੋ ਕੇ ਦੁਨੀਆ ਦੇ ਮੈਦਾਨ ਵਿੱਚ ਦਾਖਲ ਹੋਵੇਗਾ। ਜ਼ਿੰਦਗੀ ਦੇ ਇਸ ਅਗਲੇ ਪੜਾਅ ਵਿੱਚ ਕਾਮਯਾਬ ਹੋਣ ਲਈ ਬੱਚੇ ਨੂੰ ਜਿਸ ਚੀਜ਼ ਦੀ ਲੋੜ ਹੈ ਉਹ ਇਹ ਕਿ ਉਹ ਜੀਵਨ ਦੇ ਤੌਰ-ਤਰੀਕਿਆਂ ਨਾਲ ਲੈਸ ਹੋ ਕੇ ਉੱਥੇ ਪਹੁੰਚੇ। ਬੱਚਾ ਜਦੋਂ ਬਿਲਕੁਲ ਛੋਟਾ ਹੋਵੇ ਉਸੇ ਵੇਲੇ ਤੋਂ ਉਸ ਦੀ ਸਿੱਖਿਆ ਅਤੇ ਪਾਲਣ-ਪੋਸ਼ਣ ਦਾ ਸਿਲਸਿਲਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਤਾਂ ਜੋ ਇਹ ਚੀਜ਼ਾਂ ਆਦਤ ਬਣ ਕੇ ਉਸ ਦੀ ਜ਼ਿੰਦਗੀ ਵਿੱਚ ਸ਼ਾਮਲ ਹੋ ਜਾਣ। ਜ਼ਿੰਦਗੀ ਦੇ ਇਨ੍ਹਾਂ ਤੌਰ-ਤਰੀਕਿਆਂ ਦੇ ਤਿੰਨ ਖਾਸ ਪੱਖ ਹਨ: ਦੀਨ, ਅਖ਼ਲਾਕ ਅਤੇ ਡਿਸਪਲਿਨ।

ਦੀਨ ਦੇ ਲਿਹਾਜ਼ ਨਾਲ ਬੱਚੇ ਦੇ ਪਾਲਣ-ਪੋਸ਼ਣ ਦਾ ਆਗਾਜ਼ ਪੈਦਾਇਸ਼ ਦੇ ਤੁਰੰਤ ਬਾਅਦ ਹੋ ਜਾਂਦਾ ਹੈ ਜਦੋਂ ਕਿ ਉਸ ਦੇ ਕੰਨ ਵਿੱਚ ਅਜ਼ਾਨ ਦੀ ਆਵਾਜ਼ ਪਾਈ ਜਾਂਦੀ ਹੈ। ਇਹ ਸੰਕੇਤਕ ਅੰਦਾਜ਼ ਵਿੱਚ ਇਸ ਗੱਲ ਦਾ ਇਜ਼ਹਾਰ ਹੈ ਕਿ ਬੱਚੇ ਨੂੰ ਦੀਨਦਾਰ ਬਣਾਉਣ ਦਾ ਅਮਲ ਸ਼ੁਰੂਆਤੀ ਉਮਰ ਤੋਂ ਹੀ ਸ਼ੁਰੂ ਕਰ ਦੇਣਾ ਹੈ। ਇਹ ਕੰਮ ਮਾਂ ਅਤੇ ਪਿਓ ਦੋਵਾਂ ਨੇ ਕਰਨਾ ਹੈ।

ਮਾਪਿਆਂ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਬੱਚੇ ਦੇ ਅੰਦਰ ਤੌਹੀਦ ਅਤੇ ਇਸਲਾਮੀ ਅਕੀਦੇ ਚੰਗੀ ਤਰ੍ਹਾਂ ਪੱਕੇ ਹੋ ਜਾਣ। ਜ਼ਿਕਰ ਅਤੇ ਇਬਾਦਤ ਉਸ ਦੀ ਜ਼ਿੰਦਗੀ ਦੇ ਜ਼ਰੂਰੀ ਹਿੱਸੇ ਬਣ ਕੇ ਉਸ ਦੀ ਸ਼ਖ਼ਸੀਅਤ ਵਿੱਚ ਸ਼ਾਮਲ ਹੋ ਜਾਣ। ਉਹ ਨਮਾਜ਼, ਰੋਜ਼ੇ ਦਾ ਪਾਬੰਦ ਹੋਵੇ। ਸਦਕਾ ਅਤੇ ਖੈਰਾਤ ਦਾ ਚਾਅ ਉਸ ਦੇ ਅੰਦਰ ਪੈਦਾ ਹੋ ਜਾਵੇ। ਕੁਰਆਨ ਅਤੇ ਹਦੀਸ ਨਾਲ ਉਸ ਨੂੰ ਇਸ ਕਦਰ ਲਗਾਵ ਹੋ ਜਾਵੇ ਕਿ ਉਹ ਰੋਜ਼ਾਨਾ ਇਸ ਦਾ ਕੁਝ ਨਾ ਕੁਝ ਹਿੱਸਾ ਪੜ੍ਹਨ ਲੱਗੇ। ਉਸ ਨੂੰ ਵੇਖ ਕੇ ਹਰ ਬੰਦਾ ਇਹ ਕਹਿ ਦੇਵੇ ਕਿ ਇਹ ਬੱਚਾ ਇੱਕ ਦੀਨਦਾਰ ਬੱਚਾ ਹੈ।

ਅਖ਼ਲਾਕ ਦੀ ਸਿੱਖਿਆ ਦੀ ਸੂਰਤ ਇਹ ਹੈ ਕਿ ਹਰ ਮੌਕੇ ’ਤੇ ਬੱਚੇ ਨੂੰ ਸਿਖਾਇਆ ਜਾਵੇ। ਜੇ ਉਹ ਗਲਤੀ ਕਰੇ ਤਾਂ ਉਸ ਨੂੰ ਟੋਕਿਆ ਜਾਵੇ। ਇਥੋਂ ਤੱਕ ਕਿ ਜੇ ਲੋੜ ਪਵੇ ਤਾਂ ਉਸ ਨੂੰ ਤਾੜਨਾ ਵੀ ਕੀਤੀ ਜਾਵੇ। ਭੈਣ-ਭਰਾਵਾਂ ਵਿੱਚ ਲੜਾਈ ਹੋਵੇ ਤਾਂ ਤੁਰੰਤ ਸਮਝਾਇਆ ਜਾਵੇ। ਜੇਕਰ ਬੱਚਾ ਕਦੇ ਝੂਠ ਬੋਲੇ ਜਾਂ ਕਿਸੇ ਨੂੰ ਗਾਲ੍ਹ ਕੱਢੇ, ਜਾਂ ਕਿਸੇ ਦੀ ਚੀਜ਼ ਚੋਰੀ ਕਰ ਲਵੇ ਤਾਂ ਬੜੀ ਸਖ਼ਤੀ ਨਾਲ ਇਸ ਦਾ ਨੋਟਿਸ ਲਿਆ ਜਾਵੇ। ਅਤੇ ਇਹ ਸਭ ਬਿਲਕੁਲ ਬਚਪਨ ਤੋਂ ਕੀਤਾ

ਜਾਵੇ ਤਾਂ ਜੋ ਬੱਚੇ ਦੀ ਜ਼ਿੰਦਗੀ ਵਿੱਚ ਇਹ ਚੀਜ਼ਾਂ ਪੱਕੇ ਤੌਰ ’ਤੇ ਕਿਰਦਾਰ ਦਾ ਹਿੱਸਾ ਬਣ ਜਾਣ।

ਇਹੀ ਤਰੀਕਾ ਡਿਸਪਲਿਨ ਦੇ ਬਾਰੇ ਵਿੱਚ ਅਪਣਾਉਣਾ ਚਾਹੀਦਾ ਹੈ। ਬੱਚੇ ਨੂੰ ਵਕਤ ਦੀ ਪਾਬੰਦੀ ਸਿਖਾਈ ਜਾਵੇ। ਚੀਜ਼ਾਂ ਨੂੰ ਸਹੀ ਥਾਂ ’ਤੇ ਰੱਖਣ ਦੀ ਆਦਤ ਪਾਈ ਜਾਵੇ। ਖਾਣਾ-ਪੀਣਾ ਨਿਯਮ ਅਨੁਸਾਰ ਸਮੇਂ ਸਿਰ ਹੋਵੇ। ਜੇਕਰ ਉਹ ਕੋਈ ਕਾਗਜ਼ ਜਾਂ ਲਿਫ਼ਾਫ਼ਾ ਸੜਕ ’ਤੇ ਸੁੱਟ ਦੇਵੇ ਤਾਂ ਤੁਰੰਤ ਉਸ ਤੋਂ ਚੁਕਵਾਇਆ ਜਾਵੇ। ਸ਼ੋਰ ਮਚਾਉਣ ਤੋਂ ਰੋਕਿਆ ਜਾਵੇ, ਹਰ ਅਜਿਹੀ ਚੀਜ਼ ਤੋਂ ਬਚਣ ਦੀ ਤਾਕੀਦ ਕੀਤੀ ਜਾਵੇ ਜਿਸ ਨਾਲ ਦੂਜਿਆਂ ਨੂੰ ਤਕਲੀਫ਼ ਪਹੁੰਚਦੀ ਹੋਵੇ।

ਬੱਚੇ ਦੀ ਅਸਲੀ ਸਿਖਲਾਈ ਲਈ ਖੁਦ ਮਾਂ-ਪਿਓ ਨੂੰ ਆਪਣਾ ਜੀਵਨ ਢੰਗ ਉਸ ਦੇ ਮੁਤਾਬਕ ਬਣਾਉਣਾ ਹੋਵੇਗਾ। ਜੇਕਰ ਤੁਸੀਂ ਆਪਣੇ ਬੱਚੇ ਨੂੰ ਕਹੋ ਕਿ ਝੂਠ ਨਾ ਬੋਲੋ, ਪਰ ਉਸ ਦੇ ਸਾਹਮਣੇ ਤੁਸੀਂ ਇਹ ਕਰੋ ਕਿ ਜਦੋਂ ਕੋਈ ਬੰਦਾ ਬੂਹੇ ’ਤੇ ਦਸਤਕ ਦੇਵੇ ਤਾਂ (ਬੱਚੇ ਤੋਂ) ਕਹਾ ਦਿਓ ਕਿ ਉਹ ਇਸ ਵੇਲੇ ਘਰ ਨਹੀਂ ਹਨ, ਤਾਂ ਅਜਿਹੀ ਹਾਲਤ ਵਿੱਚ ਬੱਚੇ ਨੂੰ ਝੂਠ ਤੋਂ ਰੋਕਣਾ ਬੇਮਤਲਬ ਹੋਵੇਗਾ। ਜੇਕਰ ਤੁਸੀਂ ਸਿਗਰਟ ਪੀਂਦੇ ਹੋ ਤਾਂ ਬੱਚੇ ਦੇ ਸਾਹਮਣੇ ਸਿਗਰਟਨੋਸ਼ੀ ਦੇ ਖਿਲਾਫ਼ ਭਾਸ਼ਣ ਦੇਣਾ ਬੇਮਤਲਬ ਹੈ। ਜੇਕਰ ਤੁਸੀਂ ਵਾਅਦਾ ਪੂਰਾ ਨਹੀਂ ਕਰਦੇ ਅਤੇ ਬੱਚੇ ਨੂੰ ਕਹਿੰਦੇ ਹੋ ਕਿ ਬੇਟੇ, ਹਮੇਸ਼ਾ ਵਾਅਦਾ ਪੂਰਾ ਕਰੋ, ਤਾਂ ਉਹ ਕਦੇ ਵੀ ਅਜਿਹੀ ਨਸੀਹਤ ’ਤੇ ਅਮਲ ਨਹੀਂ ਕਰੇਗਾ।

ਬੱਚਾ ਆਪਣੇ ਮਾਪਿਆਂ ਨੂੰ ਇੱਕ ਮਾਡਲ ਦੇ ਰੂਪ ਵਿੱਚ ਵੇਖਦਾ ਹੈ। ਇਸੇ ਤਰ੍ਹਾਂ ਵੱਡਾ ਬੱਚਾ ਛੋਟੇ ਬੱਚਿਆਂ ਲਈ ਮਾਡਲ ਹੁੰਦਾ ਹੈ। ਜੇਕਰ ਮਾਪੇ ਅਤੇ ਵੱਡਾ ਬੱਚਾ ਠੀਕ ਹੋਣ ਤਾਂ ਬਾਕੀ ਬੱਚੇ ਆਪਣੇ ਆਪ ਸੁਧਰਦੇ ਚਲੇ ਜਾਣਗੇ।

## ਅਖ਼ਲਾਕੀ ਜ਼ਹਿਰ

6 ਜਨਵਰੀ 1990 ਨੂੰ ਦਿੱਲੀ (ਸ਼ਕਰਪੁਰ) ਵਿੱਚ ਇੱਕ ਦਰਦਨਾਕ ਵਾਕਿਆ ਹੋਇਆ। ਕੁਝ ਛੋਟੇ ਬੱਚੇ ਇੱਕ ਮੈਦਾਨ ਵਿੱਚ ਖੇਡ ਰਹੇ ਸਨ। ਉੱਥੇ ਇੱਕ ਪਾਸੇ

ਕੂੜੇ ਦਾ ਢੇਰ ਸੀ। ਉਹ ਖੇਡਦੇ ਹੋਏ ਉਸ ਕੂੜੇ ਤੱਕ ਪਹੁੰਚ ਗਏ। ਉੱਥੇ ਉਨ੍ਹਾਂ ਨੂੰ ਇੱਕ ਪਈ ਹੋਈ ਚੀਜ਼ ਮਿਲੀ।

ਇਹ ਕੋਈ ਜ਼ਹਿਰੀਲੀ ਚੀਜ਼ ਸੀ। ਪਰ ਉਨ੍ਹਾਂ ਨੇ ਬੇਖ਼ਬਰੀ ਵਿੱਚ ਇਸ ਨੂੰ ਚੁੱਕ ਕੇ ਖਾ ਲਿਆ। ਇਸ ਦੇ ਨਤੀਜੇ ਵਜੋਂ ਦੋ ਬੱਚੇ ਤੁਰੰਤ ਹੀ ਮਰ ਗਏ, ਅਤੇ ਅੱਠ ਬੱਚਿਆਂ ਨੂੰ ਚਿੰਤਾਜਨਕ ਹਾਲਤ ਵਿੱਚ ਜੈ ਪ੍ਰਕਾਸ਼ ਨਰਾਇਣ ਹਸਪਤਾਲ ਵਿੱਚ ਦਾਖਲ ਕਰਨਾ ਪਿਆ। ਇਹ ਬੱਚੇ ਦੋ ਸਾਲ ਤੋਂ ਪੰਜ ਸਾਲ ਤੱਕ ਦੇ ਸਨ।

ਟਾਈਮਜ਼ ਆਫ਼ ਇੰਡੀਆ (7 ਜਨਵਰੀ 1990) ਨੇ ਪਹਿਲੇ ਸਫ਼ੇ ’ਤੇ ਇਸ ਦੀ ਖ਼ਬਰ ਦਿੰਦੇ ਹੋਏ ਲਿਖਿਆ ਹੈ ਕਿ ਇਨ੍ਹਾਂ ਬੱਚਿਆਂ ਵਿੱਚੋਂ ਇੱਕ ਨੂੰ ਉੱਥੇ ਇੱਕ ਛੋਟਾ ਪੈਕਟ ਪਿਆ ਮਿਲਿਆ। ਇਸ ਵਿੱਚ ਲਗਭਗ ਡੇਢ ਸੌ ਗ੍ਰਾਮ ਕੋਈ ਚਿੱਟੇ ਰੰਗ ਦਾ ਪਾਊਡਰ ਸੀ। ਉਨ੍ਹਾਂ ਨੇ ਗਲਤੀ ਨਾਲ ਇਸ ਨੂੰ ਖੰਡ ਸਮਝਿਆ ਅਤੇ ਆਪਸ ਵਿੱਚ ਵੰਡ ਕੇ ਖਾਣ ਲੱਗੇ। ਖਾਣ ਦੇ ਕੁਝ ਮਿੰਟ ਬਾਅਦ ਹੀ ਉਨ੍ਹਾਂ ਦੇ ਬੁੱਲ੍ਹ ਨੀਲੇ ਪੈ ਗਏ:

> One of them found a small packet containing about 150 gm of white, powdery substance. They mistook it for sugar and distributed it among themselves. Within minutes of consuming it, their lips turned blue.

ਮਾਦੀ ਖੁਰਾਕ ਦੇ ਲਿਹਾਜ਼ ਨਾਲ ਇਹ ਕੁਝ ਬੱਚਿਆਂ ਦਾ ਵਾਕਿਆ ਹੈ। ਲੇਕਿਨ ਅਖ਼ਲਾਕੀ ਖੁਰਾਕ ਦੇ ਲਿਹਾਜ਼ ਨਾਲ ਵੇਖੀਏ ਤਾਂ ਅੱਜ ਇਹੀ ਸਾਰੇ ਇਨਸਾਨਾਂ ਦਾ ਵਾਕਿਆ ਹੈ। ਅੱਜ ਦੀ ਦੁਨੀਆ ਵਿੱਚ ਸਾਰੇ ਇਨਸਾਨ ਅਜਿਹੀਆਂ ਅਖ਼ਲਾਕੀ ਖੁਰਾਕਾਂ ਖਾ ਰਹੇ ਹਨ ਜੋ ਇਨਸਾਨੀਅਤ ਲਈ ਜ਼ਹਿਰ ਹਨ, ਜੋ ਉਨ੍ਹਾਂ ਨੂੰ ਸਦੀਵੀ ਮੌਤ ਦੇ ਮੂੰਹ ਵਿੱਚ ਧੱਕਣ ਵਾਲੀਆਂ ਹਨ।

ਝੂਠ, ਬਦਕਾਰੀ, ਰਿਸ਼ਵਤ, ਹੰਕਾਰ, ਹਸਦ, ਇਲਜ਼ਾਮਤਰਾਸ਼ੀ, ਜ਼ੁਲਮ, ਗੁੱਸਾ, ਬੇਈਮਾਨੀ, ਵਾਅਦਾ ਖਿਲਾਫੀ, ਬਦਖੋਹੀ, ਬੇਅਸੂਲੀ, ਬਦਮਾਮਲਗੀ, ਅਨਾਮਿਕਾ, ਬੇ-ਇਤਬਾਰੀ, ਗਲਤੀ ਨਾ ਮੰਨਣਾ, ਅਹਿਸਾਨ ਫ਼ਰਾਮੋਸ਼ੀ, ਖ਼ੁਦਗਰਜ਼ੀ, ਬਦਲਾ, ਭੜਕਾਊਪਨ, ਆਪਣੇ ਲਈ ਇੱਕ ਚੀਜ਼ ਪਸੰਦ ਕਰਨਾ ਅਤੇ ਦੂਜੇ ਲਈ ਕੁਝ ਹੋਰ ਪਸੰਦ ਕਰਨਾ, ਇਹ ਸਾਰੀਆਂ ਚੀਜ਼ਾਂ ਅਖ਼ਲਾਕੀ

ਮਤਲਬ ਵਿੱਚ ਜ਼ਹਿਰੀਲੀਆਂ ਖੁਰਾਕਾਂ ਹਨ। ਅੱਜ ਸਾਰੇ ਲੋਕ ਇਨ੍ਹਾਂ ਚੀਜ਼ਾਂ ਨੂੰ ਮਿੱਠੀ ਖੰਡ ਸਮਝ ਕੇ ਖਾ ਰਹੇ ਹਨ। ਪਰ ਉਹ ਵਕਤ ਜ਼ਿਆਦਾ ਦੂਰ ਨਹੀਂ ਜਦੋਂ ਇਨ੍ਹਾਂ ਦਾ ਜ਼ਹਿਰੀਲਾਪਨ ਜ਼ਾਹਿਰ ਹੋਵੇਗਾ ਅਤੇ ਫਿਰ ਇਨਸਾਨ ਆਪਣੇ ਆਪ ਨੂੰ ਅਜਿਹੀ ਹਾਲਤ ਵਿੱਚ ਪਾਵੇਗਾ ਕਿ ਉੱਥੇ ਨਾ ਕੋਈ ਉਸ ਦੀ ਫ਼ਰਿਆਦ ਸੁਣਨ ਵਾਲਾ ਹੋਵੇਗਾ ਅਤੇ ਨਾ ਕੋਈ ਉਸ ਦਾ ਇਲਾਜ ਕਰਨ ਵਾਲਾ।

# ਇੱਕ ਮਿਸਾਲ

ਰੇਡੀਓ ਵਿੱਚ ਇੱਕ ਪ੍ਰੋਗਰਾਮ ਆਉਂਦਾ ਹੈ ਜੋ ਸਿਰਫ਼ ਔਰਤਾਂ ਲਈ ਹੁੰਦਾ ਹੈ। ਇਸ ਵਿੱਚ ਔਰਤਾਂ ਨਾਲ ਸੰਬੰਧਿਤ ਵੱਖ-ਵੱਖ ਵਿਸ਼ੇ ਦਿੱਤੇ ਜਾਂਦੇ ਹਨ। ਇਸੇ ਪ੍ਰੋਗਰਾਮ ਦੇ ਤਹਿਤ, ਇੱਕ ਦਿਨ ਮਾਂ ਅਤੇ ਉਸ ਦੇ ਬੱਚਿਆਂ ਦੇ ਦਰਮਿਆਨ ਤਾਲਮੇਲ ਦਾ ਵਿਸ਼ਾ ਵਿਚਾਰ ਅਧੀਨ ਸੀ। ਕਈ ਮਾਵਾਂ ਨੇ ਇਸ ਪਹਿਲੂ ਤੋਂ ਆਪਣੇ ਤਜ਼ਰਬੇ ਬਿਆਨ ਕੀਤੇ। ਮਿਸਾਲ ਵਜੋਂ ਇੱਕ ਮਾਂ ਨੇ ਕਿਹਾ ਕਿ ਮੇਰੇ ਦੋ ਬੱਚੇ ਹਨ। ਇੱਕ ਬੇਟਾ ਅਤੇ ਇੱਕ ਬੇਟੀ। ਮੈਂ ਇੱਕ ਵਰਕਿੰਗ ਵੂਮਨ (working woman) ਹਾਂ। ਮੈਨੂੰ ਆਪਣੀ ਨੌਕਰੀ ਲਈ ਰੋਜ਼ਾਨਾ ਘਰ ਤੋਂ ਬਾਹਰ ਜਾਣਾ ਪੈਂਦਾ ਹੈ। ਜਦੋਂ ਮੈਂ ਬਾਹਰ ਜਾਂਦੀ ਹਾਂ ਤਾਂ ਆਪਣੇ ਬੱਚਿਆਂ ਨੂੰ ਸਖ਼ਤੀ ਨਾਲ ਇਹ ਕਹਿ ਕੇ ਜਾਂਦੀ ਹਾਂ ਕਿ ਵੇਖੋ, ਇਹ ਕਰਨਾ ਅਤੇ ਉਹ ਨਾ ਕਰਨਾ। ਫਿਰ ਉਸ ਨੇ ਹੱਸਦੇ ਹੋਏ ਕਿਹਾ ਕਿ ਮੇਰੀ ਬੇਟੀ ਕਹਿੰਦੀ ਹੈ— ਮੰਮੀ, ਤੁਸੀਂ ਤਾਂ ਹਿਟਲਰ ਹੋ।

ਇਹ ਗੱਲਬਾਤ ਟੈਲੀਫ਼ੋਨ ’ਤੇ ਹੋ ਰਹੀ ਸੀ। ਰੇਡੀਓ ਦੀ ਮਹਿਲਾ ਐਂਕਰ ਨੇ ਕਿਹਾ ਕਿ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਆਰਡਰ ਕਰਦੇ ਹੋ। ਉਕਤ ਮਹਿਲਾ ਨੇ ਤੁਰੰਤ ਕਿਹਾ ਕਿ ਨਹੀਂ ਨਹੀਂ, ਮੈਂ ਆਰਡਰ ਨਹੀਂ ਕਰਦੀ। ਉਕਤ ਮਹਿਲਾ ਨੇ ਆਪਣੇ ਬੱਚਿਆਂ ਦੇ ਬਾਰੇ ਵਿੱਚ ਜੋ ਗੱਲ ਕਹੀ, ਉਹ ਬਿਨਾਂ ਸ਼ੱਕ ਆਰਡਰ ਦੇਣ ਵਾਲੀ ਗੱਲ ਸੀ। ਇਸ ਦੀ ਪੁਸ਼ਟੀ ਖੁਦ ਉਸ ਦੀ ਆਪਣੀ ਬੇਟੀ ਦੇ ਟਿੱਪਣੀ (remark) ਤੋਂ ਹੁੰਦੀ ਹੈ। ਇਸ ਦੇ ਬਾਵਜੂਦ, ਉਕਤ ਮਹਿਲਾ ਨੇ ਕਿਹਾ ਕਿ ਨਹੀਂ ਨਹੀਂ। ਇਹੀ ਮੌਜੂਦਾ ਜ਼ਮਾਨੇ ਵਿੱਚ ਲਗਭਗ ਤਮਾਮ

ਔਰਤਾਂ ਅਤੇ ਮਰਦਾਂ ਦਾ ਹਾਲ ਹੈ। ਉਹ ਇੱਕ ਗੱਲ ਕਹਿਣਗੇ ਅਤੇ ਜਦੋਂ ਉਨ੍ਹਾਂ ਤੋਂ ਹੋਰ ਪੁੱਛਿਆ ਜਾਵੇ ਤਾਂ ਉਹ ਫ਼ੌਰਨ ਸ਼ਬਦ ਬਦਲ ਕੇ ਕਹਿ ਦੇਣਗੇ ਕਿ ਨਹੀਂ, ਮੇਰਾ ਇਹ ਮਤਲਬ ਨਹੀਂ। ਇਹ ਵੀ ਝੂਠ ਦੀ ਇੱਕ ਕਿਸਮ ਹੈ। ਆਮ ਝੂਠ ਜੇਕਰ ਖੁੱਲ੍ਹਾ ਹੋਇਆ ਝੂਠ ਹੁੰਦਾ ਹੈ ਤਾਂ ਇਹ ਝੂਠ ਇੱਕ ਛੁਪਿਆ ਹੋਇਆ ਝੂਠ (ਕਿਜ਼ਬੇ ਖ਼ਫ਼ੀ) ਹੈ। ਇਸ ਕਿਸਮ ਦਾ ਝੂਠ ਕਿਸੇ ਇਨਸਾਨ ਲਈ ਬੇਹੱਦ ਤਬਾਹਕੁੰਨ ਹੈ। ਉਹ ਆਦਮੀ ਦੇ ਅੰਦਰ ਕਮਜ਼ੋਰ ਸ਼ਖ਼ਸੀਅਤ (weak personality) ਪੈਦਾ ਕਰਦਾ ਹੈ।

ਜਿਨ੍ਹਾਂ ਲੋਕਾਂ ਦੇ ਅੰਦਰ ਕਮਜ਼ੋਰ ਸ਼ਖ਼ਸੀਅਤ ਹੋਵੇ, ਉਹਨਾਂ ਦਾ ਜ਼ਿਹਨੀ ਵਿਕਾਸ ਨਹੀਂ ਹੋ ਸਕਦਾ। ਅਜਿਹੇ ਲੋਕਾਂ ਦੇ ਅੰਦਰ ਜੰਨਤੀ ਸ਼ਖ਼ਸੀਅਤ ਦੀ ਉਸਾਰੀ ਨਹੀਂ ਹੋ ਸਕਦੀ। ਆਖਿਰਤ ਦੀ ਦੁਨੀਆ ਵਿੱਚ ਅਜਿਹੇ ਕਮਜ਼ੋਰ ਸ਼ਖ਼ਸੀਅਤ ਵਾਲੇ ਲੋਕ, ਖ਼ੁਦਾ ਦੇ ਗੁਆਂਢ ਵਿੱਚ ਜਗ੍ਹਾ ਪਾਉਣ ਤੋਂ ਵਾਂਝੇ ਰਹਿਣਗੇ। ਖੁੱਲ੍ਹਾ ਹੋਇਆ ਝੂਠ ਜੇਕਰ ਹਰਾਮ ਹੈ, ਤਾਂ ਛੁਪਿਆ ਹੋਇਆ ਝੂਠ ਇਨਸਾਨੀ ਸ਼ਖ਼ਸੀਅਤ ਲਈ ਘਾਤਕ ਹੈ।

# ਔਲਾਦ ਤੋਂ ਸਿੱਖਿਆ

ਇੱਕ ਸਾਹਿਬ ਸਿਗਰਟ ਦੇ ਆਦੀ ਸਨ ਅਤੇ ਰੋਜ਼ਾਨਾ ਤਿੰਨ ਪੈਕਟ ਪੀ ਜਾਂਦੇ ਸਨ। "ਸਿਗਰਟ ਪੀਣਾ ਸਿਹਤ ਲਈ ਹਾਨੀਕਾਰਕ ਹੈ", "ਸਿਗਰਟ ਪੀਣਾ ਆਪਣੇ ਕਮਾਏ ਹੋਏ ਪੈਸਿਆਂ ਨੂੰ ਅੱਗ ਲਗਾਉਣਾ ਹੈ"— ਇਸ ਕਿਸਮ ਦੀ ਕੋਈ ਵੀ ਦਲੀਲ ਉਨ੍ਹਾਂ ਨੂੰ ਸਿਗਰਟ ਛੱਡਣ ਲਈ ਤਿਆਰ ਨਹੀਂ ਕਰ ਸਕਦੀ ਸੀ। ਇੱਥੋਂ ਤੱਕ ਕਿ ਉਹ ਆਪਣੇ ਦੋਸਤਾਂ ਨੂੰ ਵੀ ਜ਼ੋਰ ਪਾ ਕੇ ਪਿਲਾਉਂਦੇ ਸਨ। ਚਾਹ ਪੀਣ ਤੋਂ ਬਾਅਦ ਉਹ ਸਿਗਰਟ ਦਾ ਕਸ਼ ਲੈਣ ਨੂੰ ਇੰਨਾ ਜ਼ਰੂਰੀ ਸਮਝਦੇ ਸਨ ਕਿ ਉਹ ਆਪਣੇ ਦੋਸਤਾਂ ਨੂੰ ਕਹਿੰਦੇ, "ਜੋ ਆਦਮੀ ਚਾਹ ਪੀ ਕੇ ਸਿਗਰਟ ਨਾ ਪੀਏ, ਉਸ ਨੂੰ ਚਾਹ ਪੀਣ ਦਾ ਹੱਕ ਨਹੀਂ।"

ਮਗਰ ਇੱਕ ਛੋਟੇ ਜਿਹੇ ਵਾਕਿਆ ਨੇ ਉਨ੍ਹਾਂ ਦੀ ਮਨਪਸੰਦ ਸਿਗਰਟ ਉਨ੍ਹਾਂ

ਤੋਂ ਛੁਡਵਾ ਦਿੱਤੀ। ਸਿਗਰਟ ਦੇ ਟੁਕੜੇ ਜੋ ਉਹ ਪੀਣ ਤੋਂ ਬਾਅਦ ਸੁੱਟ ਦਿੰਦੇ ਸਨ, ਉਨ੍ਹਾਂ ਨੂੰ ਉਨ੍ਹਾਂ ਦਾ ਤਿੰਨ ਸਾਲਾ ਬੱਚਾ ਫਾਰੂਕ ਕੈਸਰ ਉਠਾ ਲੈਂਦਾ ਅਤੇ ਮੂੰਹ ਵਿੱਚ ਲਗਾ ਕੇ ਪੀਂਦਾ। ਮਲਿਕ ਅਬਦੁਲ ਸ਼ਕੂਰ ਸਾਹਿਬ ਉਸ ਨੂੰ ਮਨ੍ਹਾ ਕਰਦੇ ਪਰ ਉਹ ਨਾ ਮੰਨਦਾ। ਇੱਕ ਦਿਨ ਅਜਿਹਾ ਹੋਇਆ ਕਿ ਬੱਚੇ ਦੀ ਮਾਂ ਨੇ ਸਖ਼ਤੀ ਨਾਲ ਬੱਚੇ ਨੂੰ ਮਨ੍ਹਾ ਕੀਤਾ ਤਾਂ ਬੱਚੇ ਨੇ ਕਿਹਾ: "ਅੱਬਾ ਵੀ ਤਾਂ ਪੀਂਦੇ ਹਨ।" ਮਲਿਕ ਅਬਦੁਲ ਸ਼ਕੂਰ ਸਾਹਿਬ ਨੇ ਬੱਚੇ ਦੀ ਜ਼ਬਾਨ ਤੋਂ ਇਹ ਸੁਣਿਆ ਤਾਂ ਉਨ੍ਹਾਂ ਨੂੰ ਜ਼ੋਰਦਾਰ ਝਟਕਾ ਲੱਗਾ। ਭਾਵੇਂ ਉਹ ਦੋਸਤਾਂ ਦੇ ਸਾਹਮਣੇ ਆਪਣੀ ਸਿਗਰਟਨੋਸ਼ੀ ਦੀਆਂ ਸਿਫ਼ਤਾਂ ਕਰਦੇ ਸਨ, ਪਰ ਉਨ੍ਹਾਂ ਦਾ ਦਿਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਿਗਰਟ ਪੀਣਾ ਇੱਕ ਬੁਰੀ ਆਦਤ ਹੈ ਜਿਸ ਦਾ ਅੰਤ ਨਾ ਸਿਰਫ਼ ਸਿਹਤ ਅਤੇ ਪੈਸੇ ਦੀ ਬਰਬਾਦੀ ਹੈ, ਬਲਕਿ ਉਹ ਅਖ਼ਲਾਕ ਨੂੰ ਵੀ ਵਿਗਾੜਨ ਵਾਲਾ ਹੈ। ਜਦੋਂ ਕੋਈ ਸ਼ਖ਼ਸ ਉਨ੍ਹਾਂ ਨੂੰ ਸਿਗਰਟ ਛੱਡਣ ਲਈ ਕਹਿੰਦਾ ਤਾਂ ਉਹ ਇਸ ਦੇ ਉਲਟ ਜ਼ਬਾਨੀ ਦਲੀਲਾਂ ਦੇ ਅੰਬਾਰ ਲਗਾ ਦਿੰਦੇ।

ਪਰ ਉਨ੍ਹਾਂ ਦਲੀਲਾਂ ਦੀ ਹਕੀਕਤ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਸੀ ਕਿ ਉਹ ਆਪਣੇ ਇੱਕ "ਨਸ਼ੇ" ਨੂੰ ਛੱਡਣ ਲਈ ਤਿਆਰ ਨਹੀਂ ਸਨ, ਅਤੇ ਇਸ ਲਈ ਵੀ ਤਿਆਰ ਨਹੀਂ ਸਨ ਕਿ ਆਪਣੀ ਗਲਤੀ ਨੂੰ ਮੰਨ ਲੈਣ। ਇਸ ਲਈ ਉਹ ਲਫ਼ਜ਼ੀ ਦਲੀਲਾਂ ਦੇ ਸਹਾਰੇ ਆਪਣੇ ਆਪ ਨੂੰ ਸਹੀ ਸਾਬਤ ਕਰਦੇ ਰਹਿੰਦੇ ਸਨ। ਉਹ ਇਸ ਦੀ ਲੋੜ ਹੀ ਨਹੀਂ ਸਮਝਦੇ ਸਨ ਕਿ ਸਿਗਰਟ ਦੇ ਖਿਲਾਫ਼ ਕਿਸੇ ਦਲੀਲ 'ਤੇ ਗੰਭੀਰਤਾ ਨਾਲ ਵਿਚਾਰ ਕਰਨ।

ਮਗਰ ਜਦੋਂ ਸਿਗਰਟ ਦਾ ਸਵਾਲ ਬੱਚੇ ਦੀ ਜ਼ਿੰਦਗੀ ਦਾ ਸਵਾਲ ਬਣ ਗਿਆ ਤਾਂ ਉਹ ਅਚਾਨਕ ਗੰਭੀਰ ਹੋ ਗਏ। ਉਨ੍ਹਾਂ ਦੇ ਜ਼ਿਹਨ ਤੋਂ ਉਹ ਤਮਾਮ ਪਰਦੇ ਹਟ ਗਏ ਜਿਨ੍ਹਾਂ ਨੇ ਇੱਕ ਸਾਧਾਰਨ ਜਿਹੀ ਹਕੀਕਤ ਨੂੰ ਸਮਝਣਾ ਉਨ੍ਹਾਂ ਲਈ ਅਸੰਭਵ ਬਣਾ ਦਿੱਤਾ ਸੀ। ਜੋ ਸ਼ਖ਼ਸ ਮਜ਼ਬੂਤ ਦਲੀਲਾਂ ਦੇ ਅੱਗੇ ਹਥਿਆਰ ਸੁੱਟਣ ਲਈ ਤਿਆਰ ਨਹੀਂ ਹੁੰਦਾ ਸੀ, ਉਹ ਇੱਕ ਬੱਚੇ ਦੇ ਕਮਜ਼ੋਰ ਸ਼ਬਦਾਂ ਅੱਗੇ ਬਿਲਕੁਲ ਢੇਰ ਹੋ ਗਿਆ। "ਜੇਕਰ ਮੈਂ ਖੁਦ ਸਿਗਰਟ ਪੀ ਰਿਹਾ ਹਾਂ ਤਾਂ ਮੈਂ ਆਪਣੇ ਬੱਚੇ ਨੂੰ ਸਿਗਰਟ ਪੀਣ ਤੋਂ ਬਾਜ਼ ਨਹੀਂ ਰੱਖ ਸਕਦਾ"— ਉਨ੍ਹਾਂ ਨੇ ਸੋਚਿਆ, ਬੱਚੇ ਦਾ ਇਹ ਕਹਿਣਾ ਕਿ "ਅੱਬਾ ਵੀ ਤਾਂ ਪੀਂਦੇ ਹਨ" ਉਨ੍ਹਾਂ ਲਈ ਇੱਕ ਅਜਿਹਾ ਹਥੌੜਾ ਬਣ ਗਿਆ ਜਿਸ ਦੀ ਸੱਟ ਨੂੰ ਬਰਦਾਸ਼ਤ ਕਰਨ ਦੀ ਤਾਕਤ ਉਨ੍ਹਾਂ ਦੇ ਅੰਦਰ

ਨਹੀਂ ਸੀ। ਬੱਚੇ ਦੀ ਜ਼ਬਾਨ ਤੋਂ ਇਹ ਸ਼ਬਦ ਸੁਣ ਕੇ ਉਨ੍ਹਾਂ ਨੂੰ ਸਖ਼ਤ ਝਟਕਾ ਲੱਗਾ। ਉਨ੍ਹਾਂ ਨੇ ਉਸੇ ਪਲ ਅੰਦਰੂਨੀ ਤੌਰ 'ਤੇ ਉਹ ਫੈਸਲਾ ਕਰ ਲਿਆ ਜਿਸ ਲਈ ਉਨ੍ਹਾਂ ਦੇ ਦੋਸਤਾਂ ਦੀ ਮਹੀਨਿਆਂ ਅਤੇ ਸਾਲਾਂ ਦੀ ਕੋਸ਼ਿਸ਼ ਵੀ ਨਾਕਾਫ਼ੀ ਸਾਬਤ ਹੋਈ ਸੀ। ਇਹ ਰਮਜ਼ਾਨ ਦਾ ਮਹੀਨਾ ਸੀ। ਉਨ੍ਹਾਂ ਨੇ ਤੈਅ ਕਰ ਲਿਆ ਕਿ ਉਹ ਸਿਗਰਟ ਪੀਣੀ ਬਿਲਕੁਲ ਛੱਡ ਦੇਣਗੇ। ਉਨ੍ਹਾਂ ਨੇ ਨਾ ਸਿਰਫ਼ ਅਗਲੇ ਦਿਨ ਸਿਗਰਟ ਨਹੀਂ ਪੀਤੀ ਸਗੋਂ ਪੱਕੇ ਤੌਰ 'ਤੇ ਸਿਗਰਟਨੋਸ਼ੀ ਤਿਆਗ ਦਿੱਤੀ।

ਉਨ੍ਹਾਂ ਨੂੰ ਸਿਗਰਟ ਨਾਲ ਮੁਹੱਬਤ ਸੀ। ਮਗਰ ਬੇਟੇ ਨਾਲ ਉਸ ਤੋਂ ਵੀ ਜ਼ਿਆਦਾ ਮੁਹੱਬਤ ਸੀ। ਉਨ੍ਹਾਂ ਨੇ ਬੇਟੇ ਦੀ ਖਾਤਰ ਸਿਗਰਟ ਨੂੰ ਛੱਡ ਦਿੱਤਾ। ਇਸੇ ਤਰ੍ਹਾਂ ਹਰ ਆਦਮੀ ਨੂੰ ਆਪਣੇ ਹਿੱਤਾਂ ਅਤੇ ਮਸਲਿਆਂ ਨਾਲ ਮੁਹੱਬਤ ਹੁੰਦੀ ਹੈ। ਇਸਲਾਮ ਇਹ ਹੈ ਕਿ ਖ਼ੁਦਾ ਦੀ ਮੁਹੱਬਤ ਇੰਨੀ ਵੱਧ ਜਾਵੇ ਕਿ ਉਸ ਦੀ ਖਾਤਰ ਆਦਮੀ ਦੁਨੀਆ ਦੇ ਹਿੱਤਾਂ ਅਤੇ ਮਸਲਿਆਂ ਨੂੰ ਕੁਰਬਾਨ ਕਰ ਦੇਵੇ।

ਅਮਰੀਕਾ ਵਿੱਚ ਰਹਿਣ ਵਾਲੇ ਇੱਕ ਮੁਸਲਮਾਨ ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਕਿਹਾ ਕਿ ਆਪਣੇ ਬੱਚਿਆਂ ਦੇ ਬਾਰੇ ਵਿੱਚ ਸਾਨੂੰ ਇਹ ਫ਼ਿਕਰ ਰਹਿੰਦੀ ਹੈ ਕਿ ਸਾਡੇ ਤੋਂ ਬਾਅਦ ਦੀਨੀ ਇਤਬਾਰ ਨਾਲ ਇਨ੍ਹਾਂ ਬੱਚਿਆਂ ਦਾ ਕੀ ਹਾਲ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਸਾਡੇ ਬੱਚੇ ਸੈਕੂਲਰ ਸਕੂਲਾਂ ਵਿੱਚ ਪੜ੍ਹਦੇ ਹਨ। ਅਲਬੱਤਾ ਅਸੀਂ ਆਪਣੇ ਘਰ ਵਿੱਚ ਹੀ ਬੱਚਿਆਂ ਦੀ ਦੀਨੀ ਸਿਖਲਾਈ (ਤਰਬੀਅਤ) ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਮਰੀਕਾ ਵਿੱਚ ਇਸ ਨੂੰ ਹੋਮ ਸਕੂਲਿੰਗ (home schooling) ਕਿਹਾ ਜਾਂਦਾ ਹੈ। ਮੈਂ ਕਿਹਾ ਕਿ ਜਦੋਂ ਤੁਸੀਂ ਅਮਰੀਕਾ ਵਿੱਚ ਰਹਿਣ ਦਾ ਫੈਸਲਾ ਕੀਤਾ ਤਾਂ ਤੁਹਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਤੁਸੀਂ ਇੱਥੋਂ ਦੇ ਕਲਚਰ ਤੋਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਨਹੀਂ ਰੱਖ ਸਕਦੇ। ਇਸ ਸਭਿਆਚਾਰਕ ਹੜ੍ਹ ਦਾ ਮੁਕਾਬਲਾ ਹੋਮ ਸਕੂਲਿੰਗ ਦੇ ਜ਼ਰੀਏ ਕਰਨਾ ਇੰਝ ਹੀ ਹੈ ਜਿਵੇਂ ਕਾਗਜ਼ ਦੀ ਦੀਵਾਰ ਨਾਲ ਪਾਣੀ ਦੇ ਹੜ੍ਹ ਦਾ ਮੁਕਾਬਲਾ ਕਰਨਾ। ਤਜ਼ਰਬਾ ਦੱਸਦਾ ਹੈ ਕਿ ਸ਼ਾਇਦ ਕੋਈ ਇੱਕ ਬੱਚਾ ਵੀ ਅਜਿਹਾ ਨਹੀਂ ਹੈ ਜਿਸ ਦੀ ਮਿਸਾਲ ਦੇ ਕੇ ਇਹ ਕਿਹਾ ਜਾ ਸਕੇ ਕਿ ਹੋਮ ਸਕੂਲਿੰਗ ਦਾ ਤਰੀਕਾ ਆਪਣੇ ਮਿੱਥੇ ਹੋਏ ਨਿਸ਼ਾਨੇ ਨੂੰ ਹਾਸਲ ਕਰਨ ਵਿੱਚ ਕਾਮਯਾਬ ਰਿਹਾ ਹੈ। ਅਜਿਹੀ ਹਾਲਤ ਵਿੱਚ ਸਹੀ ਤਰੀਕਾ ਇਹ ਹੈ ਕਿ ਇੱਕ ਪਾਸੇ ਘਰ ਦੇ ਮਾਹੌਲ ਨੂੰ ਬਦਲਿਆ ਜਾਵੇ, ਅਤੇ ਦੂਜੇ ਪਾਸੇ ਬੱਚਿਆਂ ਦੇ ਅੰਦਰ ਦਾਅਵਤੀ ਜ਼ਿਹਨ ਪੈਦਾ ਕੀਤਾ ਜਾਵੇ। ਘਰ ਵਿੱਚ

ਸਾਦਗੀ (simplicity) ਅਤੇ ਬੱਚਿਆਂ ਦੇ ਅੰਦਰ ਦਾਅਵਤੀ ਜ਼ਿਹਨ ਪੈਦਾ ਕੀਤੇ ਬਿਨਾਂ ਇਸ ਸਭਿਆਚਾਰਕ ਹੜ੍ਹ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਹੈ।

# ਮਹਿਰੂਮੀ ਇੱਕ ਨਿਆਮਤ

ਮਈ 2000 ਵਿੱਚ ਮੈਂ ਬਿਹਾਰ ਦਾ ਸਫਰ ਕੀਤਾ। ਇਸ ਸਫਰ ਵਿੱਚ ਮੈਨੂੰ ਬੇਤੀਆ (ਬਿਹਾਰ) ਦਾ ਯਤੀਮਖਾਨਾ ਵੇਖਣ ਦਾ ਮੌਕਾ ਮਿਲਿਆ। ਇਹ ਯਤੀਮਖਾਨਾ 1928 ਤੋਂ ਕਾਇਮ ਹੈ। ਹਕੀਕਤ ਇਹ ਹੈ ਕਿ ਕਿਸੇ ਬੱਚੇ ਜਾਂ ਬੱਚੀ ਦਾ ਯਤੀਮ ਹੋਣਾ ਕੋਈ ਬੁਰਾਈ ਨਹੀਂ। ਇਹ ਇੱਕ ਨਿਆਮਤ ਹੈ ਜੋ ਕੁਦਰਤ ਵੱਲੋਂ ਕਿਸੇ ਨੂੰ ਦਿੱਤੀ ਜਾਂਦੀ ਹੈ। ਜੇਕਰ ਯਤੀਮ ਹੋਣਾ ਨਿਆਮਤ ਨਾ ਹੁੰਦਾ ਤਾਂ ਅੱਲ੍ਹਾ ਤਆਲਾ ਪੈਗੰਬਰ-ਏ-ਇਸਲਾਮ ਲਈ ਯਤੀਮੀ ਦੀ ਚੋਣ ਨਾ ਫਰਮਾਉਂਦੇ। ਯਤੀਮ ਹੋਣਾ ਕਿਸੇ ਬੱਚੇ ਜਾਂ ਬੱਚੀ ਲਈ ਕੁਦਰਤ ਵੱਲੋਂ ਇੱਕ ਖੁਸ਼ਖਬਰੀ ਹੈ। ਇਸ ਗੱਲ ਦੀ ਖੁਸ਼ਖਬਰੀ ਕਿ ਤੁਹਾਨੂੰ ਜ਼ਿੰਦਗੀ ਦੇ ਸਫਰ ਲਈ ਉਹ ਕੋਰਸ ਦਿੱਤਾ ਗਿਆ ਹੈ ਜੋ ਉਸ ਇਨਸਾਨ ਨੂੰ ਦਿੱਤਾ ਗਿਆ ਸੀ ਜਿਸ ਬਾਰੇ ਨਾ ਸਿਰਫ਼ ਮੁਸਲਮਾਨ ਬਲਕਿ ਗ਼ੈਰ-ਮੁਸਲਮਾਨ ਲੋਕ ਵੀ ਇਸ ਗੱਲ ਦੀ ਗਵਾਹੀ ਦੇ ਰਹੇ ਹਨ ਕਿ ਆਪ ਸੱਲੱਲ੍ਹਾਹੁ ਅਲੈਹਿ ਵਸੱਲਮ ਤਾਰੀਖ-ਏ-ਇਨਸਾਨੀ ਦੇ ਸਭ ਤੋਂ ਵੱਧ ਕਾਮਯਾਬ ਇਨਸਾਨ ਸਨ।

ਯਤੀਮ ਬੱਚੇ ਜਾਂ ਬੱਚੀ ਨੂੰ ਪੈਦਾ ਹੋਣ ਤੋਂ ਬਾਅਦ ਦੁਨੀਆ ਵਿੱਚ ਆਪਣੀ ਫ਼ਿਤਰਤੀ ਸਮਰੱਥਾ ਨੂੰ ਵਰਤੋਂ ਵਿੱਚ ਲਿਆਉਣ ਲਈ ਹੋਰ ਕੀ ਚੀਜ਼ ਮਿਲਣੀ ਚਾਹੀਦੀ ਹੈ, ਇਸ ਦਾ ਇਸ਼ਾਰਾ ਇਸ ਕੁਰਆਨੀ ਆਇਤ ਵਿੱਚ ਮਿਲਦਾ ਹੈ: ਅਲਮ ਯਜਿਦਕਾ ਯਤੀਮਨ ਫ਼ਆਵਾ (93:6)। ਯਾਨੀ, ਕੀ ਅੱਲ੍ਹਾ ਨੇ ਤੁਹਾਨੂੰ ਯਤੀਮ ਨਹੀਂ ਬਣਾਇਆ? ਫਿਰ ਉਸ ਨੇ ਤੁਹਾਨੂੰ ਟਿਕਾਣਾ ਦਿੱਤਾ। ਆਪਣੇ ਜੀਵਨ ਦੇ ਆਗਾਜ਼ ਵਿੱਚ ਆਪਣੀ ਜ਼ਿੰਦਗੀ ਦੀ ਉਸਾਰੀ ਲਈ ਇੱਕ ਟਿਕਾਣਾ ਮਿਲ ਗਿਆ। ਮੈਂ ਸਮਝਦਾ ਹਾਂ ਕਿ ਇਹ ਯਤੀਮਖਾਨਾ ਅਤੇ ਇਸੇ ਤਰ੍ਹਾਂ ਤਮਾਮ ਯਤੀਮਖਾਨੇ ਇਸ ਆਇਤ ਦੀ ਅਮਲੀ ਵਿਆਖਿਆ ਹਨ। ਉਹ ਯਤੀਮਾਂ ਨੂੰ

ਟਿਕਾਣਾ ਮੁਹੱਈਆ ਕਰਦੇ ਹਨ। ਇਸ ਤਰ੍ਹਾਂ ਦੇ ਕੰਮ ਨੂੰ ਮੈਂ ਆਪਣੀ ਜ਼ਬਾਨ ਵਿੱਚ ਰੱਬੀ ਯੋਜਨਾ ਸਮਝਦਾ ਹਾਂ।

ਇੱਕ ਸਾਹਿਬ ਨੇ ਆਪਣਾ ਕਿੱਸਾ ਸੁਣਾਉਂਦਿਆਂ ਕਿਹਾ ਕਿ ਮੈਂ ਬਚਪਨ ਵਿੱਚ ਯਤੀਮ ਹੋ ਗਿਆ ਸੀ। ਮੇਰੇ ਰਿਸ਼ਤੇਦਾਰਾਂ ਨੇ ਮੈਨੂੰ ਯਤੀਮਖਾਨੇ ਵਿੱਚ ਦਾਖਲ ਕਰ ਦਿੱਤਾ। ਮੇਰੇ ਨਾਲ ਦੋ ਹੋਰ ਯਤੀਮ ਬੱਚੇ ਸਨ। ਅਸੀਂ ਤਿੰਨਾਂ ਨੇ ਯਤੀਮ ਬੱਚਿਆਂ ਦੀ ਹੈਸੀਅਤ ਵਿੱਚ ਯਤੀਮਖਾਨੇ ਵਿੱਚ ਪਰਵਰਿਸ਼ ਪ੍ਰਾਪਤ ਕੀਤੀ। ਉਸ ਵਕਤ ਜ਼ਾਹਿਰੀ ਤੌਰ ’ਤੇ ਸਾਡਾ ਕੋਈ ਭਵਿੱਖ ਨਹੀਂ ਸੀ। ਮਗਰ ਅੱਜ ਅਸੀਂ ਤਿੰਨੋਂ ਅੱਲ੍ਹਾ ਦੇ ਫ਼ਜ਼ਲ ਨਾਲ ਕਾਮਯਾਬ ਜ਼ਿੰਦਗੀ ਗੁਜ਼ਾਰ ਰਹੇ ਹਾਂ। ਮੈਂ ਕਿਹਾ ਕਿ ਇਹ ਤੁਹਾਡੇ ਉਸੇ ਯਤੀਮ ਹੋਣ ਦਾ ਨਤੀਜਾ ਹੈ। ਯਤੀਮੀ ਦੀ ਹਾਲਤ ਬਿਹਤਰੀਨ ਹਾਲਤ ਹੈ। ਯਤੀਮੀ ਆਦਮੀ ਦੇ ਅੰਦਰ ਆਤਮ-ਗਿਆਨ ਪੈਦਾ ਕਰਦੀ ਹੈ। ਉਹ ਆਦਮੀ ਦੇ ਅੰਦਰ ਆਤਮ-ਨਿਰਭਰ ਬਣਨ ਦਾ ਜਜ਼ਬਾ ਉਭਾਰਦੀ ਹੈ।

ਯਤੀਮ ਆਦਮੀ ਸਮਝਦਾ ਹੈ ਕਿ ਮੇਰਾ ਕੋਈ ਸਹਾਰਾ ਨਹੀਂ, ਇਸ ਲਈ ਮੈਨੂੰ ਖੁਦ ਹੀ ਸਾਰਾ ਅਮਲ ਕਰਨਾ ਹੈ। ਇਸ ਤਰ੍ਹਾਂ ਉਹ ਦੂਜਿਆਂ ਨਾਲੋਂ ਜ਼ਿਆਦਾ ਮਿਹਨਤ ਕਰਨ ਲੱਗਦਾ ਹੈ। ਯਤੀਮੀ ਦੇ ਹਾਲਾਤ ਆਦਮੀ ਨੂੰ ਹੀਰੋ ਬਣਾ ਦਿੰਦੇ ਹਨ।

# ਡਿਫ਼ਰੈਂਟਲੀ ਏਬਲਡ ਪਰਸਨ

ਅਕਤੂਬਰ 2000 ਵਿੱਚ ਮੈਂ ਭੋਪਾਲ ਦਾ ਸਫਰ ਕੀਤਾ। ਇਸ ਦੌਰਾਨ ਮੈਂ ਜੋ ਚੀਜ਼ਾਂ ਦੇਖੀਆਂ, ਉਨ੍ਹਾਂ ਵਿੱਚੋਂ ਇੱਕ ਭਲਾਈ ਸੰਸਥਾ ਵੀ ਸੀ, ਜੋ ਡਿਫ਼ਰੈਂਟਲੀ ਏਬਲਡ ਬੱਚਿਆਂ ਲਈ ਕਾਇਮ ਕੀਤੀ ਗਈ ਸੀ। ਇਸ ਦਾ ਨਾਮ ਸ਼ੁਭਮ ਵਿਕਲਾਂਗ ਸੇਵਾ ਸਮਿਤੀ ਹੈ। ਇਹ ਸੰਸਥਾ 1980 ਵਿੱਚ ਕਾਇਮ ਹੋਈ ਹੈ। ਮੈਂ ਉਨ੍ਹਾਂ ਬੱਚਿਆਂ ਨੂੰ ਦੇਖਿਆ ਜਿਨ੍ਹਾਂ ਦੀ ਗਿਣਤੀ 63 ਹੈ, ਇਨ੍ਹਾਂ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਬੱਚੇ ਸ਼ਾਮਲ ਹਨ। ਮੈਂ ਕਈ ਬੱਚਿਆਂ ਨਾਲ ਗੱਲਬਾਤ ਕੀਤੀ ਜਿਸ ਵਿੱਚੋਂ ਦੋ ਬੱਚਿਆਂ ਨਾਲ ਹੋਈ ਗੱਲ ਇੱਥੇ ਨਕਲ ਕੀਤੀ ਜਾਂਦੀ ਹੈ।

ਸੰਤੋਸ਼ ਚੌਰਸੀਆ (ਉਮਰ 14 ਸਾਲ) ਤੋਂ ਮੈਂ ਪੁੱਛਿਆ ਕਿ ਤੁਸੀਂ ਇੱਥੇ ਕੀ ਕਰਦੇ ਹੋ? ਉਨ੍ਹਾਂ ਨੇ ਕਿਹਾ ਕਿ ਪੜ੍ਹਦੇ ਹਾਂ। ਮੈਂ ਪੁੱਛਿਆ ਕਿ ਤੁਸੀਂ ਕੀ ਸੋਚਦੇ ਹੋ? ਉਨ੍ਹਾਂ ਨੇ ਜਵਾਬ ਦਿੱਤਾ ਕਿ ਪੜ੍ਹ-ਲਿਖ ਕੇ ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋਵਾਂਗਾ। ਇੱਕ ਬੱਚਾ ਜਿਸ ਨੇ ਆਪਣਾ ਨਾਮ ਸ਼ੰਕਰ ਸ਼ਰਮਾ (ਉਮਰ 12 ਸਾਲ) ਦੱਸਿਆ। ਉਹ ਵੀ ਆਪਣੇ ਦੋਵਾਂ ਪੈਰਾਂ ਤੋਂ ਅਪਾਹਜ ਸੀ। ਮੈਂ ਪੁੱਛਿਆ ਕਿ ਤੁਸੀਂ ਪੜ੍ਹਨ ਤੋਂ ਬਾਅਦ ਕੀ ਕਰੋਗੇ? ਉਸ ਨੇ ਜਵਾਬ ਦਿੱਤਾ ਕਿ ਮੈਂ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਚਾਹੁੰਦਾ ਹਾਂ। ਇਹ ਗੱਲ ਉਹ ਬੱਚੇ ਕਹਿ ਰਹੇ ਸਨ ਜੋ ਆਪਣੇ ਦੋਵਾਂ ਪੈਰਾਂ ਤੋਂ ਅਪਾਹਜ ਸਨ ਅਤੇ ਸਰੀਰਕ ਤੌਰ 'ਤੇ ਖੜ੍ਹੇ ਨਹੀਂ ਹੋ ਸਕਦੇ ਸਨ। ਮੈਂ ਸੋਚਿਆ ਕਿ ਗਿਆਨ ਵਿੱਚ ਕਿੰਨੀ ਅਜੀਬ ਤਾਕਤ ਹੈ। ਗਿਆਨ ਆਦਮੀ ਨੂੰ ਇਸ ਹੱਦ ਤੱਕ ਜਾਗਰੂਕ ਬਣਾ ਦਿੰਦਾ ਹੈ ਕਿ ਉਹ ਸਰੀਰਕ ਤੌਰ 'ਤੇ ਕਮਜ਼ੋਰ ਹੁੰਦੇ ਹੋਏ ਵੀ ਮਾਨਸਿਕ ਤੌਰ 'ਤੇ ਇੰਨਾ ਤਾਕਤਵਰ ਹੋ ਜਾਂਦਾ ਹੈ ਕਿ ਉਸ ਦੀ ਸਰੀਰਕ ਕਮਜ਼ੋਰੀ ਤਰੱਕੀ ਦੇ ਰਾਹ ਵਿੱਚ ਰੁਕਾਵਟ ਨਹੀਂ ਬਣ ਸਕਦੀ।

ਵੱਡੀ ਗੱਲ ਇਹ ਕਿ ਮੌਜੂਦਾ ਜ਼ਮਾਨੇ ਵਿੱਚ ਇਹ ਗੱਲ ਖੋਜ (research) ਤੋਂ ਸਾਬਤ ਹੋ ਗਈ ਹੈ ਕਿ ਕੋਈ ਵੀ ਸ਼ਖ਼ਸ ਪੂਰਨ ਰੂਪ ਵਿੱਚ ਤਾਕਤਵਰ ਜਾਂ ਕਮਜ਼ੋਰ ਨਹੀਂ ਹੁੰਦਾ। ਇਸੇ ਲਈ ਪਹਿਲਾਂ ਅਪਾਹਜਾਂ ਲਈ ਡਿਸੇਬਲਡ (disabled) ਸ਼ਬਦ ਵਰਤਿਆ ਜਾਂਦਾ ਸੀ। ਮਗਰ ਹੁਣ ਇਹ ਸ਼ਬਦ ਪੁਰਾਣਾ ਹੋ ਗਿਆ ਹੈ। ਹੁਣ ਅਜਿਹੇ ਵਿਅਕਤੀਆਂ ਨੂੰ ਡਿਫ਼ਰੈਂਟਲੀ ਏਬਲਡ (differently abled) ਕਿਹਾ ਜਾਂਦਾ ਹੈ। ਯਾਨੀ ਇੱਕ ਪੱਖ ਤੋਂ ਅਪਾਹਜ ਅਤੇ ਦੂਜੇ ਪੱਖ ਤੋਂ ਤਾਕਤਵਰ।

## ਹੱਕ ਪੈਦਾ ਕਰੋ

ਏ.ਐਮ.ਏ ਖਾਨ ਹਾਇਰ ਸੈਕੰਡਰੀ ਦੇ ਇਮਤਿਹਾਨ ਵਿੱਚ ਚੰਗੇ ਨੰਬਰਾਂ ਨਾਲ ਪਾਸ ਹੋਏ ਸਨ। ਪਰ ਕਿਸੇ ਵਜ੍ਹਾ ਕਰਕੇ ਉਹ ਵੇਲੇ ਸਿਰ ਅੱਗੇ ਦਾਖਲਾ ਨਾ ਲੈ ਸਕੇ। ਇੱਥੋਂ ਤੱਕ ਕਿ ਅਕਤੂਬਰ ਦਾ ਮਹੀਨਾ ਆ ਗਿਆ। ਹੁਣ ਉੱਪਰੋਂ ਵੇਖਣ ਨੂੰ ਕਿਤੇ

ਵੀ ਦਾਖਲਾ ਮਿਲਣ ਦੀ ਕੋਈ ਉਮੀਦ ਨਹੀਂ ਸੀ। ਪਰ ਪੜ੍ਹਨ ਦਾ ਚਾਅ ਉਹਨਾਂ ਨੂੰ ਹਿੰਦੂ ਸਾਇੰਸ ਕਾਲਜ ਦੇ ਪ੍ਰਿੰਸੀਪਲ ਦੇ ਦਫ਼ਤਰ ਲੈ ਗਿਆ।

- "ਜਨਾਬ, ਮੈਂ ਬੀ.ਐਸਸੀ ਵਿੱਚ ਦਾਖਲਾ ਲੈਣਾ ਚਾਹੁੰਦਾ ਹਾਂ," ਉਹਨਾਂ ਨੇ ਹਿੰਦੂ ਪ੍ਰਿੰਸੀਪਲ ਨੂੰ ਕਿਹਾ।
- "ਇਹ ਅਕਤੂਬਰ ਦਾ ਮਹੀਨਾ ਹੈ, ਦਾਖਲੇ ਬੰਦ ਹੋ ਚੁੱਕੇ ਹਨ। ਹੁਣ ਤੁਹਾਡਾ ਦਾਖਲਾ ਕਿਵੇਂ ਹੋਵੇਗਾ?"
- "ਬੜੀ ਮਿਹਰਬਾਨੀ ਹੋਵੇਗੀ ਜੇ ਤੁਸੀਂ ਦਾਖਲਾ ਲੈ ਲਵੋ। ਨਹੀਂ ਤਾਂ ਮੇਰਾ ਪੂਰਾ ਸਾਲ ਖਰਾਬ ਹੋ ਜਾਵੇਗਾ।"
- "ਸਾਡੇ ਇੱਥੇ ਸਾਰੀਆਂ ਸੀਟਾਂ ਭਰ ਚੁੱਕੀਆਂ ਹਨ। ਹੁਣ ਹੋਰ ਦਾਖਲੇ ਦੀ ਕੋਈ ਗੁੰਜਾਇਸ਼ ਨਹੀਂ।"

ਪ੍ਰਿੰਸੀਪਲ ਇੰਨੀ ਬੇਰੁਖੀ ਨਾਲ ਪੇਸ਼ ਆ ਰਿਹਾ ਸੀ ਕਿ ਸਾਫ਼ ਲੱਗਦਾ ਸੀ ਕਿ ਉਹ ਕਿਸੇ ਵੀ ਹਾਲਤ ਵਿੱਚ ਦਾਖਲਾ ਨਹੀਂ ਦੇਵੇਗਾ ਅਤੇ ਅਗਲਾ ਜੁਮਲਾ ਵਿਦਿਆਰਥੀ ਨੂੰ ਸ਼ਾਇਦ ਇਹ ਸੁਣਨਾ ਪਵੇਗਾ ਕਿ "ਕਮਰੇ ਵਿੱਚੋਂ ਬਾਹਰ ਚਲੇ ਜਾਓ", ਪਰ ਵਿਦਿਆਰਥੀ ਦੇ ਅੜੇ ਰਹਿਣ 'ਤੇ ਉਸ ਨੇ ਬੇਮਨ ਨਾਲ ਪੁੱਛਿਆ, "ਤੁਹਾਡੇ ਨੰਬਰ ਕਿੰਨੇ ਹਨ?" ਪ੍ਰਿੰਸੀਪਲ ਦਾ ਖਿਆਲ ਸੀ ਕਿ ਉਸ ਦੇ ਨੰਬਰ ਯਕੀਨਨ ਬਹੁਤ ਘੱਟ ਹੋਣਗੇ, ਇਸੇ ਲਈ ਉਸ ਨੂੰ ਕਿਤੇ ਦਾਖਲਾ ਨਹੀਂ ਮਿਲਿਆ। ਇਸ ਤਰ੍ਹਾਂ ਜਦੋਂ ਵਿਦਿਆਰਥੀ ਆਪਣੇ ਮਾੜੇ ਨਤੀਜੇ ਬਾਰੇ ਦੱਸੇਗਾ ਤਾਂ ਉਸ ਦੀ ਅਰਜ਼ੀ ਰੱਦ ਕਰਨ ਲਈ ਇੱਕ ਵਾਜਬ ਬਹਾਨਾ ਮਿਲ ਜਾਵੇਗਾ। ਪਰ ਵਿਦਿਆਰਥੀ ਦਾ ਜਵਾਬ ਉਸ ਦੀ ਉਮੀਦ ਦੇ ਉਲਟ ਸੀ। ਉਸ ਨੇ ਕਿਹਾ, "ਜਨਾਬ 85 ਫੀਸਦੀ: Sir, eighty five per cent."

ਇਸ ਗੱਲ ਨੇ ਪ੍ਰਿੰਸੀਪਲ 'ਤੇ ਜਾਦੂ ਵਰਗਾ ਅਸਰ ਕੀਤਾ। ਤੁਰੰਤ ਉਸ ਦਾ ਮੂਡ ਬਦਲ ਗਿਆ। ਉਸ ਨੇ ਕਿਹਾ, "ਬੈਠੋ ਬੈਠੋ", ਇਸ ਤੋਂ ਬਾਅਦ ਉਸ ਨੇ ਵਿਦਿਆਰਥੀ ਦੇ ਕਾਗਜ਼ਾਤ ਵੇਖੇ, ਅਤੇ ਜਦੋਂ ਕਾਗਜ਼ਾਤ ਨੇ ਤਸਦੀਕ ਕਰ ਦਿੱਤੀ ਕਿ ਵਾਕਈ ਉਹ ਪਚਾਸੀ ਫੀਸਦੀ ਨੰਬਰਾਂ ਨਾਲ ਪਾਸ ਹੋਇਆ ਹੈ, ਤਾਂ ਉਸੇ ਵੇਲੇ ਉਸ ਨੇ ਪਿਛਲੀ ਤਾਰੀਖ ਵਿੱਚ ਅਰਜ਼ੀ ਲਿਖਵਾਈ। ਉਸ ਨੇ ਏ.ਐਮ.ਏ ਖਾਨ

ਨੂੰ ਨਾ ਸਿਰਫ ਦੇਰੀ ਦੇ ਬਾਵਜੂਦ ਆਪਣੇ ਕਾਲਜ ਵਿੱਚ ਦਾਖਲ ਕਰ ਲਿਆ ਸਗੋਂ ਕੋਸ਼ਿਸ਼ ਕਰਕੇ ਉਹਨਾਂ ਨੂੰ ਇੱਕ ਵਜੀਫਾ ਵੀ ਦਿਵਾਇਆ।

ਇਹੀ ਵਿਦਿਆਰਥੀ ਜੇਕਰ ਇਸ ਹਾਲਤ ਵਿੱਚ ਪ੍ਰਿੰਸੀਪਲ ਕੋਲ ਜਾਂਦਾ ਕਿ ਉਹ ਥਰਡ ਕਲਾਸ ਪਾਸ ਹੁੰਦਾ ਅਤੇ ਪ੍ਰਿੰਸੀਪਲ ਉਸ ਦਾ ਦਾਖਲਾ ਨਾ ਲੈਂਦਾ ਤਾਂ ਵਿਦਿਆਰਥੀ ਦਾ ਪ੍ਰਤੀਕਰਮ ਕੀ ਹੁੰਦਾ? ਉਹ ਇਸ ਤਰ੍ਹਾਂ ਮੁੜਦਾ ਕਿ ਉਸ ਦੇ ਦਿਲ ਵਿੱਚ ਨਫ਼ਰਤ ਅਤੇ ਸ਼ਿਕਾਇਤ ਭਰੀ ਹੁੰਦੀ। ਉਹ ਲੋਕਾਂ ਨੂੰ ਕਹਿੰਦਾ ਕਿ ਇਹ ਸਭ ਵਿਤਕਰੇ ਕਰਕੇ ਹੋਇਆ ਹੈ। ਵਰਨਾ ਮੇਰਾ ਦਾਖਲਾ ਜ਼ਰੂਰ ਹੋਣਾ ਚਾਹੀਦਾ ਸੀ। ਦਾਖਲਾ ਨਾ ਮਿਲਣ ਦੀ ਵਜ੍ਹਾ ਉਸ ਦਾ ਆਪਣਾ ਮਾੜਾ ਨਤੀਜਾ ਸੀ ਪਰ ਉਹ ਇਸ ਦਾ ਜ਼ਿੰਮੇਵਾਰ ਹਿੰਦੂ ਕਾਲਜ ਨੂੰ ਠਹਿਰਾਉਂਦਾ। ਮਾਹੌਲ ਦਾ ਪ੍ਰਤੀਕਰਮ ਅਕਸਰ ਸਾਡੀ ਆਪਣੀ ਹਾਲਤ ਦਾ ਨਤੀਜਾ ਹੁੰਦਾ ਹੈ। ਪਰ ਅਸੀਂ ਇਸ ਨੂੰ ਮਾਹੌਲ ਦੇ ਸਿਰ ਮੜ੍ਹ ਦਿੰਦੇ ਹਾਂ ਤਾਂ ਜੋ ਆਪਣੇ ਆਪ ਨੂੰ ਦੋਸ਼-ਮੁਕਤ ਸਾਬਤ ਕਰ ਸਕੀਏ।

ਜੇਕਰ ਬੰਦੇ ਨੇ ਖੁਦ ਆਪਣੀ ਤਰਫੋਂ ਕੋਈ ਕਮੀ ਨਾ ਛੱਡੀ ਹੋਵੇ, ਜੇਕਰ ਜ਼ਿੰਦਗੀ ਵਿੱਚ ਉਹ ਉਹਨਾਂ ਤਿਆਰੀਆਂ ਦੇ ਨਾਲ ਦਾਖਲ ਹੋਇਆ ਹੋਵੇ ਜੋ ਸਮੇਂ ਨੇ ਮਿੱਥੀਆਂ ਹਨ ਤਾਂ ਦੁਨੀਆ ਉਸ ਨੂੰ ਜਗ੍ਹਾ ਦੇਣ 'ਤੇ ਮਜਬੂਰ ਹੋਵੇਗੀ। ਉਹ ਹਰ ਮਾਹੌਲ ਵਿੱਚ ਆਪਣਾ ਮੁਕਾਮ ਪੈਦਾ ਕਰ ਲਵੇਗਾ, ਉਹ ਹਰ ਬਾਜ਼ਾਰ ਵਿੱਚੋਂ ਆਪਣੀ ਪੂਰੀ ਕੀਮਤ ਵਸੂਲ ਕਰੇਗਾ। ਹੋਰ ਇਹ ਕਿ ਅਜਿਹੀ ਹਾਲਤ ਵਿੱਚ ਉਸ ਦੇ ਅੰਦਰ ਉੱਚੇ ਇਖਲਾਕ ਦੀ ਪਰਵਰਿਸ਼ ਹੋਵੇਗੀ। ਉਹ ਆਪਣੇ ਤਜ਼ਰਬਿਆਂ ਤੋਂ ਦਲੇਰੀ, ਭਰੋਸਾ, ਉੱਚੇ ਹੌਸਲੇ, ਸ਼ਰਾਫ਼ਤ, ਦੂਜਿਆਂ ਦਾ ਸਤਿਕਾਰ, ਹਕੀਕਤ ਪਸੰਦੀ ਅਤੇ ਹਰ ਇੱਕ ਨਾਲ ਸਹੀ ਮਨੁੱਖੀ ਰਿਸ਼ਤੇ ਦਾ ਸਬਕ ਸਿੱਖੇਗਾ। ਉਹ ਸ਼ਿਕਾਇਤ ਦੀ ਮਾਨਸਿਕਤਾ ਤੋਂ ਉੱਪਰ ਉੱਠ ਕੇ ਸੋਚੇਗਾ। ਮਾਹੌਲ ਉਸ ਨੂੰ ਤਸਲੀਮ ਕਰੇਗਾ। ਇਸ ਲਈ ਉਹ ਖੁਦ ਵੀ ਮਾਹੌਲ ਦੀ ਸੱਚਾਈ ਨੂੰ ਮੰਨਣ ਲਈ ਮਜਬੂਰ ਹੋਵੇਗਾ।

ਇਸ ਦੇ ਉਲਟ ਜੇਕਰ ਉਸ ਨੇ ਆਪਣੇ ਆਪ ਨੂੰ ਕਾਬਲ ਸਾਬਤ ਕਰਨ ਵਿੱਚ ਕਮੀ ਰੱਖੀ ਹੋਵੇ, ਜੇਕਰ ਉਹ ਵਕਤ ਦੇ ਮਿਆਰ 'ਤੇ ਪੂਰਾ ਨਾ ਉਤਰਦਾ ਹੋਵੇ, ਜੇਕਰ ਉਹ ਘੱਟ ਲਿਆਕਤ ਦੇ ਨਾਲ ਜ਼ਿੰਦਗੀ ਦੇ ਮੈਦਾਨ ਵਿੱਚ ਦਾਖਲ ਹੋਇਆ ਹੋਵੇ ਤਾਂ ਲਾਜ਼ਮੀ ਹੈ ਕਿ ਦੁਨੀਆ ਵਿੱਚ ਉਹ ਆਪਣੀ ਜਗ੍ਹਾ ਬਣਾਉਣ

ਵਿੱਚ ਨਾਕਾਮ ਰਹੇਗਾ। ਅਤੇ ਇਸ ਦੇ ਨਤੀਜੇ ਵਜੋਂ ਉਸ ਦੇ ਅੰਦਰ ਜੋ ਇਖਲਾਕ ਪੈਦਾ ਹੋਣਗੇ, ਉਹ ਬਿਨਾਂ ਸ਼ੱਕ ਨੀਵੇਂ ਦਰਜੇ ਦੇ ਹੋਣਗੇ। ਉਹ ਸ਼ਿਕਾਇਤ, ਖਿਝ, ਗੁੱਸਾ, ਇੱਥੋਂ ਤੱਕ ਕਿ ਅਪਰਾਧਿਕ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਰਹਿ ਜਾਵੇਗਾ। ਜਦੋਂ ਬੰਦਾ ਨਾਕਾਮ ਹੁੰਦਾ ਹੈ ਤਾਂ ਉਸ ਦੇ ਅੰਦਰ ਗਲਤ ਕਿਸਮ ਦੀ ਮਾਨਸਿਕਤਾ ਉੱਭਰਦੀ ਹੈ। ਭਾਵੇਂ ਬੰਦੇ ਦੀ ਨਾਕਾਮੀ ਦੀ ਵਜ੍ਹਾ ਹਮੇਸ਼ਾ ਆਪਣੀ ਕਮਜ਼ੋਰੀ ਹੁੰਦੀ ਹੈ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਕਸੂਰਵਾਰ ਠਹਿਰਾਵੇ। ਉਹ ਹਮੇਸ਼ਾ ਆਪਣੀ ਨਾਕਾਮੀ ਲਈ ਦੂਜਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ। ਉਹ ਹਾਲਾਤ ਦਾ ਸੱਚਾਈ ਨਾਲ ਵਿਸ਼ਲੇਸ਼ਣ ਕਰਨ ਤੋਂ ਅਸਮਰੱਥ ਰਹਿੰਦਾ ਹੈ। ਘੱਟ ਤਿਆਰੀ ਬੰਦੇ ਨੂੰ ਇੱਕੋ ਵੇਲੇ ਦੋ ਕਿਸਮ ਦੇ ਨੁਕਸਾਨਾਂ ਦਾ ਤੋਹਫ਼ਾ ਦਿੰਦੀ ਹੈ—ਆਪਣੇ ਲਈ ਬੇਲੋੜੀ ਨਾਕਾਮੀ ਅਤੇ ਦੂਜਿਆਂ ਲਈ ਬੇਲੋੜੀ ਨਫ਼ਰਤ। ਦੂਜਿਆਂ ਦੇ ਬਾਰੇ ਵਿੱਚ ਬੇਜਾ ਤੌਰ ’ਤੇ ਸ਼ਿਕਾਇਤ।

ਪੱਥਰ ਹਰ ਇੱਕ ਲਈ ਸਖ਼ਤ ਹੁੰਦਾ ਹੈ। ਪਰ ਉਹ ਉਸ ਬੰਦੇ ਲਈ ਨਰਮ ਹੋ ਜਾਂਦਾ ਹੈ ਜੋ ਉਸ ਨੂੰ ਤੋੜਨ ਦਾ ਸੰਦ ਰੱਖਦਾ ਹੋਵੇ। ਇਹੀ ਸੂਰਤ ਹਰ ਮਾਮਲੇ ਵਿੱਚ ਪੇਸ਼ ਆਉਂਦੀ ਹੈ। ਜੇਕਰ ਤੁਸੀਂ ਲਿਆਕਤ ਅਤੇ ਕਾਬਲੀਅਤ ਦੇ ਨਾਲ ਜ਼ਿੰਦਗੀ ਦੇ ਮੈਦਾਨ ਵਿੱਚ ਦਾਖਲ ਹੋਏ ਹੋ ਤਾਂ ਤੁਸੀਂ ਆਪਣੀ ਅਸਲੀ ਹੈਸੀਅਤ ਨਾਲੋਂ ਵੀ ਜ਼ਿਆਦਾ ਹੱਕ ਆਪਣੇ ਲਈ ਵਸੂਲ ਕਰ ਸਕਦੇ ਹੋ। ‘ਵਕਤ’ ਗੁਜ਼ਰਨ ਤੋਂ ਬਾਅਦ ਵੀ ਇੱਕ ਅਣਜਾਣ ਕਾਲਜ ਵਿੱਚ ਤੁਹਾਡਾ ਦਾਖਲਾ ਹੋ ਸਕਦਾ ਹੈ। ਲੇਕਿਨ ਜੇਕਰ ਲਿਆਕਤ ਅਤੇ ਕਾਬਲੀਅਤ ਤੋਂ ਬਿਨਾਂ ਤੁਸੀਂ ਜ਼ਿੰਦਗੀ ਦੇ ਮੈਦਾਨ ਵਿੱਚ ਕਦਮ ਰੱਖਿਆ ਹੈ ਤਾਂ ਤੁਹਾਨੂੰ ਆਪਣਾ ਵਾਜਬ ਹੱਕ ਵੀ ਨਹੀਂ ਮਿਲ ਸਕਦਾ।

ਗੈਸ ਹੇਠਾਂ ਨਹੀਂ ਸਮਾਉਂਦੀ ਤਾਂ ਉਹ ਉੱਪਰ ਉੱਠ ਕੇ ਆਪਣੇ ਲਈ ਜਗ੍ਹਾ ਬਣਾ ਲੈਂਦੀ ਹੈ। ਪਾਣੀ ਨੂੰ ਉਚਾਈ ਅੱਗੇ ਵਧਣ ਨਹੀਂ ਦਿੰਦੀ ਤਾਂ ਉਹ ਨਿਵਾਣ ਵੱਲ ਆਪਣਾ ਰਸਤਾ ਬਣਾ ਲੈਂਦਾ ਹੈ। ਦਰੱਖਤ ਸਤਹ ਦੇ ਉੱਪਰ ਕਾਇਮ ਨਹੀਂ ਹੋ ਸਕਦਾ ਤਾਂ ਉਹ ਜ਼ਮੀਨ ਨੂੰ ਪਾੜ ਕੇ ਉਸ ਵਿੱਚੋਂ ਆਪਣੇ ਲਈ ਜ਼ਿੰਦਗੀ ਦਾ ਹੱਕ ਵਸੂਲ ਕਰ ਲੈਂਦਾ ਹੈ। ਇਹ ਤਰੀਕਾ ਜੋ ਗੈਰ-ਇਨਸਾਨੀ ਦੁਨੀਆ ਵਿੱਚ ਰੱਬ ਨੇ ਆਪਣੇ ਸਿੱਧੇ ਪ੍ਰਬੰਧ ਹੇਠ ਕਾਇਮ ਕਰ ਰੱਖਿਆ ਹੈ, ਉਹੀ ਇਨਸਾਨ ਨੂੰ ਵੀ ਆਪਣੇ ਹਾਲਾਤ ਦੇ ਮੁਤਾਬਕ ਅਪਣਾਉਣਾ ਚਾਹੀਦਾ ਹੈ।

ਹਰ ਬੰਦਾ ਜੋ ਦੁਨੀਆ ਵਿੱਚ ਆਪਣੇ ਆਪ ਨੂੰ ਕਾਮਯਾਬ ਵੇਖਣਾ ਚਾਹੁੰਦਾ ਹੈ, ਉਸ ਨੂੰ ਸਭ ਤੋਂ ਪਹਿਲਾਂ ਆਪਣੇ ਅੰਦਰ ਕਾਮਯਾਬੀ ਦਾ ਹੱਕ ਪੈਦਾ ਕਰਨਾ ਚਾਹੀਦਾ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਜਾਣੇ ਅਤੇ ਫਿਰ ਆਪਣੇ ਹਾਲਾਤ ਨੂੰ ਸਮਝੇ। ਆਪਣੀਆਂ ਤਾਕਤਾਂ ਨੂੰ ਸਹੀ ਢੰਗ ਨਾਲ ਜਥੇਬੰਦ ਕਰੇ। ਉਹ ਮਾਹੌਲ ਦੇ ਅੰਦਰ ਇਸ ਤਰ੍ਹਾਂ ਦਾਖਲ ਹੋਵੇ ਕਿ ਉਸ ਦੇ ਮੁਕਾਬਲੇ ਵਿੱਚ ਆਪਣੀ ਕਾਬਲੀਅਤ ਸਾਬਤ ਕਰਨ ਲਈ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕਰ ਚੁੱਕਾ ਹੋਵੇ। ਉਸ ਨੇ ਹਾਲਾਤ ਤੋਂ ਆਪਣੀ ਅਹਿਮੀਅਤ ਮਨਵਾਉਣ ਲਈ ਜ਼ਰੂਰੀ ਪ੍ਰਬੰਧ ਕਰ ਲਿਆ ਹੋਵੇ। ਜੇਕਰ ਇਹ ਸਭ ਹੋ ਜਾਵੇ ਤਾਂ ਉਸ ਤੋਂ ਬਾਅਦ ਤੁਹਾਡੇ ਅਮਲ ਦਾ ਜੋ ਦੂਜਾ ਲਾਜ਼ਮੀ ਨਤੀਜਾ ਸਾਹਮਣੇ ਆਵੇਗਾ, ਉਹ ਉਹੀ ਹੋਵੇਗਾ ਜਿਸ ਦਾ ਨਾਮ ਸਾਡੀ ਜ਼ਬਾਨ ਵਿੱਚ ਕਾਮਯਾਬੀ ਹੈ।

# ਕੰਮ ਦੀ ਭਾਲ

14 ਦਸੰਬਰ 2004 ਦੀ ਘਟਨਾ ਹੈ। ਇੱਕ ਮੁਸਲਿਮ ਨੌਜਵਾਨ ਮੈਨੂੰ ਮਿਲਣ ਲਈ ਆਇਆ। ਉਸ ਨੇ ਆਪਣਾ ਨਾਮ ਮੁਹੰਮਦ ਈਸਾ ਦੱਸਿਆ। ਉਸ ਨੇ ਕਿਹਾ ਕਿ ਮੈਂ 1998 ਤੋਂ ਵਿਹਲਾ ਹਾਂ, ਅਤੇ ਕੰਮ ਦੀ ਭਾਲ ਵਿੱਚ ਹਾਂ।

ਤਲਾਸ਼ ਵਿੱਚ ਦਿੱਲੀ ਆਇਆ ਹਾਂ। ਉਹਨਾਂ ਨੇ ਆਪਣੇ ਕੁੱਝ ਹਾਲਾਤ ਦੱਸੇ ਜਿਸ ਤੋਂ ਅੰਦਾਜ਼ਾ ਹੋਇਆ ਕਿ ਉਹਨਾਂ ਨੂੰ ਸਹੀ ਮਸ਼ਵਰਾ ਦੇਣ ਵਾਲਾ ਕੋਈ ਸ਼ਖ਼ਸ ਨਹੀਂ ਮਿਲਿਆ। ਉਹਨਾਂ ਦੇ ਮਾਂ-ਬਾਪ ਨੇ ਵੀ ਸ਼ਾਇਦ ਲਾਡ-ਪਿਆਰ ਤੋਂ ਇਲਾਵਾ ਕੋਈ ਅਜਿਹੀ ਗੱਲ ਨਹੀਂ ਦੱਸੀ, ਜੋ ਉਹਨਾਂ ਦੀ ਜ਼ਿੰਦਗੀ ਦੀ ਉਸਾਰੀ ਲਈ ਫਾਇਦੇਮੰਦ ਹੋਵੇ।

ਮੈਂ ਕਿਹਾ ਕਿ ਮੈਂ ਤੁਹਾਨੂੰ ਕੋਈ ਕੰਮ ਨਹੀਂ ਦੇ ਸਕਦਾ। ਅਲਬੱਤਾ ਮੈਂ ਤੁਹਾਨੂੰ ਜ਼ਿੰਦਗੀ ਦੀ ਇੱਕ ਹਕੀਕਤ ਦੱਸ ਸਕਦਾ ਹਾਂ, ਜੋ ਦੁਨੀਆ ਵਿੱਚ ਕੰਮ ਪ੍ਰਾਪਤ ਕਰਨ ਲਈ ਜ਼ਰੂਰੀ ਹੈ। ਉਹ ਹਕੀਕਤ ਇਹ ਹੈ ਕਿ ਦੁਨੀਆ ਨੂੰ ਇਸ ਨਾਲ ਕੋਈ ਦਿਲਚਸਪੀ ਨਹੀਂ ਕਿ ਤੁਸੀਂ ਵਿਹਲੇ ਹੋ। ਦੁਨੀਆ ਨੂੰ ਸਿਰਫ਼ ਇਹ ਦਿਲਚਸਪੀ

ਹੈ ਕਿ ਤੁਹਾਡੇ ਅੰਦਰ ਕੋਈ ਅਜਿਹੀ ਕਾਬਲੀਅਤ ਹੈ, ਜੋ ਦੁਨੀਆ ਦੇ ਕੰਮ ਆ ਸਕੇ। ਜੇਕਰ ਤੁਸੀਂ ਕੰਮ ਪਾਉਣਾ ਹੈ ਤਾਂ ਆਪਣੇ ਆਪ ਨੂੰ ਕੰਮ ਦਾ ਬਣਾਓ। ਇਸ ਤੋਂ ਬਾਅਦ ਕੰਮ ਖੁਦ ਤੁਹਾਨੂੰ ਲੱਭੇਗਾ, ਨਾ ਕਿ ਤੁਸੀਂ ਕੰਮ ਨੂੰ ਲੱਭੋਗੇ।

ਹਕੀਕਤ ਇਹ ਹੈ ਕਿ ਮੌਜੂਦਾ ਦੁਨੀਆ ਦੇ ਬਣਾਉਣ ਵਾਲੇ ਨੇ ਇਸ ਨੂੰ ਸੁਆਰਥ (ਇੰਟਰਸਟ) ਦੀ ਬੁਨਿਆਦ 'ਤੇ ਬਣਾਇਆ ਹੈ। ਹਰ ਬੰਦੇ ਦਾ ਆਪਣਾ ਇੱਕ ਸੁਆਰਥ ਹੈ, ਅਤੇ ਉਹ ਆਪਣੇ ਉਸ ਸੁਆਰਥ ਲਈ ਦੌੜ ਰਿਹਾ ਹੈ। ਅਜਿਹੀ ਦੁਨੀਆ ਵਿੱਚ ਕਾਮਯਾਬੀ ਦੀ ਸੂਰਤ ਸਿਰਫ਼ ਇੱਕ ਹੈ, ਉਹ ਇਹ ਕਿ ਤੁਸੀਂ ਇਹ ਸਾਬਤ ਕਰ ਸਕੋ ਕਿ ਤੁਸੀਂ ਦੁਨੀਆ ਦੇ ਸੁਆਰਥ ਨੂੰ ਪੂਰਾ ਕਰ ਸਕਦੇ ਹੋ। ਦੁਨੀਆ ਦੇ ਕੰਮ ਆਓ, ਅਤੇ ਦੁਨੀਆ ਤੁਹਾਨੂੰ ਕੰਮ ਦੇਣ 'ਤੇ ਮਜਬੂਰ ਹੋ ਜਾਵੇਗੀ।

ਕੰਮ ਦੀ ਤਲਾਸ਼ ਦਾ ਮਨ ਬੰਦੇ ਦੇ ਅੰਦਰ ਨਿਰਾਸ਼ਾ ਪੈਦਾ ਕਰਦਾ ਹੈ, ਅਤੇ ਆਪਣੇ ਆਪ ਨੂੰ ਕਾਬਲ ਬਣਾਉਣ ਦਾ ਮਨ ਬੰਦੇ ਦੇ ਅੰਦਰ ਯਕੀਨ ਅਤੇ ਹੌਸਲਾ ਪੈਦਾ ਕਰਦਾ ਹੈ। ਬੰਦੇ ਨੂੰ ਚਾਹੀਦਾ ਹੈ ਕਿ ਉਹ ਦੂਜਿਆਂ ਤੋਂ ਉਮੀਦ ਨਾ ਰੱਖੇ। ਉਹ ਆਪਣੇ ਕੰਮ ਨੂੰ ਖੁਦ ਆਪਣੇ ਅੰਦਰ ਤਲਾਸ਼ ਕਰੇ। ਉਹ ਆਪਣੀ ਕਾਬਲੀਅਤ ਨੂੰ ਪਛਾਣੇ, ਅਤੇ ਆਪਣੀ ਉਸ ਕਾਬਲੀਅਤ ਨੂੰ ਨਿਖਾਰ ਕੇ ਆਪਣੇ ਆਪ ਨੂੰ ਸਮਾਜ ਲਈ ਲਾਹੇਵੰਦ ਬਣਾਏ। ਉਹ ਇੰਨੀ ਤਿਆਰੀ ਕਰੇ ਕਿ ਉਹ ਦੂਜਿਆਂ ਦੀ ਜ਼ਰੂਰਤ ਬਣ ਜਾਵੇ। ਦੁਨੀਆ ਵਿੱਚ ਕਾਮਯਾਬੀ ਦਾ ਰਾਜ਼ ਇਹੀ ਹੈ।

## ਤਾਲੀਮ ਅਤੇ ਤਰਬੀਅਤ

ਅਗਸਤ 1945 ਵਿੱਚ ਜਾਪਾਨ ਮੁਕੰਮਲ ਤੌਰ 'ਤੇ ਤਬਾਹ ਹੋ ਗਿਆ। ਇਸ ਨੇ ਸਿਆਸੀ ਆਜ਼ਾਦੀ ਵੀ ਗਵਾ ਦਿੱਤੀ ਅਤੇ ਮਾਲੀ ਆਜ਼ਾਦੀ ਵੀ। ਇਸ ਤੋਂ ਬਾਅਦ ਜਾਪਾਨ ਨੇ ਇਹ ਕੀਤਾ ਕਿ ਸਿਆਸੀ ਆਜ਼ਾਦੀ ਦੇ ਮਸਲੇ ਨੂੰ ਛੇੜੇ ਬਿਨਾਂ ਮਾਲੀ ਆਜ਼ਾਦੀ ਲਈ ਜੱਦੋ-ਜਹਿਦ ਸ਼ੁਰੂ ਕਰ ਦਿੱਤੀ, ਇਸ ਤਰੀਕੇ ਰਾਹੀਂ ਜਾਪਾਨ ਨੇ ਇੰਨੀ ਕਾਮਯਾਬੀ ਹਾਸਲ ਕੀਤੀ ਕਿ ਅੱਜ ਉਹ ਸੁਪਰ ਆਰਥਿਕ ਤਾਕਤ

ਮੰਨਿਆ ਜਾਂਦਾ ਹੈ। 1990 ਤੱਕ ਜਾਪਾਨ ਦੁਨੀਆ ਨੂੰ 5 ਖਰਬ ਡਾਲਰ ਕਰਜ਼ੇ ਵਜੋਂ ਦੇ ਚੁੱਕਾ ਸੀ। ਅੰਦਾਜ਼ਾ ਹੈ ਕਿ 1995 ਤੱਕ ਜਾਪਾਨ ਦੇ ਸੰਸਾਰਕ ਕਰਜ਼ੇ ਦੀ ਰਕਮ 10 ਖਰਬ ਡਾਲਰ ਹੋ ਚੁੱਕੀ ਹੋਵੇਗੀ। ਜਾਪਾਨ 1945 ਵਿੱਚ ਅਮਰੀਕਾ ਦਾ ਸਿਆਸੀ ਗੁਲਾਮ ਸੀ, ਅੱਜ ਜਾਪਾਨ ਨੇ ਖੁਦ ਅਮਰੀਕਾ ਨੂੰ ਆਪਣਾ ਆਰਥਿਕ ਕਰਜ਼ਾਈ ਬਣਾ ਲਿਆ ਹੈ।

ਪਾਕਿਸਤਾਨ ਦੇ ਇੱਕ ਕਾਲਮਨਵੀਸ ਮਿਸਟਰ ਅਬੂ ਜ਼ਰ ਗ਼ਫ਼ਾਰੀ ਮਈ 1992 ਵਿੱਚ ਕਾਬੁਲ ਗਏ। ਉੱਥੇ ਉਹਨਾਂ ਦੀ ਮੁਲਾਕਾਤ ਇੱਕ ਜਾਪਾਨੀ ਪੱਤਰਕਾਰ ਨਾਲ ਹੋਈ, ਉਹਨਾਂ ਨੇ ਜਾਪਾਨੀ ਪੱਤਰਕਾਰ ਨੂੰ ਪੁੱਛਿਆ ਕਿ ਜਾਪਾਨ ਦੀ ਇਸ ਹੈਰਾਨੀਜਨਕ ਤਰੱਕੀ ਦਾ ਰਾਜ਼ ਕੀ ਹੈ? ਕਿਸ ਤਰ੍ਹਾਂ ਅਜਿਹਾ ਹੋਇਆ ਕਿ ਜਾਪਾਨ ਨੇ ਇੱਕ ਅਸੰਭਵ ਨੂੰ ਸੰਭਵ ਬਣਾ ਦਿੱਤਾ।

ਜਾਪਾਨੀ ਪੱਤਰਕਾਰ ਨੇ ਜਵਾਬ ਦਿੱਤਾ ਕਿ ਜਾਪਾਨ ਦੀ ਉੱਚ ਤਰੱਕੀ ਦਾ ਰਾਜ਼ ਜਾਪਾਨੀ ਕੌਮ ਦੇ ਉੱਚੇ ਕਿਰਦਾਰ ਵਿੱਚ ਛੁਪਿਆ ਹੋਇਆ ਹੈ। ਉਸ ਨੇ ਕਿਹਾ ਕਿ ਸਾਡੇ ਕੋਲ ਕੁਦਰਤੀ ਸਾਧਨ ਨਹੀਂ ਹਨ। ਇਸ ਲਈ ਅਸੀਂ ਆਪਣੇ ਬੱਚਿਆਂ ਨੂੰ ਆਪਣਾ ਸਭ ਤੋਂ ਵੱਡਾ ਸਰਮਾਇਆ ਸਮਝਦੇ ਹਾਂ। ਜਾਪਾਨ ਦਾ ਇੱਕ-ਇੱਕ ਘਰ ਮਾਨੋ ਜਾਪਾਨੀ ਬੱਚੇ ਦੀ ਤਰਬੀਅਤ ਗਾਹ ਹੈ। ਜਾਪਾਨ ਦੇ ਲੋਕ ਆਪਣੇ ਬਿਹਤਰੀਨ ਸਾਧਨ ਆਪਣੇ ਬੱਚੇ ਦੀ ਤਾਲੀਮ ’ਤੇ ਖਰਚ ਕਰਦੇ ਹਨ। ਚੁਨਾਂਚਿ ਜਾਪਾਨੀ ਕੌਮ ਇਸ ਵੇਲੇ ਮੁਕੰਮਲ ਤੌਰ ’ਤੇ ਇੱਕ ਪੜ੍ਹੀ-ਲਿਖੀ ਕੌਮ ਹੈ। ਸਾਡੇ ਇੱਥੇ ਅਨਪੜ੍ਹਤਾ ਦਾ ਕੋਈ ਵਜੂਦ ਨਹੀਂ। ਜਾਪਾਨ ਵਿੱਚ ਇੰਨੇ ਜ਼ਿਆਦਾ ਵਿਗਿਆਨਕ ਸਿੱਖਿਆ ਪ੍ਰਾਪਤ ਲੋਕ ਹਨ ਕਿ ਤੁਸੀਂ ਜਾਪਾਨ ਨੂੰ ਇੱਕ ਵਿਗਿਆਨਕ ਕੌਮ ਕਹਿ ਸਕਦੇ ਹੋ।

ਇਸ ਤਾਲੀਮ ਅਤੇ ਤਰਬੀਅਤ ਨੇ ਜਾਪਾਨ ਦੇ ਲੋਕਾਂ ਵਿੱਚ ਉੱਚਤਮ ਕੌਮੀ ਕਿਰਦਾਰ ਪੈਦਾ ਕਰ ਦਿੱਤਾ ਹੈ, ਮਿਸਾਲ ਵਜੋਂ ਜਾਪਾਨੀ ਕੌਮ ਅਤਿ ਦੀ ਦੇਸ਼ ਭਗਤ ਕੌਮ ਹੈ। ਜੇਕਰ ਕੌਮ ਦੇ ਇੱਕ ਰੁਪਏ ਦਾ ਨੁਕਸਾਨ ਹੋ ਰਿਹਾ ਹੋਵੇ ਤਾਂ ਇੱਕ ਜਾਪਾਨੀ ਆਪਣੀ ਕੌਮ ਨੂੰ ਇੱਕ ਰੁਪਏ ਦੇ ਨੁਕਸਾਨ ਤੋਂ ਬਚਾਉਣ ਲਈ ਆਪਣਾ ਸੌ ਰੁਪਏ ਦਾ ਨੁਕਸਾਨ ਕਰਵਾ ਲੈਣ ਨੂੰ ਆਪਣੇ ਲਈ ਮਾਣ ਵਾਲੀ ਗੱਲ ਸਮਝੇਗਾ (ਨਵਾਏ ਵਕਤ, ਲਾਹੌਰ, 12 ਜੁਲਾਈ 1992)। ਜਾਪਾਨ ਨੇ ਵਿਰੋਧੀਆਂ ਨਾਲ ਟਕਰਾਅ ਨੂੰ ਛੱਡ ਦਿੱਤਾ। ਇਸ ਤੋਂ ਬਾਅਦ ਹੀ ਇਹ ਸੰਭਵ

ਹੋ ਸਕਿਆ ਕਿ ਉਹ ਆਪਣੇ ਇੱਥੇ ਉੱਚ ਪੱਧਰੀ ਵਿਗਿਆਨਕ ਸਮਾਜ ਹੋਂਦ ਵਿੱਚ ਲਿਆ ਸਕੇ। ਇਹੀ ਦੁਨੀਆ ਵਿੱਚ ਤਰੱਕੀ ਅਤੇ ਕਾਮਯਾਬੀ ਦਾ ਇੱਕੋ ਇੱਕ ਰਸਤਾ ਹੈ।

## ਪਹਿਲਾ ਸਕੂਲ

ਇਸਲਾਮ ਵਿੱਚ ਗਿਆਨ ਦੀ ਅਹਿਮੀਅਤ ਇੰਨੀ ਜ਼ਿਆਦਾ ਹੈ ਕਿ ਹਰ ਦੂਜੀ ਮਸਲਹਤ (ਰਣਨੀਤੀ) ਉੱਤੇ ਇਸ ਨੂੰ ਪਹਿਲ ਹਾਸਲ ਹੈ। ਮੌਜੂਦਾ ਦੌਰ ਵਿੱਚ ਮੁਸਲਮਾਨ ਸਿੱਖਿਆ ਦੇ ਮੈਦਾਨ ਵਿੱਚ ਦੂਜੀਆਂ ਕੌਮਾਂ ਤੋਂ ਪਿੱਛੇ ਰਹਿ ਗਏ। ਅਤੇ ਇਸ ਦੀ ਸਭ ਤੋਂ ਵੱਡੀ ਵਜ੍ਹਾ ਇਹ ਸੀ ਕਿ ਮੌਜੂਦਾ ਸਮੇਂ ਵਿੱਚ ਜੋ ਵਿੱਦਿਅਕ ਅਦਾਰੇ ਕਾਇਮ ਹੋਏ, ਉਹਨਾਂ ਦੇ ਅਧਿਆਪਕ ਜ਼ਿਆਦਾਤਰ ਗੈਰ-ਮੁਸਲਮਾਨ ਸਨ। ਮੁਸਲਮਾਨ ਆਗੂਆਂ ਨੇ ਕਿਹਾ ਕਿ ਇਹ ਗੈਰ-ਮੁਸਲਮਾਨ ਅਧਿਆਪਕ ਸਾਡੇ ਬੱਚਿਆਂ ਨੂੰ ਖਰਾਬ ਕਰ ਦੇਣਗੇ, ਇਸ ਲਈ ਇਹਨਾਂ ਅਦਾਰਿਆਂ ਵਿੱਚ ਮੁਸਲਮਾਨਾਂ ਨੂੰ ਦਾਖਲ ਕਰਨਾ ਸਹੀ ਨਹੀਂ ਹੈ। ਇਸ ਦੇ ਨਤੀਜੇ ਵਜੋਂ ਮੁਸਲਮਾਨ ਸਿੱਖਿਆ ਵਿੱਚ ਬਹੁਤ ਪਿੱਛੇ ਰਹਿ ਗਏ।

ਇਹ ਮਸਲਹਤ ਸਹੀ ਨਹੀਂ ਸੀ। ਇਸ ਦਾ ਸਬੂਤ ਇਹ ਹੈ ਕਿ ਇਸਲਾਮ ਦੇ ਇਤਿਹਾਸ ਵਿੱਚ ਜੋ ਸਭ ਤੋਂ ਪਹਿਲਾ ਸਕੂਲ ਖੋਲ੍ਹਿਆ ਗਿਆ, ਉਸ ਦੇ ਸਾਰੇ ਅਧਿਆਪਕ ਗੈਰ-ਮੁਸਲਮਾਨ ਸਨ। ਇਹ ਸਕੂਲ ਮਦੀਨੇ ਵਿੱਚ ਮੁਸ਼ਰਿਕ (ਗੈਰ-ਮੁਸਲਮਾਨ) ਕੈਦੀਆਂ ਦੇ ਜ਼ਰੀਏ ਖੋਲ੍ਹਿਆ ਗਿਆ। ਕੁੱਝ ਲੋਕ ‘ਸੁੱਫ਼ਾ’ ਨੂੰ ਪਹਿਲਾ ਇਸਲਾਮੀ ਮਦਰੱਸਾ ਕਹਿੰਦੇ ਹਨ। ਪਰ ਸੁੱਫ਼ਾ ਸਿਖਲਾਈ ਕੇਂਦਰ ਸੀ ਨਾ ਕਿ ਵਿੱਦਿਅਕ ਕੇਂਦਰ। ਇਸਲਾਮ ਦਾ ਪਹਿਲਾ ਵਿੱਦਿਅਕ ਕੇਂਦਰ ਯਕੀਨਨ ਉਹ ਹੈ ਜੋ ਜੰਗ-ਏ-ਬਦਰ ਦੇ ਕੈਦੀਆਂ ਰਾਹੀਂ ਮਦੀਨੇ ਵਿੱਚ ਕਾਇਮ ਕੀਤਾ ਗਿਆ ਸੀ ਅਤੇ ਉਸ ਦੇ ਅਧਿਆਪਕ ਸਾਰੇ ਦੇ ਸਾਰੇ ਮੁਸ਼ਰਿਕ ਅਤੇ ਗੈਰ-ਮੁਸਲਮਾਨ ਸਨ।

ਇੱਥੋਂ ਤੱਕ ਕਿ ਇਸ ਵਿੱਦਿਅਕ ਪ੍ਰਬੰਧ ਦੀ ਬੁਨਿਆਦ ’ਤੇ ਮਦੀਨੇ ਵਿੱਚ ਮਿਸਾਲਾਂ ਵੀ ਪੈਦਾ ਹੋਈਆਂ। ਮਿਸਾਲ ਵਜੋਂ ਮੁਸਨਦ ਅਹਿਮਦ ਬਿਨ ਹੰਬਲ ਦੀ

ਇੱਕ ਰਵਾਇਤ ਵਿੱਚ ਦੱਸਿਆ ਗਿਆ ਹੈ ਕਿ ਰਸੂਲ ਅੱਲ੍ਹਾ (ਸ.) ਨੇ ਬਦਰ ਦੇ ਕੈਦੀਆਂ ਦਾ ਫ਼ਿਦਿਆ (ਰਿਹਾਈ ਦਾ ਬਦਲਾ) ਇਹ ਤੈਅ ਕੀਤਾ ਕਿ ਉਹ ਅੰਸਾਰ ਦੇ ਮੁੰਡਿਆਂ ਨੂੰ ਲਿਖਣਾ-ਪੜ੍ਹਨਾ ਸਿਖਾ ਦੇਣ। ਇਸ ਤੋਂ ਬਾਅਦ ਇੱਕ ਦਿਨ ਇੱਕ ਮੁੰਡਾ ਰੋਂਦਾ ਹੋਇਆ ਆਪਣੀ ਮਾਂ ਕੋਲ ਆਇਆ।

ਮਾਂ ਨੇ ਪੁੱਛਿਆ ਕਿ ਤੇਰਾ ਕੀ ਹਾਲ ਹੈ? ਉਸ ਨੇ ਕਿਹਾ ਕਿ ਮੇਰੇ ਮੁਅੱਲਿਮ ਨੇ ਮੈਨੂੰ ਮਾਰਿਆ ਹੈ: (ਫ਼ਜਅਲਾ ਰਸੂਲੁੱਲਾਹੀ ਸੱਲੱਲਾਹੁ ਅਲੈਹੀ ਵਸੱਲਮ, ਫ਼ਿਦਾਅਹੁਮ ਅਨ ਯੁਅੱਲਿਮੂ ਅਵਲਾਦਲ ਅੰਸਾਰਲ ਕਿਤਾਬਾ। ਕਾਲ: ਫ਼ਜਾਅ ਗੁਲਾਮੁਨ ਯੌਮਨ ਯਬਕੀ ਇਲਾ ਅਬੀਹੀ, ਫ਼ਕਾਲ: ਮਾ ਸ਼ਾਨੁਕਾ? ਕਾਲ: ਜ਼ਰਾਬਨੀ ਮੁਅੱਲਿਮੀ (ਮੁਸਨਦ ਅਹਿਮਦ, ਹਦੀਸ ਨੰਬਰ 2216)।

ਇਹ ਕੈਦੀ ਸਭ ਦੇ ਸਭ ਇਸਲਾਮ ਦੇ ਦੁਸ਼ਮਣ ਸਨ। ਉਹਨਾਂ ਨੂੰ ਛੱਡਣ ਵਿੱਚ ਇਹ ਖ਼ਦਸ਼ਾ ਸੀ ਕਿ ਉਹ ਦੁਬਾਰਾ ਇਸਲਾਮ ਦੇ ਖਿਲਾਫ ਮਸਲਾ ਬਣਨਗੇ। ਇਸ ਦੇ ਬਾਵਜੂਦ ਉਹਨਾਂ ਨੂੰ ਤਾਲੀਮ ਦੀ ਕੀਮਤ ’ਤੇ ਛੱਡ ਦਿੱਤਾ ਗਿਆ। ਇਸ ਤੋਂ ਮਤਲਬ ਨਿਕਲਿਆ ਕਿ ਤਾਲੀਮ ਦੀ ਅਹਿਮੀਅਤ ਇਸਲਾਮ ਵਿੱਚ ਇੰਨੀ ਜ਼ਿਆਦਾ ਹੈ ਕਿ ਹਰ ਖ਼ਦਸ਼ੇ ਨੂੰ ਨਜ਼ਰਅੰਦਾਜ਼ ਕਰਕੇ ਇਸ ਨੂੰ ਹਾਸਲ ਕਰਨਾ ਚਾਹੀਦਾ ਹੈ।

# ਇਸ ਨੂੰ ਸਕੂਲ ਤੋਂ ਕੱਢ ਦਿੱਤਾ ਗਿਆ ਸੀ

ਪ੍ਰੋਫੈਸਰ ਅਲਬਰਟ ਆਈਨਸਟਾਈਨ (1879-1955) ਨੇ 20ਵੀਂ ਸਦੀ ਦੀ ਸਾਇੰਸ ਵਿੱਚ ਬਹੁਤ ਵੱਡਾ ਇਨਕਲਾਬ ਲਿਆਂਦਾ। ਪਰ ਉਸ ਦੀ ਜ਼ਿੰਦਗੀ ਦੀ ਸ਼ੁਰੂਆਤ ਬਹੁਤ ਹੀ ਮਾਮੂਲੀ ਸੀ। ਤਿੰਨ ਸਾਲ ਦੀ ਉਮਰ ਤੱਕ ਉਹ ਬੋਲਣਾ ਸ਼ੁਰੂ ਨਾ ਕਰ ਸਕਿਆ। ਉੱਪਰੋਂ ਵੇਖਣ ਨੂੰ ਉਹ ਇੱਕ ਮਾਮੂਲੀ ਬਾਪ ਦਾ ਮਾਮੂਲੀ ਬੱਚਾ ਸੀ। ਨੌਂ ਸਾਲ ਦੀ ਉਮਰ ਤੱਕ ਉਹ ਬਿਲਕੁਲ ਆਮ ਬੱਚਾ ਲੱਗਦਾ ਸੀ। ਸਕੂਲ ਦੀ ਪੜ੍ਹਾਈ ਵੇਲੇ ਉਸ ਨੂੰ ਇੱਕ ਵਾਰ ਸਕੂਲ ਵਿੱਚੋਂ ਕੱਢ ਦਿੱਤਾ ਗਿਆ। ਕਿਉਂਕਿ

ਉਸ ਦੇ ਅਧਿਆਪਕਾਂ ਦਾ ਖਿਆਲ ਸੀ ਕਿ ਆਪਣੀ ਵਿੱਦਿਅਕ ਨਾਕਾਬਲੀਅਤ ਕਰਕੇ ਉਹ ਦੂਜੇ ਵਿਦਿਆਰਥੀਆਂ ’ਤੇ ਬੁਰਾ ਅਸਰ ਪਾਉਂਦਾ ਹੈ। ਜ਼ਿਊਰਿਖ ਦੇ ਪੌਲੀਟੈਕਨਿਕ ਵਿੱਚ ਉਸ ਨੂੰ ਪਹਿਲੀ ਵਾਰ ਦਾਖਲਾ ਨਾ ਮਿਲ ਸਕਿਆ ਕਿਉਂਕਿ ਅਜ਼ਮਾਇਸ਼ੀ ਇਮਤਿਹਾਨ ਵਿੱਚ ਉਸ ਦੇ ਨੰਬਰ ਬਹੁਤ ਘੱਟ ਸਨ। ਚੁਨਾਂਚਿ ਉਸ ਨੇ ਹੋਰ ਤਿਆਰੀ ਕਰਕੇ ਅਗਲੇ ਸਾਲ ਦਾਖਲਾ ਲਿਆ। ਉਸ ਦੇ ਇੱਕ ਅਧਿਆਪਕ ਨੇ ਉਸ ਦੇ ਬਾਰੇ ਵਿੱਚ ਕਿਹਾ:

Al-bert was a lazy dog.
ਅਲਬਰਟ ਇੱਕ ਸੁਸਤ ਕੁੱਤਾ ਸੀ।

20 ਸਾਲ ਦੀ ਉਮਰ ਤੱਕ ਅਲਬਰਟ ਆਈਨਸਟਾਈਨ ਵਿੱਚ ਕੋਈ ਗੈਰ-ਮਾਮੂਲੀ ਲੱਛਣ ਨਜ਼ਰ ਨਹੀਂ ਆਉਂਦੇ ਸਨ। ਪਰ ਇਸ ਤੋਂ ਬਾਅਦ ਉਸ ਨੇ ਮਿਹਨਤ ਸ਼ੁਰੂ ਕੀਤੀ ਤਾਂ ਉਹ ਉਸ ਬੁਲੰਦੀ ਤੱਕ ਪਹੁੰਚਿਆ ਜੋ ਮੌਜੂਦਾ ਜ਼ਮਾਨੇ ਵਿੱਚ ਸ਼ਾਇਦ ਹੀ ਕਿਸੇ ਦੂਜੇ ਸਾਇੰਸਦਾਨ ਨੂੰ ਹਾਸਲ ਹੋਈ।

ਇਸੇ ਬੁਨਿਆਦ ’ਤੇ ਇਸ ਦੇ ਇਕ ਸਵਾਨਹ ਨਿਗਾਰ ਨੇ ਲਿਖਿਆ ਹੈ:

We could take heart that it is not necessary to be a good student to become Einstein.

ਸਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਆਈਨਸਟਾਈਨ ਬਣਨ ਲਈ ਇਹ ਜ਼ਰੂਰੀ ਨਹੀਂ ਹੈ ਕਿ ਬੰਦਾ ਵਿਦਿਆਰਥੀ ਜ਼ਮਾਨੇ ਵਿੱਚ ਨਾਮੀ ਰਿਹਾ ਹੋਵੇ। ਆਈਨਸਟਾਈਨ ਨੇ ਆਪਣੀ ਪਹਿਲੀ ਸਾਇੰਸੀ ਕਿਤਾਬ ਉਸ ਵੇਲੇ ਛਾਪੀ ਜਦੋਂ ਉਸ ਦੀ ਉਮਰ 26 ਸਾਲ ਸੀ। ਇਸ ਤੋਂ ਬਾਅਦ ਉਸ ਦੀ ਪ੍ਰਸਿੱਧੀ ਵਧਦੀ ਹੀ ਗਈ। ਆਈਨਸਟਾਈਨ ਦੀ ਜ਼ਿੰਦਗੀ ਬਿਲਕੁਲ ਸਾਦੀ ਸੀ। ਉਹ ਬਹੁਤ ਹੀ ਸਾਦਾ ਭੋਜਨ ਖਾਂਦਾ ਸੀ। ਉਹ ਅਕਸਰ ਅੱਧੀ ਰਾਤ ਤੱਕ ਆਪਣੇ ਕੰਮ ਵਿੱਚ ਮਸਰੂਫ ਰਹਿੰਦਾ ਸੀ। ਉਸ ਨੂੰ ਇਜ਼ਰਾਈਲ ਦੇ ਰਾਸ਼ਟਰਪਤੀ ਦੀ ਪਦਵੀ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਉਸ ਨੇ ਇਨਕਾਰ ਕਰ ਦਿੱਤਾ। ਉਸ ਦਾ ਕਹਿਣਾ ਸੀ ਕਿ ਸਿਆਸਤ ਇਨਸਾਨੀਅਤ ਦਾ ਕੈਂਸਰ ਹੈ। 1933 ਵਿੱਚ ਉਸ ਨੇ ਹਿਟਲਰ ਦੇ ਜਰਮਨੀ ਨੂੰ ਛੱਡ ਦਿੱਤਾ ਸੀ। ਹਿਟਲਰ ਦੀ ਹਕੂਮਤ ਨੇ ਐਲਾਨ ਕੀਤਾ ਸੀ ਕਿ ਜੋ ਸ਼ਖ਼ਸ ਆਈਨਸਟਾਈਨ ਦਾ ਸਿਰ ਕੱਟ ਕੇ ਲਿਆਵੇਗਾ ਉਸ ਨੂੰ 20 ਹਜ਼ਾਰ

ਮਾਰਕ ਇਨਾਮ ਦਿੱਤਾ ਜਾਵੇਗਾ। ਉਸ ਜ਼ਮਾਨੇ ਵਿੱਚ ਇਹ ਰਕਮ ਬਹੁਤ ਜ਼ਿਆਦਾ ਸੀ। ਪਰ ਆਈਨਸਟਾਈਨ ਦੀ ਮਹਾਨਤਾ ਲੋਕਾਂ ਦੇ ਦਿਲਾਂ ਵਿੱਚ ਇੰਨੀ ਜ਼ਿਆਦਾ ਸੀ ਕਿ ਕੋਈ ਇਸ ਇਨਾਮ ਨੂੰ ਹਾਸਲ ਕਰਨ ਦੀ ਹਿੰਮਤ ਨਾ ਕਰ ਸਕਿਆ। (17 ਅਕਤੂਬਰ 1979)

ਇਤਿਹਾਸ ਵਿੱਚ ਇਸ ਤਰ੍ਹਾਂ ਦੀਆਂ ਬਹੁਤ ਮਿਸਾਲਾਂ ਹਨ ਜੋ ਦੱਸਦੀਆਂ ਹਨ ਕਿ ਵੱਡਾ ਇਨਸਾਨ ਬਣਨ ਲਈ ਵੱਡਾ ਬੱਚਾ ਪੈਦਾ ਹੋਣਾ ਜ਼ਰੂਰੀ ਨਹੀਂ। ਮਾਮੂਲੀ ਹੈਸੀਅਤ ਤੋਂ ਸ਼ੁਰੂਆਤ ਕਰਕੇ ਬੰਦਾ ਵੱਡੀਆਂ-ਵੱਡੀਆਂ ਕਾਮਯਾਬੀਆਂ ਹਾਸਲ ਕਰ ਸਕਦਾ ਹੈ, ਬਸ਼ਰਤੇ ਉਹ ਮਿਹਨਤ ਦੀਆਂ ਸ਼ਰਤਾਂ ਨੂੰ ਪੂਰਾ ਕਰੇ। ਬਲਕਿ ਉਹ ਲੋਕ ਜ਼ਿਆਦਾ ਖੁਸ਼ਕਿਸਮਤ ਹਨ ਜਿਨ੍ਹਾਂ ਨੂੰ ਮੁਸ਼ਕਲ ਮੌਕਿਆਂ ’ਤੇ ਜ਼ਿੰਦਗੀ ਦਾ ਸਬੂਤ ਦੇਣਾ ਪਵੇ। ਕਿਉਂਕਿ ਮੁਸ਼ਕਲ ਹਾਲਾਤ ਅਮਲ ਦਾ ਮੂਲ ਹੁੰਦੇ ਹਨ। ਉਹ ਬੰਦੇ ਦੇ ਅੰਦਰ ਛੁਪੀਆਂ ਹੋਈਆਂ ਕਾਬਲੀਅਤਾਂ ਨੂੰ ਜਗਾ ਦਿੰਦੇ ਹਨ। ਨਾਲੇ ਜ਼ਿੰਦਗੀ ਦੇ ਬਿਹਤਰੀਨ ਸਬਕ ਹਮੇਸ਼ਾ ਮੁਸ਼ਕਲ ਹਾਲਾਤ ਵਿੱਚ ਹੀ ਮਿਲਦੇ ਹਨ। ਉੱਚਾ ਇਨਸਾਨ ਸੁੱਖ-ਸਹੂਲਤਾਂ ਵਿੱਚ ਨਹੀਂ ਬਲਕਿ ਮੁਸ਼ਕਲਾਂ ਵਿੱਚ ਤਿਆਰ ਹੁੰਦਾ ਹੈ। ਹਕੀਕਤ ਇਹ ਹੈ ਕਿ ਰੱਬ ਦੀ ਇਸ ਦੁਨੀਆ ਵਿੱਚ ਸੰਭਾਵਨਾਵਾਂ ਦੀ ਕੋਈ ਸੀਮਾ ਨਹੀਂ ਹੈ। ਇੱਥੇ ਕਿਸੇ ਨੂੰ ਆਪਣੇ ਅਮਲ ਲਈ ਮਾਮੂਲੀ ਸ਼ੁਰੂਆਤ ਮਿਲੇ ਤਾਂ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਮਾਮੂਲੀ ਹਾਲਾਤ ਹੀ ਵੱਡੇ ਹਾਲਾਤਾਂ ਦਾ ਰਾਹ ਖੋਲ੍ਹਦੇ ਹਨ।

ਜ਼ਿੰਦਗੀ ਦੀਆਂ ਸਭ ਤੋਂ ਮਜ਼ਬੂਤ ਪੌੜੀਆਂ ਹਨ। ਇਤਿਹਾਸ ਦੀਆਂ ਬਹੁਤੀਆਂ ਵੱਡੀਆਂ ਕਾਮਯਾਬੀਆਂ ਸਾਧਾਰਨ ਹਾਲਾਤਾਂ ਦੇ ਅੰਦਰੋਂ ਹੀ ਨਿਕਲੀਆਂ ਹਨ।

ਸਿੱਖਿਆ ਵੱਲ ਬੀ.ਬੀ.ਸੀ. ਲੰਡਨ ਦੇ ਉਰਦੂ ਵਿਭਾਗ ਦੀ ਇੱਕ ਟੀਮ ਨੇ ਇੰਡੀਆ ਦੀ ਰਿਆਸਤ ਗੁਜਰਾਤ ਦਾ ਦੌਰਾ ਕੀਤਾ। ਉੱਥੇ ਉਸ ਨੇ ਖਾਸ ਕਰਕੇ ਗੁਜਰਾਤ ਦੇ ਮੁਸਲਮਾਨਾਂ ਨਾਲ ਮੁਲਾਕਾਤ ਕੀਤੀ ਅਤੇ ਇਸ ਵਿਸ਼ੇ ’ਤੇ ਇੱਕ ਰਿਪੋਰਟ ਤਿਆਰ ਕੀਤੀ। ਇਸ ਰਿਪੋਰਟ ਦਾ ਇੱਕ ਹਿੱਸਾ ਮੈਂ 22 ਜੁਲਾਈ 2004 ਨੂੰ ਬੀ.ਬੀ.ਸੀ. ਲੰਡਨ ਦੇ ਇੱਕ ਪ੍ਰਸਾਰਣ ਵਿੱਚ ਸੁਣਿਆ। ਇਸ ਪ੍ਰਸਾਰਣ ਵਿੱਚ ਦੱਸਿਆ ਗਿਆ ਸੀ ਕਿ ਰਿਆਸਤ ਵਿੱਚ ਪਿਛਲੇ ਫਿਰਕੂ ਦੰਗੇ ਫਰਵਰੀ-ਮਾਰਚ 2002 ਤੋਂ ਬਾਅਦ ਗੁਜਰਾਤ ਦੇ ਮੁਸਲਮਾਨਾਂ ਵਿੱਚ ਵੱਡੇ ਪੱਧਰ ’ਤੇ ਇੱਕ

ਨਵਾਂ ਰੁਝਾਨ ਪੈਦਾ ਹੋਇਆ ਹੈ। ਹੁਣ ਇੱਥੋਂ ਦਾ ਹਰ ਮੁਸਲਮਾਨ ਸਿੱਖਿਆ ਬਾਰੇ ਸੋਚਦਾ ਹੈ। ਹਰ ਕੋਈ ਇਹ ਕਹਿ ਰਿਹਾ ਹੈ ਕਿ ਆਪਣੇ ਬੱਚਿਆਂ ਨੂੰ ਪੜ੍ਹਾਓ।

ਇਹ ਇੱਕ ਨਵਾਂ ਰੁਝਾਨ ਹੈ। 1947 ਤੋਂ ਬਾਅਦ ਹਿੰਦੁਸਤਾਨੀ ਮੁਸਲਮਾਨਾਂ ਵਿੱਚ ਲਗਾਤਾਰ ਇੱਕੋ ਜਿਹੀ ਮਾਨਸਿਕਤਾ ਦੇਖੀ ਜਾ ਰਹੀ ਸੀ। ਉਹ ਸੀ ਸ਼ਿਕਾਇਤ ਅਤੇ ਰੋਸ ਦੀ ਮਾਨਸਿਕਤਾ, ਅਤੇ ਤਸ਼ੱਦਦ ਦਾ ਜਵਾਬ ਤਸ਼ੱਦਦ ਨਾਲ ਦੇਣਾ। ਅੱਧੀ ਸਦੀ ਤੋਂ ਵੱਧ ਸਮੇਂ ਦੇ ਤਜ਼ਰਬੇ ਤੋਂ ਬਾਅਦ ਇਹ ਨਜ਼ਰੀਆ ਨਾਕਾਮ ਸਾਬਤ ਹੋਇਆ। ਹੁਣ ਪਹਿਲੀ ਵਾਰ ਮੁਸਲਮਾਨਾਂ ਵਿੱਚ ਇਹ ਸੋਚ ਪੈਦਾ ਹੋਈ ਹੈ ਕਿ ਜਵਾਬੀ ਮਾਨਸਿਕਤਾ ਦੇ ਤਹਿਤ ਸੋਚਣਾ ਅਤੇ ਮਾੜੇ ਅਤੀਤ ਦੀਆਂ ਕੌੜੀਆਂ ਯਾਦਾਂ ਵਿੱਚ ਜਿਉਣਾ ਇੱਕ ਬੇਫਾਇਦਾ ਕੰਮ ਹੈ। ਹੁਣ ਉਹ ਪਹਿਲੀ ਵਾਰ ਪਿੱਛਾ ਛੱਡ ਕੇ ਅੱਗੇ ਵੱਲ ਸੋਚ ਰਹੇ ਹਨ। ਉਹ ਬਦਲੇ ਦੀ ਬਜਾਏ ਉਸਾਰੀ ਦਾ ਨਜ਼ਰੀਆ ਅਪਣਾ ਰਹੇ ਹਨ। ਇਸ ਨਵੇਂ ਰੁਝਾਨ ਨੂੰ ਇੱਕ ਵਾਕ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ—ਅਤੀਤ ਨੂੰ ਭੁੱਲ ਜਾਓ, ਬੱਚਿਆਂ ਨੂੰ ਪੜ੍ਹਾਓ। 1947 ਤੋਂ ਬਾਅਦ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਦੇ ਨਤੀਜੇ ਵਜੋਂ ਸਾਰੇ ਹਿੰਦੂਸਤਾਨੀ ਮੁਸਲਮਾਨ ਪ੍ਰਤੀਕਿਰਿਆ ਵਾਲੀ ਮਾਨਸਿਕਤਾ ਦਾ ਸ਼ਿਕਾਰ ਹੋ ਗਏ ਸਨ। ਲਿਖਾਰੀ ਨੇ ਪਹਿਲੀ ਵਾਰ ਮੁਸਲਮਾਨਾਂ ਨੂੰ ਇਹ ਦੱਸਣਾ ਸ਼ੁਰੂ ਕੀਤਾ ਕਿ ਜ਼ਿੰਦਗੀ ਦੀ ਕਾਮਯਾਬੀ ਦਾ ਭੇਤ ਉਸਾਰੂ ਸੋਚ ਵਿੱਚ ਹੈ, ਨਾ ਕਿ ਨਕਾਰਾਤਮਕ ਸੋਚ ਵਿੱਚ।

1965 ਵਿੱਚ ਇਹ ਕੋਸ਼ਿਸ਼ ਮੈਂ ਲਖਨਊ ਦੇ ਹਫਤਾਵਾਰੀ ਰੋਜ਼ਾਨਾ 'ਨਿਦਾਏ ਮਿੱਲਤ' ਰਾਹੀਂ ਸ਼ੁਰੂ ਕੀਤੀ। ਇਸ ਤੋਂ ਬਾਅਦ 1967 ਤੋਂ ਇਹ ਕੰਮ ਦਿੱਲੀ ਦੇ ਹਫ਼ਤਾਵਾਰੀ 'ਅਲ-ਜਮੀਅਤ' ਰਾਹੀਂ ਜਾਰੀ ਰਿਹਾ। ਇਸ ਤੋਂ ਬਾਅਦ 1976 ਵਿੱਚ ਮੈਂ ਦਿੱਲੀ ਤੋਂ ਮਾਸਿਕ ਰਸਾਲਾ 'ਅਲ-ਰਿਸਾਲਾ' ਜਾਰੀ ਕੀਤਾ, ਫਿਰ ਜ਼ਿਆਦਾ ਜਥੇਬੰਦਕ ਤਰੀਕੇ ਨਾਲ ਇਸ ਕੰਮ ਨੂੰ ਕਰਨ ਲੱਗਾ। ਇਸ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਲਗਾਤਾਰ ਇਸ ਦੀ ਹਮਾਇਤ ਵਿੱਚ ਲੇਖ ਛਪਵਾਏ। ਪੂਰੇ ਦੇਸ਼ ਵਿੱਚ ਸਫ਼ਰ ਕਰਕੇ ਜਲਸਿਆਂ ਅਤੇ ਇਕੱਠਾਂ ਦੇ ਰੂਪ ਵਿੱਚ ਇਸ ਉਸਾਰੂ ਸੁਨੇਹੇ ਨੂੰ ਮੁਸਲਮਾਨਾਂ ਤੱਕ ਪਹੁੰਚਾਇਆ।

ਇਹ ਨਜ਼ਰੀਆ ਮੁਸਲਮਾਨਾਂ ਲਈ ਅਣਜਾਣ ਜਿਹਾ ਸੀ। ਇੱਕ ਅਰਬੀ ਕਹਾਵਤ ਹੈ: ਅਲ-ਨਾਸੁ ਅਦਾਉ ਮਾ ਜਹਿਲੂ (ਲੋਕ ਉਸ ਚੀਜ਼

ਦੇ ਦੁਸ਼ਮਣ ਬਣ ਜਾਂਦੇ ਹਨ, ਜਿਸ ਬਾਰੇ ਉਹ ਨਹੀਂ ਜਾਣਦੇ)। ਚੁਣਾਂਚਿ ਸ਼ੁਰੂਆਤੀ ਤੌਰ ’ਤੇ ਮੁਸਲਮਾਨਾਂ ਵਿੱਚ ਇਸ ਦੀ ਵਿਰੋਧਤਾ ਹੋਣ ਲੱਗੀ। ਉਹ ਸਬਰ ਅਤੇ ਟਾਲਣ ਦੇ ਨਜ਼ਰੀਏ ਨੂੰ ਦੁਸ਼ਮਣ ਦੀ ਚਾਲ ਸਮਝਣ ਲੱਗੇ। ਪਰ ਲਗਾਤਾਰ ਤਜ਼ਰਬੇ ਤੋਂ ਬਾਅਦ ਹੁਣ ਉਨ੍ਹਾਂ ਦੀ ਅੱਖ ਖੁੱਲ੍ਹ ਗਈ ਹੈ। ਹੁਣ ਨਾ ਸਿਰਫ਼ ਗੁਜਰਾਤ ਸਗੋਂ ਸਾਰੇ ਦੇਸ਼ ਵਿੱਚ ਮੁਸਲਮਾਨਾਂ ਦੀ ਸੋਚ ਬਦਲ ਚੁੱਕੀ ਹੈ। ਉਹ ਜਾਣ ਚੁੱਕੇ ਹਨ ਕਿ ਦੂਜਿਆਂ ਨੂੰ ਦੋਸ਼ ਦੇਣਾ ਸਰਾਸਰ ਬੇਫਾਇਦਾ ਕੰਮ ਹੈ। ਸਹੀ ਇਹ ਹੈ ਕਿ ਸਾਰੀ ਤਾਕਤ ਆਪਣੀ ਉਸਾਰੀ ਅਤੇ ਮਜ਼ਬੂਤੀ ’ਤੇ ਲਗਾਈ ਜਾਵੇ।

ਇਹ ਬਿਨਾਂ ਸ਼ੱਕ ਇੱਕ ਸਿਹਤਮੰਦ ਰੁਝਾਨ ਹੈ। ਵਿਗਿਆਨਕ ਕ੍ਰਾਂਤੀ ਤੋਂ ਬਾਅਦ ਦੁਨੀਆ ਵਿੱਚ ਮੁਕੰਮਲ ਤੌਰ ’ਤੇ ਇੱਕ ਨਵਾਂ ਯੁੱਗ ਆ ਗਿਆ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਤਲਵਾਰ ਵਿੱਚ ਤਾਕਤ ਹੈ (ਹਰ ਕਿ ਸ਼ਮਸ਼ੀਰ ਜ਼ਨਦ ਸਿੱਕਾ ਬੇ-ਨਾਮਸ਼ ਖੁਆਨੰਦ)। ਪਰ ਹੁਣ ਹਰ ਸਮਝਦਾਰ ਬੰਦਾ ਜਾਣਦਾ ਹੈ ਕਿ ਤਾਕਤ ਦਾ ਰਾਜ਼ ਗਿਆਨ ਹੈ। ਪਹਿਲਾਂ ਜੇਕਰ ਦੁਨੀਆ ਵਿੱਚ ਤਲਵਾਰ ਵਾਲਿਆਂ ਦਾ ਦਬਦਬਾ ਹੁੰਦਾ ਸੀ, ਤਾਂ ਹੁਣ ਦੁਨੀਆ ਵਿੱਚ ਗਲਬਾ ਉਨ੍ਹਾਂ ਲੋਕਾਂ ਦੇ ਹਿੱਸੇ ਆ ਚੁੱਕਾ ਹੈ, ਜੋ ਗਿਆਨਵਾਨ ਹਨ।


ਇਹ ਦੁਨੀਆ ਮੁਕਾਬਲੇ ਦੀ ਦੁਨੀਆ ਹੈ। ਇੱਥੇ ਹਮੇਸ਼ਾ ਅਜਿਹਾ ਹੋਵੇਗਾ ਕਿ ਦੂਜਿਆਂ ਵੱਲੋਂ ਤੁਹਾਨੂੰ ਕੌੜੇ ਤਜ਼ਰਬੇ ਮਿਲਣਗੇ, ਆਪਣਿਆਂ ਵੱਲੋਂ ਵੀ ਅਤੇ ਬੇਗਾਨਿਆਂ ਵੱਲੋਂ ਵੀ। ਉਹ ਬੰਦਾ ਨਾਦਾਨ ਹੈ ਜੋ ਕੌੜੀਆਂ ਯਾਦਾਂ ਵਿੱਚ ਜਿਉਂਦਾ ਹੈ। ਸਿਆਣਾ ਉਹ ਹੈ ਜੋ ਕੌੜੀਆਂ ਯਾਦਾਂ ਨੂੰ ਭੁਲਾ ਕੇ ਅਤੇ ਸਬਰ-ਸੰਤੋਖ ਦਾ ਤਰੀਕਾ ਅਪਣਾ ਕੇ ਭਵਿੱਖ ਦੀ ਉਸਾਰੀ ਵਿੱਚ ਆਪਣਾ ਸਮਾਂ ਲਗਾਵੇ।

ਸਿੱਖਿਆ ਦਾ ਮਤਲਬ ਸਿਰਫ਼ ਨੌਕਰੀ ਹਾਸਲ ਕਰਨਾ ਨਹੀਂ ਹੈ। ਸਿੱਖਿਆ ਦਾ ਅਸਲ ਮਕਸਦ ਇਹ ਹੈ ਕਿ ਲੋਕਾਂ ਨੂੰ ਸੂਝਵਾਨ ਬਣਾਇਆ ਜਾਵੇ। ਇਸ ਦੁਨੀਆ ਵਿੱਚ ਸਾਰੀਆਂ ਮੁਸ਼ਕਿਲਾਂ ਦੀ ਜੜ੍ਹ ਬੇ-ਸਮਝੀ ਹੈ, ਅਤੇ ਸਾਰੇ ਮਸਲਿਆਂ ਦਾ ਹੱਲ ਇਹ ਹੈ ਕਿ ਲੋਕ ਸੂਝਵਾਨ ਹੋਣ। ਉਹ ਮਸਲਿਆਂ ਦੀ ਅਸਲ ਨੋਈਅਤ ਨੂੰ ਸਮਝਣ। ਉਹ ਹਾਲਾਤਾਂ ਦਾ ਨਿਰਪੱਖ ਵਿਸ਼ਲੇਸ਼ਣ ਕਰ ਸਕਣ। ਉਹ ਇਸ ਗੱਲ ਨੂੰ ਜਾਣ ਲੈਣ ਕਿ ਦੁਨੀਆ ਵਿੱਚ ਕਿਹੜੀ ਚੀਜ਼ ਹਾਸਲ ਕਰਨ ਦੇ ਯੋਗ ਹੈ, ਅਤੇ ਉਹ ਕਿਹੜੀ ਚੀਜ਼ ਹੈ ਜਿਸ ਨੂੰ ਹਾਸਲ ਕਰਨਾ ਸੰਭਵ ਹੀ ਨਹੀਂ।

ਸਿੱਖਿਆ ਬੰਦੇ ਨੂੰ ਅਗਿਆਨਤਾ ਵਿੱਚੋਂ ਕੱਢਦੀ ਹੈ ਅਤੇ ਉਸ ਦੇ ਅੰਦਰ ਸੂਝ–ਬੂਝ ਦਾ ਗੁਣ ਪੈਦਾ ਕਰਦੀ ਹੈ। ਇਸ ਦੁਨੀਆ ਦੀਆਂ ਸਾਰੀਆਂ ਕਾਮਯਾਬੀਆਂ ਬਿਨਾਂ ਸ਼ੱਕ ਪੜ੍ਹੇ–ਲਿਖੇ ਇਨਸਾਨ ਦੇ ਹਿੱਸੇ ਹੀ ਆਉਂਦੀਆਂ ਹਨ। ਸਿੱਖਿਆ ਤੋਂ ਬਿਨਾਂ ਕੋਈ ਤਰੱਕੀ ਮੁਮਕਿਨ ਨਹੀਂ।


ਮੈਂ ਜੋ ਕਹਿਣਾ ਚਾਹੁੰਦਾ ਹਾਂ, ਉਸ ਨੂੰ ਮਿਸਾਲ ਨਾਲ ਸਮਝੋ। ਤੁਹਾਡਾ ਇੱਕ ਮੁੰਡਾ ਹੈ। ਤੁਸੀਂ ਉਸ ਨੂੰ ਕਾਮਯਾਬ ਡਾਕਟਰ ਦੇਖਣਾ ਚਾਹੁੰਦੇ ਹੋ। ਤੁਸੀਂ ਕੀ ਕਰੋਗੇ? ਤੁਸੀਂ ਉਸ ਨੂੰ ਸਕੂਲ ਵਿੱਚ ਦਾਖਲ ਕਰਾਓਗੇ। ਬਾਇਓਲੋਜੀ ਦੇ ਨਾਲ ਹਾਈ ਸਕੂਲ ਕਰਾਓਗੇ। ਫਿਰ ਬੀ.ਐਸ.ਸੀ ਕਰਾਓਗੇ। ਫਿਰ ਉਸ ਨੂੰ ਐਮ.ਬੀ.ਬੀ.ਐਸ ਦੇ ਕੋਰਸ ਵਿੱਚ ਦਾਖਲ ਕਰਾਓਗੇ। ਫਿਰ ਤੁਹਾਡੀ ਕੋਸ਼ਿਸ਼ ਇਹ ਹੋਵੇਗੀ ਕਿ ਉਸ ਨੂੰ ਐਫ.ਆਰ.ਸੀ.ਐਸ ਕਰਨ ਲਈ ਲੰਡਨ ਭੇਜੋ। ਇਨ੍ਹਾਂ ਸਾਰੇ ਪੜਾਵਾਂ ਵਿੱਚੋਂ ਗੁਜ਼ਰਨ ਤੋਂ ਬਾਅਦ ਹੀ ਤੁਸੀਂ ਇਹ ਉਮੀਦ ਕਰ ਸਕਦੇ ਹੋ ਕਿ ਉਹ ਇੱਕ ਡਾਕਟਰ ਦੀ ਹੈਸੀਅਤ ਨਾਲ ਦੁਨੀਆ ਵਿੱਚ ਆਪਣੀ ਜਗ੍ਹਾ ਬਣਾਏ। ਤੁਹਾਡੇ ਵਿੱਚੋਂ ਕੋਈ ਵੀ ਸ਼ਖ਼ਸ ਅਜਿਹਾ ਨਹੀਂ ਕਰੇਗਾ ਕਿ ਉਹ ਆਪਣੇ ਲੜਕੇ ਨੂੰ ਇੰਝ ਹੀ ਛੱਡ ਦੇਵੇ ਕਿ ਉਹ ਖੇਡਦਾ–ਕੁੱਦਦਾ ਰਹੇ। ਇਸ ਤੋਂ ਬਾਅਦ ਜਦੋਂ ਉਹ 25 ਸਾਲਾਂ ਦਾ ਹੋ ਜਾਵੇ ਤਾਂ ਉਸ ਦਾ ਪਿਓ ਉਸ ਨੂੰ ਡਾਕਟਰ ਬਣਾਉਣ ਦੇ ਹੱਕ ਵਿੱਚ ਜੋਸ਼ੀਲੀਆਂ ਤਕਰੀਰਾਂ ਸ਼ੁਰੂ ਕਰ ਦੇਵੇ, ਉਹ ਹਕੂਮਤ ਨੂੰ ਤਾਰਾਂ ਭੇਜੇ ਕਿ ਮੇਰੇ ਲੜਕੇ ਨੂੰ ਹਸਪਤਾਲ ਵਿੱਚ ਸਰਜਨ ਨਿਯੁਕਤ ਕਰੋ। ਜਾਂ ਇਹ ਕਿ ਉਸ ਨੂੰ 'ਪੱਛੜਿਆ ਹੋਇਆ' ਕਰਾਰ ਦੇ ਕੇ ਡਿਗਰੀ ਤੋਂ ਬਿਨਾਂ ਹੀ ਡਾਕਟਰ ਮੰਨ ਲਵੋ। ਤੁਹਾਡੇ ਵਿੱਚੋਂ ਹਰ ਸ਼ਖਸ ਚੰਗੀ ਤਰ੍ਹਾਂ ਜਾਣਦਾ ਹੈ ਕਿ ਡਾਕਟਰ ਬਣਨ ਲਈ ਜ਼ਰੂਰੀ ਹੈ ਕਿ ਉਸ ਦਾ ਲੜਕਾ ਵਿੱਦਿਅਕ ਅਤੇ ਸਿਖਲਾਈ ਕੋਰਸ ਨੂੰ ਪੂਰਾ ਕਰੇ। ਮਹਿਜ਼ ਮੰਗ ਕਰਨ ਨਾਲ ਕੋਈ ਸ਼ਖਸ ਕਦੇ ਡਾਕਟਰ ਨਹੀਂ ਬਣ ਸਕਦਾ। ਇਹ ਦੁਨੀਆ ਹੱਕਦਾਰੀ ਦੀ ਦੁਨੀਆ ਹੈ, ਮੰਗਾਂ ਦੀ ਦੁਨੀਆ ਨਹੀਂ।


ਇਨਸਾਨ ਦੀ ਔਲਾਦ ਇਨਸਾਨ ਦਾ ਐਕਸਟੈਂਸ਼ਨ (ਏਣਟਏਨਸੋਨਿ) ਹੈ। ਹਰ ਆਦਮੀ ਨੂੰ ਇਹ ਮੌਕਾ ਮਿਲਦਾ ਹੈ ਕਿ ਉਹ ਆਪਣੀ ਔਲਾਦ ਰਾਹੀਂ ਆਪਣੇ ਸਿਲਸਿਲੇ ਨੂੰ ਕਾਇਮ ਰੱਖੇ। ਪਰ ਇਹ ਕੰਮ ਸਿਰਫ਼ ਦਾਨਿਸ਼ਮੰਦਾਨਾ ਪਲਾਨਿੰਗ ਨਾਲ ਹੋ ਸਕਦਾ ਹੈ, ਜਜ਼ਬਾਤੀ ਖੁਸ਼ਫਹਿਮੀਆਂ ਨਾਲ ਨਹੀਂ।





ਮੌਲਾਨਾ ਵਹੀਦੁਦੀਨ ਖ਼ਾਨ (1925–2021) ਇਕ ਇਸਲਾਮੀ ਵਿਦਵਾਨ, ਆਧਿਆਤਮਿਕ ਆਗੂ ਅਤੇ ਅਮਨ ਪਸੰਦ ਸਨ। ਵਿਸ਼ਵ ਸ਼ਾਂਤੀ ਹਿੱਤ ਕੀਤੇ ਬੇਅੰਤ ਕਾਰਜਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧੀ ਮਿਲੀ। ਮੌਲਾਨਾ ਜੀ ਨੇ 200 ਤੋਂ ਵੱਧ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ ਇਸਲਾਮ ਦੀ ਆਤਮਕ ਸਿਆਣਪ, ਪੈਗ਼ੰਬਰ ਮੁਹੰਮਦ ਦੇ ਅਹਿੰਸਕ ਰੁਖ, ਆਧੁਨਿਕਤਾ ਨਾਲ ਇਸਲਾਮ ਦੇ ਸੰਬੰਧ ਅਤੇ ਹੋਰ ਸਮਕਾਲੀ ਵਿਸ਼ਿਆਂ ’ਤੇ ਵਿਚਾਰ ਪ੍ਰਗਟ ਕੀਤੇ ਗਏ ਹਨ। ਉਨ੍ਹਾਂ ਵੱਲੋਂ ਕੀਤਾ ਕੁਰਾਨ ਦਾ ਅੰਗਰੇਜ਼ੀ ਅਨੁਵਾਦ ਆਪਣੀ ਸਧਾਰਣਤਾ, ਸਪਸ਼ਟਤਾ ਅਤੇ ਆਸਾਨ ਸਮਝ ਲਈ ਵਿਸ਼ੇਸ਼ ਤੌਰ ’ਤੇ ਸਰਾਹਿਆ ਗਿਆ ਹੈ। ਉਨ੍ਹਾਂ ਨੇ 2001 ਵਿੱਚ ਸੈਂਟਰ ਫ਼ੋਰ ਪੀਸ ਐਂਡ ਸਪਿਰਿਚੁਐਲਿਟੀ ਇੰਟਰਨੈਸ਼ਨਲ ਦੀ ਸਥਾਪਨਾ ਕੀਤੀ ਸੀ ਤਾਂ ਜੋ ਅਮਨ-ਸ਼ਾਂਤੀ ਦੇ ਸਭਿਆਚਾਰ ਨੂੰ ਪ੍ਰਸਿੱਧ ਕੀਤਾ ਜਾ ਸਕੇ ਅਤੇ ਇਸਲਾਮ ਦਾ ਆਧਿਆਤਮਿਕ ਸੁਨੇਹਾ ਲੋਕਾਂ ਤੱਕ ਪਹੁੰਚਾਇਆ ਜਾ ਸਕੇ।


www.mwkhan.com www.cpsglobal.org





**www.goodwordbooks.com     www.cpsglobal.org**

# ਤਰਬੀਅਤ-ਏ-ਔਲਾਦ

"ਇਨਸਾਨ ਦੀ ਔਲਾਦ ਉਸ ਦੀ ਐਕਸਟੈਂਸ਼ਨ (extension) ਹੁੰਦੀ ਹੈ। ਹਰ ਆਦਮੀ ਨੂੰ ਇਹ ਮੌਕਾ ਮਿਲਦਾ ਹੈ ਕਿ ਉਹ ਆਪਣੀ ਔਲਾਦ ਦੇ ਜ਼ਰੀਏ ਆਪਣੇ ਤਸਲਸੁਲ (ਆਵੇਗ) ਨੂੰ ਕਾਇਮ ਰੱਖੇ। ਪਰ ਇਹ ਕੰਮ ਸਿਰਫ਼ ਸਿਆਣਪ ਭਰੀ ਪਲਾਨਿੰਗ ਨਾਲ ਹੀ ਹੋ ਸਕਦਾ ਹੈ, ਜਜ਼ਬਾਤੀ ਖੁਸ਼ਫਹਿਮੀਆਂ ਨਾਲ ਨਹੀਂ।"

PDF

Order

ISBN 978-93-49952-02-7
9 789349 952027

Goodword Books CPS International